ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 45 | 18 November 2020 to 24 November 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

23 ਕਵਰ ਸਟੋਰੀ
ਸੰਤ ਭਿੰਡਰਾਂਵਾਲੇ ਨੂੰ ਅਗਵਾ ਕਰਨ ਦੀ ਯੋਜਨਾ ਖ਼ੁਫ਼ੀਆ ਏਜੰਸੀ ਰਾਅ ਨੇ ਬਣਾਈ ਸੀ



30 ਵਿਸ਼ੇਸ਼ ਰਿਪੋਰਟ
ਚੋਣਾਂ ਲਈ ਭਾਜਪਾ ਨੇ ਪੰਜਾਬ ਲਈ ਨੀਤੀ ਕੀਤੀ ਤਿਆਰ



9 ਧਰਮ ਤੇ ਰਾਜਨੀਤੀ
ਸ਼੍ਰੋਮਣੀ ਕਮੇਟੀ ਸਥਾਪਨਾ ਦਾ ਸ਼ਤਾਬਦੀ ਵਰੇ ਦੇ ਸਮਾਗਮ ਸ਼ੁਰੂ



29 ਵਿਸ਼ੇਸ਼ ਰਿਪੋਰਟ
ਸੁਪਰੀਮ ਕੋਰਟ ਵੱਲੋਂ ਗੋਸਵਾਮੀ ਨੂੰ ਤੁਰੰਤ ਜ਼ਮਾਨਤ ਦੇਣ ਕਾਰਨ ਵਿਵਾਦ ਛਿੜਿਆ



# ਸਵਾਰੀ ਗੱਡੀਆਂ ਬਾਰੇ ਫੈਂਸਲਾ ਮਾਲ ਗੱਡੀਆਂ ਚੱਲਣ ਤੋਂ ਬਾਅਦ ਕਰਾਂਗੇ: ਕਿਸਾਨ ਜਥੇਬੰਦੀਆਂ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਸਰਕਾਰ ਦੇ ਕਿਸਾਨੀ ਵਿਰੋਧੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੀਆਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਅਹਿਮ ਇਕੱਤਰਤਾ ਬੁੱਧਵਾਰ ਨੂੰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇ ਕਿਸਾਨ ਭਵਨ ਵਿਚ ਹੋਈ। ਇਸ ਬੈਠਕ ਦੌਰਾਨ ਪੰਜਾਬ ਵਿਚ ਭਾਰਤੀ ਰੇਲ ਦੀਆਂ ਸਵਾਰੀ ਗੱਡੀਆਂ ਚਲਾਉਣ ਦਾ ਅਹਿਮ ਮਸਲਾ ਵਿਚਾਰਿਆ ਗਿਆ। ਬੈਠਕ ਤੋਂ ਬਾਅਦ ਕਿਸਾਨ ਆਗੂਆਂ ਨੇ ਪੱਤਰਕਾਰਾਂ ਨੂੰ ਸੰਬੋਧਨ ਹੁੰਦਿਆਂ ਦੱਸਿਆ ਕਿ ਪੰਜਾਬ ਦੇ ਕਿਸਾਨਾਂ ਨੇ ਮਾਲ ਗੱਡੀਆਂ ਲਈ ਪਟੜੀਆਂ ਖਾਲੀ ਕਰ ਦਿੱਤੀਆਂ ਸਨ ਪਰ ਭਾਰਤ ਦੀ ਸਰਕਾਰ ਵੱਲੋਂ ਗੱਡੀਆਂ ਚਲਾਉਣ ਦੀ ਕੋਈ ਪਹਿਲ ਨਹੀਂ ਕੀਤੀ ਗਈ।



ਕਿਸਾਨ ਆਗੂਆਂ ਨੇ ਕਿਹਾ ਕਿ ਜੇ ਭਾਰਤ ਸਰਕਾਰ ਪੰਜਾਬ ਵਿਚ ਮਾਲ ਗੱਡੀਆਂ ਚਲਾਉਂਦੀ ਹੈ ਤਾਂ ਕਿਸਾਨ ਜਥੇਬੰਦੀਆਂ ਤੁਰੰਤ ਬੈਠਕ ਕਰਕੇ ਸਵਾਰੀ ਗੱਡੀਆਂ ਬਾਰੇ ਵੀ ਫੈਂਸਲਾ ਲੈਣਗੀਆਂ। ਉਹਨਾਂ ਕਿਹਾ ਕਿ ਸਰਕਾਰ ਨੂੰ ਪਹਿਲਾਂ ਪੰਜਾਬ ਵਿਚ ਮਾਲ ਗੱਡੀਆਂ ਚਲਾਉਣੀਆਂ ਚਾਹੀਦੀਆਂ ਹਨ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਇਸ ਗੱਲ 'ਤੇ ਅੜੀ ਬੈਠੀ ਹੈ ਕਿ ਜਦੋਂ ਤਕ ਪੰਜਾਬ ਦੇ ਕਿਸਾਨ ਸਵਾਰੀ ਗੱਡੀਆਂ ਨਹੀਂ ਚੱਲਣ ਦਿੰਦੇ ਉਸ ਸਮੇਂ ਤਕ ਪੰਜਾਬ ਵਿਚ ਮਾਲ ਗੱਡੀਆਂ ਵੀ ਨਹੀਂ ਭੇਜੀਆਂ ਜਾਣਗੀਆਂ। ਕਿਸਾਨ ਜਥੇਬੰਦੀਆਂ ਨੇ ਜਿੱਥੇ ਪਹਿਲਾਂ ਸਰਕਾਰ ਨੂੰ ਝੁਕਾਉਣ ਲਈ ਰੇਲ ਪਟੜੀਆਂ ਬੰਦ ਕੀਤੀਆਂ ਸਨ, ਹੁਣ ਜਦੋਂ ਸੰਘਰਸ਼ ਚੱਲ ਰਿਹਾ ਹੈ ਤਾਂ ਕਿਸਾਨ ਜਥੇਬੰਦੀਆਂ ਦੇ ਆਗੂ ਸਰਕਾਰ ਨੂੰ ਖੁਦ ਰੇਲ ਗੱਡੀਆਂ ਚਲਾਉਣ ਲਈ ਕਹਿ ਰਹੇ ਹਨ।

ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਜਿਵੇਂ ਕਿਸਾਨਾਂ ਵੱਲੋਂ ਸੰਘਰਸ਼ ਚਲਾਏ ਜਾ ਰਹੇ ਹਨ, ਇਨ੍ਹਾਂ ਨੂੰ ਹੁਣ ਤੇਜ਼ ਕੀਤਾ ਜਾਵੇਗਾ ਅਤੇ ਕਿਸਾਨ 26-27 ਨਵੰਬਰ ਨੂੰ ਦਿੱਲੀ ਵਿਖੇ ਬਕਾਇਦਾ ਕੇਂਦਰ ਸਰਕਾਰ ਖ਼ਿਲਾਫ਼ ਧਰਨੇ ਲਾਉਣਗੇ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਜੋ ਮਰਜ਼ੀ ਪਾਬੰਦੀਆਂ ਲਾਵੇ, ਕਿਸਾਨ ਹਰ ਹੀਲੇ ਦਿੱਲੀ ਪੁੱਜਣਗੇ। ਉਨ੍ਹਾਂ ਕਿਹਾ ਕਿ ਕਰੋਨਾ ਦਾ ਬਹਾਨਾ ਲਾਕੇ ਕਿਸਾਨਾਂ ਦੇ ਸੰਘਰਸ਼ ਨੂੰ ਫੇਲ੍ਹ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਵਿਸ਼ੇਸ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਭਾਜਪਾ ਦਫ਼ਤਰਾਂ ਦੇ ਉਦਘਾਟਨੀ ਸਮਾਗਮਾਂ ਦਾ ਘਿਰਾਓ ਕੀਤਾ ਜਾਵੇਗਾ ਅਤੇ ਭਾਜਪਾ ਲੀਡਰਾਂ ਦਾ ਲਗਾਤਾਰ ਵਿਰੋਧ ਹੋਵੇਗਾ। ਇਸੇ ਦੌਰਾਨ ਉਨ੍ਹਾਂ ਦੱਸਿਆ ਕਿ ਆਲ ਇੰਡੀਆ ਕਿਸਾਨ ਜਥੇਬੰਦੀਆਂ ਵੱਲੋਂ ਨਿਯੁਕਤ ਕਿਸਾਨ ਮੋਰਚਾ ਬਣਾਇਆ ਗਿਆ ਹੈ, ਜਿਸ ਦੀ 19 ਨਵੰਬਰ ਨੂੰ ਮੀਟਿੰਗ ਹੋਵੇਗੀ, ਜਿਸ ਵਿੱਚ ਸਾਰੇ ਸੂਬਿਆਂ ਦੇ ਕਿਸਾਨ ਭਾਗ ਲੈਣਗੇ।

**ਦਿੱਲੀ ਪੁਲੀਸ ਨੇ ਕਿਸਾਨਾਂ ਨੂੰ ਰੈਲੀ ਕਰਨ ਦੀ ਆਗਿਆ ਨਾ ਦਿੱਤੀ**

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਦਿੱਲੀ ਪੁਲੀਸ ਨੇ ਕੌਮੀ ਰਾਜਧਾਨੀ ਦੇ ਰਾਮ ਲੀਲਾ ਗਰਾਊਂਡ ਵਿੱਚ ਰੈਲੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੱਲੀ ਦੇ ਕੇਂਦਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਪੁਲੀਸ ਨੇ ਸਰਬ ਭਾਰਤ ਕਿਸਾਨ ਸੰਘਰਸ਼ ਸਹਿਯੋਗ ਕਮੇਟੀ ਦੇ ਆਗੂ ਪ੍ਰੇਮ ਸਿੰਘ ਗਹਿਲਾਵਤ ਨੂੰ ਲਿਖੇ ਪੱਤਰ ਰਾਹੀਂ ਦਿੱਤੀ ਹੈ। ਪੁਲੀਸ ਵੱਲੋਂ ਕਿਹਾ ਗਿਆ ਹੈ ਕਿ ਕਾਨੂੰਨ ਵਿਵਸਥਾ, ਆਵਾਜਾਈ 'ਚ ਵਿਘਨ ਅਤੇ ਕਰੋਨਾਵਾਇਰਸ ਦੇ ਵਧਦੇ ਮਾਮਲਿਆਂ ਦੇ ਮੱਦੇਨਜ਼ਰ 15 ਤੋਂ 27 ਨਵੰਬਰ ਤੱਕ ਰਾਮ ਲੀਲਾ ਗਰਾਊਂਡ ਵਿੱਚ ਇਕੱਠੇ ਹੋਣ ਦੀ ਦਿੱਤੀ ਗਈ ਅਰਜ਼ੀ ਰੱਦ ਕੀਤੀ ਜਾਂਦੀ ਹੈ।

**ਕਿਸਾਨਾਂ ਵੱਲੋਂ ਦਿੱਲੀ ਚੱਲੋ ਲਈ ਲਾਮਬੰਦੀ**

26-27 ਨਵੰਬਰ ਨੂੰ ਦਿੱਲੀ ਚਲੋ ਦਾ ਪ੍ਰੋਗਰਾਮ ਹੈ। ਇਸ ਪ੍ਰੋਗਰਾਮ ਤਹਿਤ ਪਿੰਡਾਂ ਨੂੰ ਜਗਾਓ ਤੇ ਹਿਲਾਓ ਮੁਹਿਮ ਤਹਿਤ 21, 22 ਅਤੇ 23 ਨਵੰਬਰ ਨੂੰ ਦਿਨ ਵੇਲੇ ਔਰਤਾਂ ਤੇ ਸ਼ਾਮ ਨੂੰ ਨੌਜਵਾਨਾਂ ਵੱਲੋਂ ਮਸ਼ਾਲ ਮਾਰਚ ਕੱਢਕੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ।

# ਗਿਆਨੀ ਹਰਪ੍ਰੀਤ ਸਿੰਘ ਦੀ ਤਕਰੀਰ ਵਿਚੋਂ ਕਿਉਂ ਲੱਗਿਆ ਕਿ ਉਹ ਪੰਥ ਦੇ ਨਹੀਂ, ਇਕ ਧੜੇ ਦੇ ਜਥੇਦਾਰ ਹਨ ?

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸਿੱਖ ਜਗਤ ੨੦ਵੀਂ ਸਦੀ ਵਿਚ ਸਥਾਪਤ ਹੋਈ ਸਿੱਖਾਂ ਦੀ ਮਾਣਮੱਤੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਤੀ ਸ਼ਤਾਬਦੀ ਮਨਾ ਰਿਹਾ ਹੈ। ਇਸ ਸਾਲ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਂਦ ਵਿਚ ਆਇਆਂ ੧੦੦ ਵਰੇ ਪੂਰੇ ਹੋ ਗਏ ਹਨ ਤਾਂ ਸਿੱਖ ਜਗਤ ਵਿਚ ਇਹ ਵਿਚਾਰ ਵਿਆਪਕ ਪੱਧਰ 'ਤੇ ਵਿਚਾਰਿਆ ਜਾ ਰਿਹਾ ਹੈ ਕਿ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਅਤੇ ਧਾਰਮਿਕ ਪ੍ਰਚਾਰ-ਪ੍ਰਸਾਰ ਲਈ ਜ਼ਿੰਮੇਵਾਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਤੈਅ ਕਾਰਜਾਂ ਨੂੰ ਕਰਨ ਵਿਚ ਨਾਕਾਮ ਹੀ ਨਹੀਂ ਹੋ ਰਹੀ ਬਲਕਿ ਸੰਸਥਾ ਦੇ ਮੌਜੂਦਾ ਪ੍ਰਬੰਧਕ ਨੈਤਿਕ ਪੱਖੋਂ ਅਤੇ ਕਿਰਦਾਰਾਂ ਪੱਖੋਂ ਵੱਡੀਆਂ ਕਮਜ਼ੋਰੀਆਂ ਵਾਲੇ ਹਨ ਜਿਸ ਕਾਰਨ ਖ਼ਾਲਸਾ ਪੰਥ ਨੂੰ ਵਾਰ-ਵਾਰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੀਤੇ ਕੱਲ ਜਦੋਂ ਦਰਬਾਰ ਸਾਹਿਬ ਵਿਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ਼੍ਰੋਮਣੀ ਕਮੇਟੀ ਦਾ ਸਥਾਪਨਾ ਦਿਹਾੜਾ




ਮਨਾਇਆ ਗਿਆ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਨਿਯੁਕਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਤਕਰੀਰ ਨੇ ਸਭ ਦਾ ਧਿਆਨ ਖਿੱਚਿਆ। ਸ਼੍ਰੋਮਣੀ ਕਮੇਟੀ ਦੇ ਨਿਯੁਕਤ ਜਥੇਦਾਰਾਂ ਵੱਲੋਂ ਪੰਥ ਵਿਰੋਧੀ ਫ਼ੈਸਲੇ ਲੈਣ ਕਾਰਨ ਜਿੱਥੇ ਇਸ ਅਤਿ ਸਤਿਕਾਰਤ ਅਹੁਦੇ ਦੀ ਵੱਡੀ ਬੇਅਦਬੀ ਹੋਈ ਸੀ, ਉਸ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਦੀ ਨਿਯੁਕਤੀ ਅਤੇ ਸਮੇਂ ਦਰ ਸਮੇਂ ਉਨਾਂ ਵੱਲੋਂ ਦਿੱਤੇ ਬਿਆਨਾਂ ਨਾਲ ਖ਼ਾਲਸਾ ਪੰਥ ਵਿਚ ਇਕ ਆਸ ਬੱਝੀ ਸੀ ਕਿ ਸ਼ਾਇਦ ਗਿਆਨੀ ਹਰਪ੍ਰੀਤ ਸਿੰਘ ਸ਼੍ਰੋਮਣੀ ਕਮੇਟੀ ਦੀ ਪ੍ਰਬੰਧਕ ਧਿਰ ਦੇ ਸਿਆਸੀ ਅਲੰਬਰਦਾਰ ਬਾਦਲ ਪਰਿਵਾਰ ਦੇ ਦਬਾਅ ਤੋਂ ਮੁਕਤ ਹਨ। ਪਰ ਬੀਤੇ ਕੱਲ ਗਿਆਨੀ ਹਰਪ੍ਰੀਤ ਸਿੰਘ ਦੀ ਤਕਰੀਰ ਵਿਚੋਂ ਸਿੱਖਾਂ ਨੇ ਇਹ ਮਹਿਸੂਸ ਕੀਤਾ ਜਿਵੇਂ ਗਿਆਨੀ ਹਰਪ੍ਰੀਤ ਸਿੰਘ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੁੰਦਿਆਂ ਸਮੁੱਚੇ ਸਿੱਖਾਂ ਨੂੰ ਨਹੀਂ ਬਲਕਿ ਸਿਰਫ਼ ਬਾਦਲ ਦਲ ਨਾਲ ਸਬੰਧਿਤ ਸਿਆਸੀ ਵਰਕਰਾਂ ਨੂੰ ਸੰਬੋਧਨ ਕਰ ਰਹੇ ਸਨ।

**ਬਾਕੀ ਸਫ਼ਾ 28 'ਤੇ**

# ਅਮਰੀਕਾ ਵਿਚ ਸਿੱਖਾਂ ਖਿਲਾਫ ਨਸਲੀ ਹਮਲਿਆਂ ਵਿਚ ਥੋੜੀ ਘਾਟ ਆਈ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅਮਰੀਕਾ ਵਿਚਲੇ ਸੰਗਠਨ ਦਿ ਸਾਊਥ ਏਸ਼ੀਅਨ ਐਮਰੀਕਨ ਲੀਡਿੰਗ ਟੂਗੈਦਰ (ਐੱਸਏਏਐੱਲਟੀ) ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਅਮਰੀਕਾ ਦੇ ਸਿੱਖਾਂ ਖ਼ਿਲਾਫ਼ ਪਿਛਲੇ ਸਾਲ ਨਫ਼ਰਤ ਦੇ ਅਪਰਾਧਾਂ ਦੀ ਗਿਣਤੀ ਵਿਚ ਥੋੜ੍ਹੀ ਜਿਹੀ ਘਾਟ ਆਈ ਹੈ। ਐੱਫਬੀਆਈ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ 1991 ਤੋਂ ਬਾਅਦ 20 19 ਵਿੱਚ ਸਭ ਤੋਂ ਘਾਤਕ ਅਪਰਾਧ ਹੋਏ ਪਰ ਅਮਰੀਕਾ ਵਿੱਚ ਸਿੱਖ ਭਾਈਚਾਰੇ ਖ਼ਿਲਾਫ਼ ਇਹ ਅਪਰਾਧ ਹੋਰ ਸਾਲਾਂ ਦੇ ਮੁਕਾਬਲੇ ਕੁੱਝ ਘਟੇ ਹਨ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's Roady's

FUEL CARDS
NO CREDIT - NO PROBLEM
BEST CUSTOMER SERVICE
QUIKQ wex




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE: BAYS. EXPERTISE. SOLUTIONS.

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਨਿਊਯਾਰਕ ਦੀ ਵਿਧਾਨ ਸਭਾ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ 345ਵੇਂ ਸ਼ਹੀਦੀ ਦਿਹਾੜੇ ਅਤੇ 400ਵੇਂ ਪ੍ਰਕਾਸ਼ ਦਿਹਾੜੇ ਨੂੰ ਮਾਨਤਾ

**ਨਿਊਯਾਰਕ/ਰਾਜ ਗੋਗਨਾ:** ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 345ਵਾਂ ਸ਼ਹੀਦੀ ਦਿਹਾੜਾ ਅਤੇ 400ਵਾਂ ਪ੍ਰਕਾਸ਼ ਦਿਹਾੜਾ ਵਰਲਡ ਸਿੱਖ ਪਾਰਲੀਮੈਂਟ ਦੀਆਂ ਧਰਮ, ਸਿਵਲ ਅਤੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਕੌਂਸਲਾਂ ਵੱਲੋਂ ਨਿਊਯਾਰਕ ਸਿੱਖ ਸੈਂਟਰ ਦੇ ਗੁਰਦੁਆਰਾ ਸਾਹਿਬ 'ਚ ਮਨਾਇਆ ਗਿਆ। ਇਸ ਮੌਕੇ ਨਿਊਯਾਰਕ ਦੇ ਰਾਜ ਅਤੇ ਸ਼ਹਿਰੀ ਅਫ਼ਸਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ ਅਤੇ ਉਨਾਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮਨੁੱਖੀ ਅਧਿਕਾਰਾਂ ਦੇ ਰਾਖੇ ਵਜੋਂ ਮਾਨਤਾ ਦਿੱਤੀ ਗਈ। ਨਿਊਯਾਰਕ ਵਿਧਾਨ ਸਭਾ ਦੀ ਮੈਂਬਰ ਕੈਟਾਲੀਨਾ ਕਰੂਜ਼ ਨੇ ਇਸ ਮੌਕੇ ਅਧਿਕਾਰਤ ਪੱਤਰ ਪੜਿਆ, ਜਿਸ 'ਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਮਨੁੱਖੀ ਅਧਿਕਾਰਾਂ ਅਤੇ ਇਨਸਾਫ਼ ਲਈ ਕੀਤੀ ਕੁਰਬਾਨੀ ਨੂੰ ਮਾਨਤਾ ਦਿੱਤੀ ਗਈ ਹੈ। ਕੈਟਾਲੀਨਾ ਕਰੂਜ਼ ਨੇ ਵਰਲਡ ਸਿੱਖ ਪਾਰਲੀਮੈਂਟ ਵਰਗੀਆਂ ਸਾਰੀਆਂ ਸਿੱਖ ਜਥੇਬੰਦੀਆਂ ਦੁਆਰਾ ਕੋਰੋਨਾਵਾਇਰਸ ਮਹਾਂਮਾਰੀ ਦੌਰਾਨ ਚੱਲ ਰਹੇ ਭਲਾਈ ਕਾਰਜਾਂ ਨੂੰ ਵੀ ਅਧਿਕਾਰਤ ਤੌਰ 'ਤੇ ਮਾਨਤਾ ਦਿੱਤੀ। ਕੈਟਾਲੀਨਾ ਕਰੂਜ਼ ਮੈਂਬਰ ਨਿਊਯਾਰਕ ਸਟੇਟ ਐਸੰਬਲੀ ਨੇ ਇਹ ਵੀ ਭਰੋਸਾ ਦਿੱਤਾ ਕਿ ਉਨਾਂ ਵੱਲੋਂ ਨਿਊਯਾਰਕ ਵਿਧਾਨ ਸਭਾ ਵਿਚ ਗੁਰੂ ਤੇਗ ਬਹਾਦਰ ਜੀ ਦੇ ਜਨਮ ਦਿਹਾੜੇ ਅਤੇ ਸ਼ਹੀਦੀ




ਦਿਹਾੜੇ ਨੂੰ ਸਦੀਵੀ ਮਾਨਤਾ ਦੇਣ ਲਈ ਇੱਕ ਮਤਾ ਲਿਆਂਦਾ ਜਾਵੇਗਾ। ਉਨਾਂ ਵੱਲੋਂ ਗੁਰੂ ਸਾਹਿਬ ਦੇ 400ਵੇਂ ਪ੍ਰਕਾਸ਼ ਦਿਹਾੜੇ ਨੂੰ ਮਨੁੱਖੀ ਅਧਿਕਾਰਾਂ ਪ੍ਰਤੀ ਵਚਨਬੱਧਤਾ ਦੇ ਦਿਨ ਵਜੋਂ ਮਨਾਉਣ ਲਈ ਵੀ ਹਾਮੀ ਭਰੀ ਗਈ। ਇਸ ਮੌਕੇ ਨਿਊਯਾਰਕ ਵਿਧਾਨ ਸਭਾ ਨਾਲ ਸਬੰਧਤ ਜੈਸਿਕਾ ਗੋਂਜ਼ਲੇਜ਼-ਰੋਜਸ, ਡੋਨੋਵਾਨ ਰਿਚਰਡਜ਼ ਕੁਈਨਜ਼ ਦੇ ਬੋਰੋ ਦੇ ਪ੍ਰਧਾਨ, ਜ਼ੋਹਰਾਨ ਮਮਦਾਨੀ ਅਤੇ ਡੂਡ ਪੈਟਰੀ ਨਾਲ ਸੰਬੰਧਤ ਡੈਨੀਅਲ ਨੇ ਵੀ ਸ਼ਿਰਕਤ ਕੀਤੀ ਅਤੇ ਸਿੱਖ ਕੌਮ ਦੇ ਬਸ਼ਿੰਦਿਆਂ ਵੱਲੋਂ ਮਨੁੱਖੀ ਅਧਿਕਾਰਾਂ ਤੇ ਸਮਾਜ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ। ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਨਿਊਯਾਰਕ ਵਿਧਾਨ ਸਭਾ ਦੇ ਸਮੁੱਚੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਅਤੇ ਵਰਲਡ ਸਿੱਖ ਪਾਰਲੀਮੈਂਟ ਦੀਆਂ ਕੌਂਸਲਾਂ ਵੱਲੋਂ ਕੋਰੋਨਾ ਵਾਇਰਸ ਮਹਾਂਮਾਰੀ ਖ਼ਿਲਾਫ਼ ਚੱਲ ਰਹੇ ਸੰਘਰਸ਼ ਨੂੰ ਜਾਰੀ ਰੱਖਣਾ ਵੀ ਯਕੀਨੀ ਬਣਾਇਆ। ਇੱਥੇ ਇਹ ਵਰਨਣਯੋਗ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਪ੍ਰਕਾਸ਼ ਦਿਹਾੜੇ ਨੂੰ ਨਿਊਯਾਰਕ ਦੀ ਵਿਧਾਨ ਸਭਾ ਤੋਂ ਅਧਿਕਾਰਕ ਮਾਨਤਾ ਦਿਵਾਉਣ 'ਚ ਹਿੰਮਤ ਸਿੰਘ ਦਾ ਖ਼ਾਸ ਯੋਗਦਾਨ ਰਿਹਾ। ਇਸ ਸਬੰਧੀ ਗੱਲਬਾਤ ਦੌਰਾਨ ਹਿੰਮਤ ਸਿੰਘ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਹਰ ਸਿੱਖ ਨੂੰ ਮਨੁੱਖੀ ਅਧਿਕਾਰਾਂ ਤੇ ਇਨਸਾਫ਼ ਲਈ ਜੂਝਦੇ ਰਹਿਣਾ ਸਿਖਾਉਂਦੀ ਹੈ। ਇਸ ਮੌਕੇ ਬੋਲਦਿਆਂ ਵਰਲਡ ਸਿੱਖ ਪਾਰਲੀਮੈਂਟ ਦੇ ਬੁਲਾਰੇ ਡਾ. ਅਮਰਜੀਤ ਸਿੰਘ ਨੇ ਇਤਿਹਾਸਿਕ ਹਵਾਲੇ ਦਿੰਦੇ ਹੋਏ ਰਾਜਨੀਤਿਕ ਤੌਰ 'ਤੇ ਸਰਗਰਮ ਰਹਿਣ ਦੀ ਮਹੱਤਤਾ ਨੂੰ ਉਭਾਰਿਆ। ਉਨਾਂ ਕਿਹਾ ਕਿ ਸੰਯੁਕਤ ਰਾਸ਼ਟਰ ਨੂੰ ਵੀ ਇਸ ਮੁਬਾਰਕ ਦਿਹਾੜੇ ਨੂੰ ਮਾਨਤਾ ਦੇਣੀ ਚਾਹੀਦੀ ਹੈ। ਈਸਟ ਕੋਸਟ ਤੋਂ ਵੀ ਬਹੁਤ ਸਾਰੇ ਸਿੱਖ ਆਗੂਆਂ ਨੇ ਇਸ ਪ੍ਰੋਗਰਾਮ 'ਚ ਸ਼ਿਰਕਤ ਕੀਤੀ ਅਤੇ ਗੁਰੂ ਤੇਗ ਬਹਾਦਰ ਜੀ ਦੁਆਰਾ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੀਤੀ ਕੁਰਬਾਨੀ ਅੱਗੇ ਸਿਜਦਾ ਕੀਤਾ। ਇਹ ਪ੍ਰੋਗਰਾਮ ਵਰਲਡ ਸਿੱਖ ਪਾਰਲੀਮੈਂਟ ਦੇ ਯੂ ਐੱਸ ਏ 'ਚ ਰਹਿ ਰਹੇ ਮੈਂਬਰਾਂ ਦੇ ਸਹਿਯੋਗ ਸਦਕਾ ਸਫਲਤਾ ਸਹਿਤ ਸੰਪੂਰਨ ਹੋਇਆ।

# ਕੇ.ਟੀ.ਵੀ. (ਯੂ.ਕੇ) ਨੇ ਹਮੇਸ਼ਾ ਹੀ ਹੱਕ, ਸੱਚ ਅਤੇ ਅਜ਼ਾਦੀ ਦੀ ਅਵਾਜ਼ ਬੁਲੰਦ ਕੀਤੀ ਹੈ- ਯੂਨਾਈਟਿਡ ਖ਼ਾਲਸਾ ਦਲ ਯੂ.ਕੇ.

## 'ਖੰਡਾ ਸਿੱਖਾਂ ਦਾ ਕੌਮੀ ਨਿਸ਼ਾਨ ਹੈ, ਬੀਬੀ ਪਲਵਿੰਦਰ ਕੌਰ ਨੇ ਸਹੀ ਅਰਥਾਂ ਵਿੱਚ ਪੱਤਰਕਾਰੀ ਦਾ ਫ਼ਰਜ਼ ਅਦਾ ਕੀਤਾ'

**ਲੰਡਨ/ਏ.ਟੀ.ਨਿਊਜ਼:** ਬਰਤਾਨੀਆ ਵਿੱਚ ਚੱਲਦਾ ਅਤੇ ਦੁਨੀਆ ਭਰ ਵਿੱਚ ਦੇਖੇ ਜਾਂਦੇ ਸਿੱਖਾਂ ਦੇ ਚੈਨਲ ਕੇ.ਟੀ.ਵੀ. ਨੇ ਹਮੇਸ਼ਾ ਹੀ ਹੱਕ, ਸੱਚ, ਇਨਸਾਫ਼ ਅਤੇ ਕੌਮ ਦੀ ਅਜ਼ਾਦੀ ਦੀ ਅਵਾਜ਼ ਬੁਲੰਦ ਕੀਤੀ ਹੈ ,ਉੱਥੇ ਇਸ ਕੌਮ ਪ੍ਰਸਤੀ ਦੀ ਭਾਵਨਾ ਨਾਲ ਲਬਰੇਜ਼ ਮੀਡੀਏ ਨੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਵੱਲੋਂ ਅਰੰਭੇ ਹੋਏ ਸੰਘਰਸ਼ ਪ੍ਰਤੀ ਅੱਜ ਦੀ ਘੜੀ ਤੱਕ ਉਸਾਰੂ ਰੋਲ ਅਦਾ ਕੀਤਾ ਹੈ । ਯੂਨਾਈਟਿਡ ਖ਼ਾਲਸਾ ਦਲ ਯੂ.ਕੇ ਵੱਲੋਂ ਇਸ ਦੇ ਮਾਲਕ ਸ੍ਰ. ਜਗਜੀਤ ਸਿੰਘ ਜੀਤਾ ਦਾ ਖ਼ਾਸ ਧੰਨਵਾਦ ਕੀਤਾ ਗਿਆ ਅਤੇ ਆਸ ਪ੍ਰਗਟਾਈ ਗਈ ਕਿ ਜਿਸ ਤਰਾਂ ਆਰੰਭ ਤੋਂ ਲੈ ਕੇ ਅੱਜ ਦੀ ਘੜੀ ਤੱਕ ਇਸ ਮੀਡੀਏ ਨੇ ਸਿੱਖ ਕੌਮ ਨੂੰ ਖ਼ਾਲਿਸਤਾਨ ਦੇ ਸੰਘਰਸ਼ ਦੌਰਾਨ ਆਪਾ ਨਿਛਾਵਰ ਕਰਨ ਵਾਲੇ ਸ਼ਹੀਦਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਹੈ, ਸਿੱਖ ਕੌਮ ਤੇ ਹਿੰਦੂਤਵੀ ਲਾਬੀ ਵੱਲੋਂ ਕੀਤੇ ਜਾ ਰਹੇ ਹਮਲਿਆਂ ਬਾਰੇ ਅਗਾਂਹ ਕੀਤਾ ਹੈ, ਹਰ ਪੰਥਕ ਪ੍ਰੋਗਰਾਮ ਨੂੰ ਕਵਰ ਕਰਕੇ ਸਿੱਖ ਸੰਗਤਾਂ ਤੱਕ ਪਹੁੰਚਾਇਆ ਹੈ, ਇਹ ਕੌਮੀ ਫਰਜ ਹਮੇਸ਼ਾ ਹੀ ਅਦਾ ਕਰਦਾ ਰਹੇਗਾ। ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ, ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਸੁਖਵਿੰਦਰ ਸਿੰਘ ਖ਼ਾਲਸਾ ਨੇ ਇਸ ਕੌਮ ਪ੍ਰਸਤ ਮੀਡੀਏ ਨੂੰ ਡੱਟ ਕੇ ਸਹਿਯੋਗ ਦੇਣ ਦੀ ਗੱਲ ਕਰਦਿਆਂ ਸਿੱਖ ਸੰਗਤਾਂ ਨੂੰ ਸਹਿਯੋਗ ਦੇਣ ਲਈ ਆਖਿਆ ਹੈ । ਪਿਛਲੇ ਦਿਨੀਂ ਪੰਜਾਬ ਵਿੱਚ ਅਕਾਲੀ ਦਲ ਮਾਨ ਵੱਲੋਂ ਸਿੱਖਾਂ ਦੇ ਕੌਮੀ ਨਿਸ਼ਾਨ ਖੰਡੇ ਦੀ ਬੇਅਦਬੀ ਕਰਨ ਦੀ ਗੱਲ ਨੂੰ ਬੜੀ ਹੀ ਨਿਰਪੱਖਤਾ ਸਹਿਤ ਪੇਸ਼ ਕਰਕੇ ਨਿਡਰਤਾ ਅਤੇ ਮੀਡੀਏ ਦੀ ਸੁਤੰਤਰਤਾ ਦਾ ਸਬੂਤ ਦਿੱਤਾ ਗਿਆ ਹੈ । ਜਿਸ ਵਾਸਤੇ ਪੱਤਰਕਾਰ ਬੀਬੀ ਪਲਵਿੰਦਰ ਕੌਰ ਵਧਾਈ ਦੀ ਪਾਤਰ ਹੈ । ਖੰਡਾ ਸਿੱਖਾਂ ਦਾ ਕੌਮੀ ਨਿਸ਼ਾਨ ਹੈ ਅਗਰ ਕਿਸੇ ਨੇ ਇਸ ਦੀ ਮਹਾਨਤਾ ਦਾ ਪਤਾ ਲਗਾਉਣਾ ਹੋਵੇ ਤਾਂ ਉਹ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਖੰਡੇ ਦੀ ਕੀਤੀ ਵਿਆਖਿਆ ਸਰਵਣ ਕਰ ਲਵੇ । ਕੇ.ਟੀ. ਵੀ. ਨੇ ਕਾਂਗਰਸ, ਭਾਜਪਾ, ਕਾਮਰੇਡ, ਬਾਦਲ ਦਲ ਸਮੇਤ ਹਰ ਉਸ ਪਾਰਟੀ ਅਤੇ ਵਿਅਕਤੀ ਵਿਸ਼ੇਸ਼ ਨੂੰ ਬੇਨਕਾਬ ਕੀਤਾ ਹੈ ਜਿਸ ਨੇ ਸਿੱਖ ਕੌਮ 'ਤੇ ਜ਼ੁਲਮ ਕੀਤਾ ਹੋਵੇ, ਕੌਮੀ ਬੇਵਫ਼ਾਈ ਕੀਤੀ ਹੋਵੇ ਅਤੇ ਸੰਘਰਸ਼ ਵਿੱਚ ਗੱਦਾਰੀ ਕੀਤੀ ਹੋਵੇ । ਇਸੇ ਕਰਕੇ ਹੀ ਭਾਰਤ ਸਰਕਾਰ ਵੱਲੋਂ ਕੇ.ਟੀ.ਵੀ. ਦਾ ਯੂ ਟਿਊਬ ਚੈਨਲ ਅਤੇ ਫੇਸਬੁੱਕ ਪੇਜ ਵੀ ਬੰਦ ਕੀਤਾ ਹੋਇਆ ਹੈ । ਇਸ ਦਾ ਪ੍ਰਸਾਰਨ ਹੁਣ ਭਾਰਤ ਵਿੱਚ ਕੋਈ ਵੀ ਦੇਖ ਨਹੀਂ ਸਕਦਾ ਜੋ ਕਿ ਪ੍ਰੈੱਸ ਦੀ ਅਜ਼ਾਦੀ ਤੇ ਭਾਰਤ ਸਰਕਾਰ ਦਾ ਵੱਡਾ ਹਮਲਾ ਹੈ । ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਵੱਲੋਂ ਭਾਰਤ ਸਰਕਾਰ ਦੇ ਇਸ ਸਿੱਖ ਵਿਰੋਧੀ ਵਰਤਾਰੇ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ । ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਦੇ ਵੱਲੋਂ ਭਾਰਤ ਸਰਕਾਰ ਦੇ ਇਸ ਕਾਰੇ ਨੂੰ ਬੇਹੱਦ ਘਿਨਾਉਣਾ ਅਤੇ ਸ਼ਰਮਨਾਕ ਕਰਾਰ ਦਿੱਤਾ ਹੈ । ਬਰਤਾਨਵੀ ਸਿੱਖ ਜਥੇਬੰਦੀਆਂ ਦੇ ਆਗੂ ਅਕਸਰ ਹੀ ਕੇ.ਟੀ.ਵੀ ਖ਼ਾਲਿਸਤਾਨ ਪੱਖੀ ਵਿਚਾਰਾਂ ਦੀ ਸਾਂਝ ਪਾਉਂਦੇ ਰਹਿੰਦੇ ਹਨ ।ਖ਼ਾਲਿਸਤਾਨ ਸਿੱਖਾਂ ਦਾ ਬੁਨਿਆਦੀ ਹੱਕ, ਜਿਸ ਵਾਸਤੇ ਹਰ ਸਿੱਖ ਨੂੰ ਯਤਨਸ਼ੀਲ ਹੋਣ ਦੀ ਲੋੜ ਹੈ। ਭਾਰਤ ਵਿੱਚ ਚੱਲਣ ਵਾਲੇ ਚੈਨਲਾਂ 'ਤੇ ਜ਼ਿਆਦਾਤਰ ਸਿੱਖ ਵਿਰੋਧੀ ਪ੍ਰਚਾਰ ਨਸ਼ਰ ਕੀਤਾ ਜਾਂਦਾ ਹੈ ਅਤੇ ਉਸ ਸਿੱਖ ਵਿਰੋਧੀ ਪ੍ਰਚਾਰ ਨੂੰ ਬਰਤਾਨੀਆ ਵਿੱਚ ਚੱਲਦੇ ਉਕਤ ਚੈਨਲ ਵੱਲੋਂ ਬੇਨਕਾਬ ਕਰਕੇ ਸਹੀ ਤਸਵੀਰ ਦੁਨੀਆ ਸਾਹਮਣੇ ਪੇਸ਼ ਕੀਤੀ ਜਾਂਦੀ ਹੈ, ਜੋ ਕਿ ਸਿੱਖ ਕੌਮ ਵਾਸਤੇ ਮਾਣ ਵਾਲੀ ਗੱਲ ਹੈ ।








**ਪਿਛਲੇ ਸਨਿੱਚਰਵਾਰ ਗੁਰਦੁਆਰਾ ਸਾਹਿਬ ਫਰੀਮਾਂਟ ਨੇ ਬੇਏਰੀਆ ਕਮਿਊਨਿਟੀ ਹੈਲਥ ਨਾਲ ਮਿਲਕੇ ਲੋਕਾਂ ਲਈ ਮੁਫ਼ਤ ਕੋਵਿਡ ਟੈਸਟ ਦੀ ਸਹੂਲਤ ਮੁਹੱਈਆ ਕਰਵਾਈ। ਇਸ ਵਿੱਚ ਤਕਰੀਬਨ 130 ਟੈਸਟ ਕੀਤੇ ਗਏ ਜਿਸਦਾ ਲੋਕਲ ਗ਼ੈਰ-ਸਿੱਖਾਂ ਨੇ ਵੀ ਲਾਹਾ ਲਿਆ। ਸਾਰਾ ਦਿਨ ਸਿੱਖ ਪੰਚਾਇਤ ਦੇ ਮੈਂਬਰਾਂ ਨੇ ਇਸ ਵਿੱਚ ਸਹਿਯੋਗ ਦਿੰਦੇ ਹੋਏ ਸੈਨੀਟਾਈਜ਼ਰ ਵੀ ਵੰਡੇ।**

# ਕੈਲੀਫੋਰਨੀਆ ਦੇ ਗਵਰਨਰ ਨੇ ਸੰਗੀਨ ਦੋਸ਼ਾਂ ਤੇ ਜੁਰਮਾਨਿਆਂ ਵਿੱਚ ਤਬਦੀਲੀ ਕਰਕੇ ਲੋਕਾਂ ਤੇ ਪ੍ਰਵਾਸੀਆਂ ਲਈ ਸੌਖਾ ਕਰ ਦਿੱਤਾ

**ਵਸ਼ਿੰਗਟਨ ਡੀਸੀ/ਸੁਰਿੰਦਰ ਗਿੱਲ:** ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨੇ ਮੰਗਲਵਾਰ ਨੂੰ 35 ਮੌਜੂਦਾ ਅਤੇ ਸਾਬਕਾ ਦੋਸ਼ੀ ਠਹਿਰਾਏ ਗਏ ਦੋਸ਼ੀਆਂ ਨੂੰ ਮੁਆਫ਼ ਕਰਨ ਅਤੇ ਸਜ਼ਾ ਭੁਗਤ ਰਹੇ, ਜਿਨਾਂ ਵਿੱਚ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਪ੍ਰਵਾਸੀਆਂ ਲਈ 10 ਮੁਆਫ਼ੀ ਯੋਗ ਮੱਦ ਸ਼ਾਮਲ ਕੀਤੇ ਹਨ।

ਗਵਰਨਰ ਦੇ ਦਫ਼ਤਰ ਨੇ ਪਾਇਆ, ਕਿ ਸਾਬਕਾ ਦੋਸ਼ੀ ਪ੍ਰਵਾਸੀਆਂ ਦੀ 'ਦੇਸ਼ ਨਿਕਾਲ਼ਾ ਅਤੇ ਸਥਾਈ ਪਰਿਵਾਰਕ ਵਿਛੋੜੇ' ਉਨਾਂ ਦੀਆਂ ਪਿਛਲੀਆਂ ਸਜ਼ਾਵਾਂ 'ਬੇਇਨਸਾਫ਼ੀ ਵਾਲੇ ਨਤੀਜੇ' ਸਨ।

ਗਵਰਨਰ ਦੁਆਰਾ ਕੁੱਲ ਮਿਲਾ ਕੇ 22 ਮੁਆਫ਼ੀ ਅਤੇ 13 ਪੇ-ਰੋਲ ਜਾਰੀ ਕੀਤੀਆਂ ਗਈਆਂ ਸਨ, ਜਿਨਾਂ ਨੇ ਆਪਣੀ ਗਵਰਨਰਸ਼ਿਪ ਵਿੱਚ ਇਹ ਮੁੱਢਲਾ ਮੁੱਦਾ ਬਣਾਇਆ ਹੈ ਕਿ ਉਹ ਅਪਰਾਧਿਕ ਗਤੀਵਿਧੀਆਂ ਦੇ ਅਧਾਰ ਤੇ ਲੋਕਾਂ ਨੂੰ ਦੇਸ਼ ਨਿਕਾਲ਼ਾ ਦੇਣ ਤੋਂ ਗੁਰੇਜ਼ ਕਰਨ।

ਗਵਰਨਰ ਨੇ ਅਪਰਾਧਾਂ ਨੂੰ ਦੂਰ ਕਰਨ ਲਈ, ਮਾਫ਼ੀ ਦੀ ਵਰਤੋਂ ਕਰਨ ਲਈ ਜ਼ੋਰ ਦਿੱਤਾ ਹੈ, ਜਿਸ ਵਿਚ ਰਾਜਪਾਲ ਦੁਆਰਾ ਸਤੰਬਰ ਦੇ ਅਖੀਰ ਵਿਚ ਦਸਤਖਤ ਕੀਤੇ। ਬਿੱਲ ਵਿਚ ਸ਼ਾਮਲ ਹੈ, ਜੋ ਕਿ ਬਾਲ ਨਿਆਂ ਸੁਧਾਰਾਂ ਨੂੰ ਸੰਬੋਧਿਤ ਕਰਦੇ ਹਨ।






ਅਜਿਹੀ ਹੀ ਇੱਕ ਮਾਫ਼ੀ 41 ਸਾਲਾ ਸੋਮਡੇਂਗ ਥੌਂਗਸ ਨੂੰ ਦਿੱਤੀ ਗਈ ਸੀ। ਜਿਸ ਨੂੰ 1997 ਵਿੱਚ 17 ਸਾਲ ਦੀ ਉਮਰ ਵਿੱਚ ਇੱਕ ਵਿਰੋਧੀ ਗਿਰੋਹ ਦੇ ਮੈਂਬਰ ਨੂੰ ਗੋਲੀ ਮਾਰਨ ਅਤੇ ਕਤਲ ਕਰਨ ਅਤੇ ਦੋ ਹੋਰਾਂ ਨੂੰ ਜ਼ਖ਼ਮੀ ਕਰਨ ਲਈ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੂੰ 27 ਸਾਲ 4 ਮਹੀਨੇ ਦੀ ਸਜ਼ਾ ਸੁਣਾਈ ਗਈ ਸੀ। 20 ਸਾਲਾਂ ਦੀ ਸਜਾ ਪੂਰੀ ਕਰਨ ਤੋਂ ਬਾਅਦ ਉਸ ਨੂੰ ਪੈਰੋਲ ਦਿੱਤੀ ਗਈ ਪ੍ਰੰਤੂ ਇਮੀਗ੍ਰੇਸ਼ਨ ਕਸਟਮਜ਼ ਅਤੇ ਇਨਫੋਰਸਮੈਂਟ ਦੁਆਰਾ ਦੋ ਮਹੀਨਿਆਂ ਲਈ ਇਸ ਨੂੰ ਰੋਕਿਆ ਗਿਆ ਸੀ।

ਥੌਂਗਜ਼, ਜਿਸ ਨੂੰ ਡੈਨ ਵੀ ਕਿਹਾ ਜਾਂਦਾ ਹੈ, ਦੋ ਸਾਲ ਦੀ ਉਮਰ ਵਿੱਚ ਇੱਕ ਸ਼ਰਨਾਰਥੀ ਵਜੋਂ ਸੰਯੁਕਤ ਰਾਜ ਅਮਰੀਕਾ ਆਇਆ ਸੀ, ਜਿਸਦਾ ਪਰਿਵਾਰ ਲਾਓਸ ਤੋਂ ਭੱਜ ਗਿਆ ਸੀ, ਹਾਲਾਂਕਿ ਥੌਂਗਜ਼ ਕਥਿਤ ਤੌਰ ਤੇ ਥਾਈਲੈਂਡ ਵਿੱਚ ਇੱਕ ਸ਼ਰਨਾਰਥੀ ਕੈਂਪ ਵਿੱਚ ਪੈਦਾ ਹੋਇਆ ਸੀ। ਆਪਣੇ ਦੇਸ਼ ਨਿਕਾਲੇ ਨੂੰ ਰੋਕਣ ਵਿੱਚ ਸਹਾਇਤਾ ਲਈ ਜਾਰੀ ਕੀਤੀ ਗਈ ਇੱਕ ਪੱਤਰ ਮੁਹਿੰਮ ਦੇ ਅਨੁਸਾਰ, ਉਸ ਨੂੰ ਕਦੇ ਉੱਥੇ ਨਾ ਹੋਣ ਦੇ ਬਾਵਜੂਦ ਲਾਓਸ ਭੇਜਣ ਦਾ ਸਾਹਮਣਾ ਕਰਨਾ ਪਿਆ। ਕਾਨੂੰਨੀ ਅਧਿਕਾਰੀਆਂ ਦੀ ਸਹਾਇਤਾ ਅਤੇ ਉਸ ਦੇ ਭਾਈਚਾਰੇ ਨੇ ਰਾਜਪਾਲ ਨੂੰ ਲਿਖੇ ਪੱਤਰਾਂ ਦੀ ਮਦਦ ਨਾਲ, ਥੌਂਗਜ਼ ਨੂੰ ਮੰਗਲਵਾਰ ਨੂੰ ਮੁਆਫ਼ੀ ਦਿੱਤੀ ਗਈ ਹੈ।

ਹਾਲਾਂਕਿ ਗਵਰਨਰ ਦੇ ਦਫ਼ਤਰ ਨੇ ਇਸ ਤੱਥ ਨੂੰ ਉਜਾਗਰ ਕੀਤਾ ਕਿ ਮੁਆਫ਼ੀ 'ਕਿਸੇ ਵਿਸ਼ਵਾਸ ਨੂੰ ਖ਼ਤਮ ਨਹੀਂ ਕਰਦੀ ਜਾਂ ਮਿਟਾਉਂਦੀ ਨਹੀਂ' ਬਲਕਿ ਉਨਾਂ ਨੂੰ ਰੁਜ਼ਗਾਰ ਅਤੇ ਜਨਤਕ ਸੇਵਾ ਦੀਆਂ ਰੁਕਾਵਟਾਂ ਨੂੰ ਦੂਰ ਕਰਕੇ ਸਮਾਜ ਵਿੱਚ ਮੁੜ ਦਾਖਲ ਹੋਣ ਦੀ ਆਗਿਆ ਦਿੰਦੀ ਹੈ।

**ਬਾਕੀ ਸਫ਼ਾ 28 'ਤੇ**

# ਸਿਆਟਲ ਵਿਚ 'ਬਾਬਾ ਦੀਪ ਸਿੰਘ ਜੀ' ਦਾ ਸ਼ਹੀਦੀ ਦਿਵਸ ਮਨਾਇਆ




**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿਆਟਲ ਦੇ ਵੱਖ ਵੱਖ ਗੁਰੂਘਰਾਂ ਵਿਚ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸੱਚਾ ਮਾਰਗ ਦੇ ਕੀਰਤਨੀ ਜਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਣ ਸਿੰਘ ਤੇ ਭਾਈ ਮਨਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜੱਸ ਗਾਇਨ ਕੀਤਾ। ਇਸ ਮੌਕੇ ਤਿੰਨੇ ਦਿਨ ਗੁਰੂਘਰ ਦੇ ਸੇਵਾਦਾਰ ਡਾ. ਸੁਰਿੰਦਰਜੀਤ ਸਿੰਘ ਮੌਲੀ ਨੇ ਪਰਿਵਾਰ ਸਮੇਤ ਸ੍ਰੀ ਅਖੰਡ ਪਾਠ ਸਾਹਿਬ ਤੇ ਗੁਰੂਘਰ ਦੇ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਨਾਲ ਨਿਭਾਈ। ਭਾਈ ਮੋਹਣ ਸਿੰਘ ਨੇ ਕਰੋਨਾ ਮਹਾਂਮਾਰੀ ਦੇ ਬਚਾਓ ਲਈ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਅਖੀਰ ਵਿਚ ਗੁਰੂ ਘਰ ਵੱਲੋਂ ਹੈੱਡਗ੍ਰੰਥੀ ਭਾਈ ਮੋਹਣ ਸਿੰਘ ਨੇ ਡਾ. ਸੁਰਿੰਦਰਜੀਤ ਸਿੰਘ ਮੌਲੀ ਨੂੰ ਸਿਰਪਾਓ ਦੇ ਕੇ ਨਿਵਾਜਿਆ।

# ਵਾਸ਼ਿੰਗਟਨ ਵਿਚ ਟਰੰਪ ਸਮਰਥਕਾਂ ਵੱਲੋਂ ਵਿਸ਼ਾਲ ਪ੍ਰਦਰਸ਼ਨ

## ਬਾਇਡੇਨ ਸਮਰਥਕਾਂ ਨਾਲ ਝੜਪ



**ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕਾਂ ਵੱਲੋਂ ਇਕ ਵਿਸ਼ਾਲ ਮਾਰਚ ਕੱਢਿਆ ਗਿਆ। ਵਾਈਟ ਹਾਊਸ ਦੇ ਦੱਖਣ ਫਰੀਡਮ ਪਲਾਜ਼ਾ ਵਿਖੇ ਇਕੱਠੇ ਹੋਏ ਟਰੰਪ ਸਮਰਥਕਾਂ ਨੇ ਹੱਥਾਂ ਵਿਚ 'ਸਟਾਪ ਦੀ ਸਟੀਲ' ਤੇ 'ਮਾਰਚ ਫਾਰ ਟਰੰਪ' ਵਰਗੇ ਬੈਨਰ ਫੜੇ ਹੋਏ ਸਨ। ਰਾਸ਼ਟਰਪਤੀ ਦੀ ਚੋਣ ਜਿੱਤੇ ਜੋਅ ਬਾਇਡੇਨ ਦੇ ਸਮਰਥਕਾਂ ਦੀ ਟਰੰਪ ਸਮਰਥਕਾਂ ਤੇ ਪੁਲਿਸ ਨਾਲ ਝੜਪ ਹੋਣ ਦੀ ਵੀ ਰਿਪੋਰਟ ਹੈ। ਡੀ ਸੀ ਮੇਅਰ ਮੂਰੀਲ ਬੋਅਸਰ ਦੇ ਇਕ ਬੁਲਾਰੇ ਲਾਟੋਇਆ ਫੌਸਟਰ ਨੇ ਕਿਹਾ ਹੈ ਕਿ ਘੱਟੋ ਘੱਟ ੨੦ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਝੜਪ ਵਿਚ ਦੋ ਪੁਲਿਸ ਅਧਿਕਾਰੀ ਜ਼ਖ਼ਮੀ ਹੋਏ ਹਨ। ਟਰੰਪ ਸਮਰਥਕਾਂ ਦਾ ਵਿਰੋਧ ਕਰਨ ਲਈ ਬਾਈਡੇਨ ਦੇ ਸਮਰਥਕਾਂ ਦਾ ਇਕ ਗਰੁੱਪ ਸੁਪਰੀਮ ਕੋਰਟ ਨੇੜੇ ਵੀ ਇਕੱਠਾ ਹੋਇਆ।

# ਪੁਲਾੜ ਗੱਡੀ ਨੇ 3 ਅਮਰੀਕੀਆਂ ਸਮੇਤ 4 ਪੁਲਾੜ ਯਾਤਰੀਆਂ ਨੂੰ ਲੈ ਕੇ ਸਫਲਤਾਪੂਰਵਕ ਉਡਾਨ ਭਰੀ

**ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਟੀਟਾਨੀਅਮ, ਅਲਮੀਨੀਅਮ ਤੇ ਕਾਰਬਨ ਫਾਈਬਰ ਨਾਲ ਬਣੇ ਪੁਲਾੜ ਵਾਹਨ ਨੇ 3 ਅਮਰੀਕੀ ਤੇ ਇਕ ਜਪਾਨੀ ਪੁਲਾੜ ਯਾਤਰੀ ਨੂੰ ਲੈ ਕੇ ਸਫਲਤਾਪੂਰਵਕ ਉਡਾਨ ਭਰੀ। ਇਹ ਪੁਲਾੜ ਵਾਹਨ ਜਿਸ ਨੂੰ ਕੈਪਸੂਲ ਦਾ ਨਾਂ ਦਿੱਤਾ ਗਿਆ ਹੈ, ਮਹਿਜ਼ ਪੁਲਾੜ ਗੱਡੀ ਨਹੀਂ ਹੈ ਬਲਕਿ ਇਹ ਇਕ ਬਹੁਤ ਹੀ ਮਜ਼ਬੂਤ ਤੇ ਹਰ ਤਰਾਂ ਦਾ ਮੌਸਮ ਸਹਿਣ ਦੇ ਸਮਰੱਥ ਹੈ। ਇਹ 2700 ਡਿਗਰੀ ਫਾਰਨਹੀਟ ਤੋਂ ਵੱਧ ਤਾਪਮਾਨ ਝੱਲ ਸਕਦਾ ਹੈ ਤੇ ਇਸ ਵਿਚ ਹਰ ਤਰਾਂ ਦੀਆਂ ਸੁਵਿਧਾਵਾਂ ਮੌਜੂਦ ਹਨ। ਇਸ ਪੁਲਾੜ ਵਾਹਨ ਨੇ ਐਤਵਾਰ ਦੀ ਰਾਤ ਨੂੰ ਕੈਨੇਡੀ ਸਪੇਸ ਸੈਂਟਰ ਤੋਂ ਉਡਾਨ ਭਰੀ।

ਇਹ ਪਹਿਲੀ ਉਡਾਨ ਹੈ, ਜਿਸ ਵਿਚ ਪੂਰੀ ਸਮਰੱਥਾ ਅਨੁਸਾਰ ਯਾਤਰੀ ਮੌਜੂਦ ਹਨ। ਸਪੇਸ ਐਕਸ ਵੱਲੋਂ ਇਸ ਵਾਹਨ ਨੂੰ ਨਾਸਾ ਵਾਸਤੇ ਲਾਂਚ ਕੀਤਾ ਗਿਆ ਹੈ। ਇਹ ਪੁਲਾੜ ਗੱਡੀ ਸੋਮਵਾਰ ਦੇਰ ਗਏ ਪੁਲਾੜ ਸਟੇਸ਼ਨ 'ਤੇ ਪਹੁੰਚ ਜਾਵੇਗੀ ਤੇ ਬਸੰਤ ਤੱਕ ਉੱਥੇ ਹੀ ਰਹੇਗੀ।



*ਉਡਾਨ ਭਰਨ ਤੋਂ ਪਹਿਲਾਂ ਪੁਲਾੜ ਗੱਡੀ ਵਿਚ ਸਵਾਰ 4 ਪੁਲਾੜ ਯਾਤਰੀ*

ਪੁਲਾੜ ਯਾਤਰੀਆਂ ਵਿਚ 3 ਮਰਦ ਤੇ ਇਕ ਔਰਤ ਸ਼ਾਮਲ ਹੈ। 4 ਮੈਂਬਰੀ ਪੁਲਾੜ ਯਾਤਰੀ ਟੀਮ ਦੀ ਅਗਵਾਈ ਕਮਾਂਡਰ ਮਾਈ ਹੋਪਕਿਨਜ ਕਰ ਰਹੇ ਹਨ। ਬਾਕੀ ਟੀਮ ਮੈਂਬਰਾਂ ਵਿਚ ਭੌਤਿਕ ਵਿਗਿਆਨੀ ਸ਼ਾਨਨ ਵਾਲਕਰ, ਨੇਵੀ ਕਮਾਂਡਰ ਵਿਕਟਰ ਗਲੋਵਰ ਪਹਿਲਾ ਕਾਲਾ ਪੁਲਾੜ ਯਾਤਰੀ ਤੇ ਜਪਾਨ ਦੀ ਸੋਚੀ ਨੋਗੂਚੀ ਸ਼ਾਮਿਲ ਹੈ।

ਰਾਸ਼ਟਰਪਤੀ ਚੋਣ ਜਿੱਤੇ ਜੋਅ ਬਾਈਡੇਨ ਨੇ ਇਸ ਸਫ਼ਲਤਾ ਲਈ ਨਾਸਾ ਤੇ ਸਪੇਸ-ਐਕਸ ਨੂੰ ਵਧਾਈ ਦਿੱਤੀ ਹੈ। ਉਨਾਂ ਨੇ ਇਕ ਟਵੀਟ ਵਿਚ ਕਿਹਾ ਹੈ ਕਿ 'ਇਹ ਵਿਗਿਆਨੀਆਂ ਦੀ ਨਵੀਆਂ ਖੋਜਾਂ ਪ੍ਰਤੀ ਉਨਾਂ ਦੇ ਦ੍ਰਿੜ ਇਰਾਦੇ ਦਾ ਪ੍ਰਤੀਕ ਹੈ। ਮੈਂ ਪੁਲਾੜ ਯਾਤਰੀਆਂ ਦੀ ਸਫ਼ਲਤਾ ਲਈ ਕਾਮਨਾ ਕਰਨ 'ਚ ਸਾਰੇ ਅਮਰੀਕੀਆਂ ਤੇ ਜਪਾਨੀਆਂ ਨਾਲ ਸ਼ਰੀਕ ਹਾਂ।' ਰਾਸ਼ਟਰਪਤੀ ਟਰੰਪ ਨੇ ਵੀ ਟਵਿਟਰ ਉੱਪਰ ਵਧਾਈ ਦਿੰਦਿਆਂ ਕਿਹਾ ਹੈ ਕਿ ਇਹ 'ਗਰੇਟ ਲਾਂਚ' ਹੈ।

# ਪੈਨਸਿਲਵੇਨੀਆ ਦੀ ਸੁਪਰੀਮ ਕੋਰਟ ਵੱਲੋਂ ਟਰੰਪ ਨੂੰ ਝਟਕਾ

## ਅਬਜ਼ਰਵਰਾਂ ਨੂੰ ਚੋਣ ਪ੍ਰਕ੍ਰਿਆ ਦੌਰਾਨ ਵਿਸ਼ੇਸ਼ ਦੂਰੀ ਉਪਰ ਖੜੇ ਹੋਣ ਦਾ ਅਧਿਕਾਰ ਨਹੀਂ



**ਕੈਲੀਫੋਰਨੀਆ 18 ਨਵੰਬਰ/ਹੁਸਨ ਲੜੋਆ ਬੰਗਾ:** ਪੈਨਸਿਲਵੇਨੀਆ ਦੀ ਸੁਪਰੀਮ ਕੋਰਟ ਨੇ ਅੱਜ ਆਪਣੇ ਇਕ ਨਿਰਨੇ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਜਬਰਦਸਤ ਝਟਕਾ ਦਿੰਦਿਆਂ ਕਿਹਾ ਕਿ ਫਿਲਾਡੈਲਫੀਆ ਦੀ ਚੋਣ ਪ੍ਰਕ੍ਰਿਆ ਦੌਰਾਨ ਟਰੰਪ ਦੀ ਚੋਣ ਮੁਹਿੰਮ ਦੇ ਦਰਸ਼ਕਾਂ ਨੂੰ ਵਿਸ਼ੇਸ਼ ਦੂਰੀ ਉਪਰ ਖੜੇ ਹੋਣ ਦਾ ਕੋਈ ਅਧਿਕਾਰ ਨਹੀਂ ਹੈ। 5-2 ਦੀ ਬਹੁਮਤ ਨਾਲ ਜੱਜਾਂ ਨੇ ਆਪਣੇ ਫੈਸਲੇ ਵਿਚ ਕਿਹਾ ਕਿ "ਟਰੰਪ ਦੇ ਚੋਣ ਪ੍ਰਕ੍ਰਿਆ ਅਬਜ਼ਰਵਰ ਚੋਣ ਵਰਕਰਾਂ ਤੋਂ ਵਿਸ਼ੇਸ਼ ਦੂਰੀ ਉਪਰ ਖੜੇ ਹੋਣ ਦਾ ਹੱਕ ਨਹੀਂ ਰਖਦੇ। ਇਹ ਫੈਸਲਾ ਕਾਉਂਟੀ ਨੇ ਕਰਨਾ ਹੈ ਕਿ ਚੋਣ ਦਰਸ਼ਕ ਕਿਥੇ ਖੜੇ ਹੋਣਗੇ।" ਅਦਾਲਤ ਦਾ ਇਹ ਫੈਸਲਾ ਰਾਸ਼ਟਰਪਤੀ ਟਰੰਪ ਲਈ ਇਕ ਵੱਡੀ ਸੱਟ ਹੈ ਜੋ ਕਾਨੂੰਨੀ ਕਾਰਵਾਈ ਰਾਹੀਂ ਜੋਅ ਬਾਇਡੇਨ ਦਾ ਰਾਹ ਰੋਕਣ ਲਈ ਯਤਨਸ਼ੀਲ ਹਨ। ਇਥੇ ਜ਼ਿਕਰਯੋਗ ਹੈ ਕਿ ਜੋਅ ਬਾਈਡੇਨ ਨੇ ਰਿਪਬਲੀਕਨਾਂ ਦਾ ਗੜ ਪੈਨਸਿਲਵੇਨੀਆ ਵਿਚ ਬਹੁਤ ਥੋੜੇ ਫਰਕ ਨਾਲ ਚੋਣ ਜਿੱਤ ਲਈ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu

Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਅਮਰੀਕੀ ਚੋਣਾਂ ਵਿਚ ਕੋਈ ਧਾਂਦਲੀ ਨਹੀਂ ਹੋਈ : ਸੁਰੱਖਿਆ ਅਧਿਕਾਰੀ

## ✪ ਵੋਟਾਂ ਦਾ ਸਾਰਾ ਰਿਕਾਰਡ ਮੌਜੂਦ ✪ ਬਹੁਤ ਸਾਰੇ ਰਿਪਬਲੀਕਨ ਆਗੂਆਂ ਨੇ ਬਾਇਡੇਨ ਨੂੰ ਅਗਲੇ ਰਾਸ਼ਟਰਪਤੀ ਵਜੋਂ ਕੀਤਾ ਸਵੀਕਾਰ

**ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਚੋਣ ਸੁਰੱਖਿਆ ਅਧਿਕਾਰੀਆਂ ਦੀ ਰਾਸ਼ਟਰੀ ਕੁਲੀਸ਼ਨ ਨੇ ਕਿਹਾ ਹੈ ਕਿ ਪਿਛਲੇ ਹਫ਼ਤੇ ਹੋਈਆਂ ਅਮਰੀਕਾ ਦੀਆਂ ਆਮ ਚੋਣਾਂ ਦੇਸ਼ ਦੇ ਇਤਿਹਾਸ ਵਿਚ ਸਭ ਤੋਂ ਵੱਧ ਸੁਰੱਖਿਅਤ ਤੇ ਸਾਫ਼-ਸੁਥਰੀਆਂ ਚੋਣਾਂ ਹਨ। ਇਨਾਂ ਵਿਚ ਕਿਸੇ ਕਿਸਮ ਦਾ ਕੋਈ ਧੋਖਾ ਜਾਂ ਧਾਂਦਲੀ ਨਹੀਂ ਹੋਈ।

ਹੋਮਲੈਂਡ ਸੁਰੱਖਿਆ ਵਿਭਾਗ ਦੇ ਸਾਈਬਰ ਸਕਿਉਰਟੀ ਐਂਡ ਇਨਫਰਾਸਟਰਕਚਰ ਏਜੰਸੀ (ਸੀ ਆਈ ਐਸ ਏ) ਤੇ ਨੈਸ਼ਨਲ ਐਸੋਸੀਏਸ਼ਨ ਆਫ਼ ਸਟੇਟ ਇਲੈਕਸ਼ਨ ਡਾਇਰੈਕਟਰਜ ਸਮੇਤ ਹੋਰ ਸੁਰੱਖਿਆ ਗਰੁੱਪਾਂ ਨੇ ਕਿਹਾ ਹੈ ਕਿ ਵੋਟਿੰਗ ਪ੍ਰਣਾਲੀ ਨੂੰ ਬਰਬਾਦ ਕਰਨ ਜਾਂ ਵੋਟਾਂ ਗਵਾਚਣ, ਵੋਟਾਂ ਬਦਲਣ ਜਾਂ ਵੋਟਿੰਗ ਪ੍ਰਣਾਲੀ ਨਾਲ ਹੋਰ ਕਿਸੇ ਵੀ ਕਿਸਮ ਦੀ ਛੇੜਛਾੜ ਕਰਨ ਦਾ ਕੋਈ ਸਬੂਤ ਨਹੀਂ ਹੈ।

ਬਹੁਤ ਫਸਵੀਂ ਟੱਕਰ ਵਾਲੇ ਰਾਜਾਂ ਸਮੇਤ ਸਾਰੇ ਰਾਜਾਂ ਵਿਚ ਵੋਟਾਂ ਦਾ ਸਾਰਾ ਰਿਕਾਰਡ ਮੌਜੂਦ ਹੈ ਤੇ ਜ਼ਰੂਰੀ ਹੋਣ 'ਤੇ ਉਨਾਂ ਵੋਟਾਂ ਦੀ ਜਦੋਂ ਮਰਜ਼ੀ ਦੁਬਾਰਾ ਗਿਣਤੀ ਹੋ ਸਕਦੀ ਹੈ।

ਗਰੁੱਪ ਨੇ ਹੋਰ ਕਿਹਾ ਹੈ ਕਿ ਜੇਕਰ ਤੁਹਾਡੇ ਮੰਨ ਵਿਚ ਕੋਈ ਸਵਾਲ ਹਨ ਤਾਂ ਤੁਸੀਂ ਸਬੰਧਤ ਚੋਣ ਅਧਿਕਾਰੀਆਂ ਕੋਲ ਜਾ ਸਕਦੇ ਹੋ ਅਤੇ ਆਪਣੀ ਸੰਤੁਸ਼ਟੀ ਕਰ ਸਕਦੇ ਹੋ।

**ਰਿਪਬਲੀਕਨਾਂ ਵੱਲੋਂ ਬਾਈਡੇਨ ਦਾ ਸਮਰਥਨ-** ਪ੍ਰਮੁੱਖ ਤੇ ਸ਼ਕਤੀਸ਼ਾਲੀ ਰਿਪਬਲੀਕਨਾਂ ਨੇ ਜੋਅ ਬਾਇਡੇਨ ਨਾਲ ਇਕ ਰਾਸ਼ਟਰਪਤੀ ਵਜੋਂ ਵਿਵਹਾਰ ਕਰਨ ਦੇ ਸੰਕੇਤ ਦਿੱਤੇ ਹਨ ਹਾਲਾਂ ਕਿ ਉਹ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਮਰਥਨ ਕਰ ਰਹੇ ਹਨ ਜੋ ਕਿ ਹਾਰ ਸਵੀਕਾਰ ਨਾ ਕਰਨ 'ਤੇ ਅੜੇ ਹੋਏ ਹਨ। 7 ਵਾਰ ਦੇ ਸੈਨੇਟਰ ਚੁੱਕ ਗਰਾਸਲੇ (ਲੋਵਾ) ਸਮੇਤ ਅਨੇਕਾਂ ਜੀ ਓ ਪੀ ਸੈਨੇਟਰਾਂ ਨੇ ਆਪਣੇ ਆਪ ਨੂੰ ਜੇਤੂ ਐਲਾਨੇ ਬਿਨਾਂ ਕਿਹਾ ਹੈ ਕਿ ਉਹ ਇਸ ਪਿੱਛੇ ਕੋਈ ਕਾਰਨ ਨਹੀਂ ਸਮਝਦੇ ਕਿ ਬਾਇਡੇਨ ਨੂੰ ਟਰੰਪ ਵਾਂਗ ਰੋਜ਼ਾਨਾ ਖ਼ੁਫ਼ੀਆ ਜਾਣਕਾਰੀ ਨਾ ਮਿਲੇ। ਖ਼ੁਫ਼ੀਆ ਜਾਣਕਾਰੀ ਮੌਜੂਦਾ ਰਾਸ਼ਟਰਪਤੀ ਦੇ ਨਾਲ-ਨਾਲ ਅਹੁਦਾ ਸੰਭਾਲ ਰਹੇ ਰਾਸ਼ਟਰਪਤੀ ਨੂੰ ਵੀ ਦਿੱਤੀ ਜਾਂਦੀ ਹੈ ਤਾਂ ਜੋ ਉਹ ਅਹੁਦਾ ਸੰਭਾਲਣ ਉਪਰੰਤ ਰਾਸ਼ਟਰੀ ਸੁਰੱਖਿਆ ਮੁੱਦਿਆਂ ਬਾਰੇ ਲੋੜੀਂਦੇ ਕਦਮ ਚੁੱਕ ਸਕਣ। ਆਰ-ਓਕਲਾ ਤੋਂ ਸੈਨੇਟਰ ਜੇਮਜ ਲੰਕਫੋਰਡ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਟਰੰਪ ਪ੍ਰਸ਼ਾਸਨ ਦੇ ਅਧਿਕਾਰੀਆਂ ਉੱਪਰ ਦਬਾਅ ਪਾਉਣਗੇ ਕਿ ਉਹ ਜੋਅ ਬਾਇਡੇਨ ਨਾਲ ਜਾਣਕਾਰੀ ਸਾਂਝੀ ਕਰਨ। ਹੋਮਲੈਂਡ ਸੁਰੱਖਿਆ ਕਮੇਟੀ ਵਿਚ ਸ਼ਾਮਿਲ ਲੰਕਫੋਰਡ ਨੇ ਕਿਹਾ ਕਿ ਜੇਕਰ ਟਰੰਪ ਪ੍ਰਸ਼ਾਸਨ ਨੇ ਫ਼ੌਰੀ ਜਾਣਕਾਰੀ ਦੇਣੀ ਸ਼ੁਰੂ ਨਾ ਕੀਤੀ ਤਾਂ ਉਹ ਇਸ ਸਬੰਧੀ ਕਦਮ ਚੁੱਕਣਗੇ। ਗਰਾਸਲੇ ਨੇ ਕਿਹਾ ਕਿ ਬਾਇਡੇਨ ਨੂੰ ਖ਼ੁਫ਼ੀਆ ਜਾਣਕਾਰੀ ਦੇਣ ਵਿਚ ਕੋਈ ਸਮੱਸਿਆ ਨਹੀਂ ਹੈ। ਗਰਾਸਲੇ ਦੇ ਬਿਆਨ ਤੋਂ ਬਾਅਦ ਰਾਸ਼ਟਰਪਤੀ ਦੇ ਕੈਪੀਟਲ ਹਿੱਲ ਵਿਚਲੇ ਬਹੁਤ ਨਜ਼ਦੀਕੀ ਸਹਿਯੋਗੀਆਂ ਜਿਵੇਂ ਰੋਨ ਜੌਹਨਸਨ (ਵਿਸਕਾਨਸਨ) ਜੋ ਹੋਮਲੈਂਡ ਸੁਰੱਖਿਆ ਕਮੇਟੀ ਦੇ ਪ੍ਰਧਾਨ ਹਨ, ਜੁਡੀਸ਼ੀਅਲ ਕਮੇਟੀ ਦੇ ਚੇਅਰਮੈਨ ਲਿੰਡਸੇਅ ਗਰਾਹਮ ਤੇ ਮਿਸੌਰੀ ਤੋਂ ਸੈਨੇਟਰ ਜੋਸ਼ ਹਾਵਲੇਅ ਨੇ ਬਾਇਡੇਨ ਨਾਲ ਰਾਸ਼ਟਰਪਤੀ ਵਾਂਗ ਵਿਚਰਨ ਦੀ ਗੱਲ ਕਹੀ ਹੈ। ਫਲੋਰੀਡਾ ਤੋਂ ਜੀ ਓ ਪੀ ਸੈਨੇਟਰ ਮਾਰਕੋ ਰੂਬੀਓ ਨੇ ਕਿਹਾ ਹੈ ਕਿ ਉਹ ਬਾਇਡੇਨ ਟੀਮ ਵੱਲੋਂ ਕੁੱਝ ਸਰਕਾਰੀ ਫੰਡਿੰਗ ਬਾਰੇ ਜਾਣਕਾਰੀ ਲੈਣ ਦਾ ਵਿਰੋਧ ਨਹੀਂ ਕਰਦੇ ਤੇ ਆ ਰਹੇ ਪ੍ਰਸ਼ਾਸਨ ਲਈ ਸਾਰੀਆਂ ਰਵਾਇਤੀ ਕਾਰਵਾਈਆਂ ਦਾ ਸਮਰਥਨ ਕਰਦੇ ਹਨ। ਆਉਣ ਵਾਲੇ ਦਿਨਾਂ ਵਿਚ ਰਾਸ਼ਟਰਪਤੀ ਟਰੰਪ ਉੱਪਰ ਉਸ ਦੇ ਆਪਣੇ ਹੀ ਸੈਨੇਟਰਾਂ ਤੇ ਆਗੂਆਂ ਵੱਲੋਂ ਹਾਰ ਸਵੀਕਾਰ ਕਰਨ ਲਈ ਦਬਾਅ ਵਧਣ ਦੀ ਸੰਭਾਵਨਾ ਹੈ ਕਿਉਂਕਿ ਪਾਰਟੀ ਆਗੂ ਬਾਇਡੇਨ ਦੀ ਜਿੱਤ ਸਵੀਕਾਰ ਨਾ ਕਰਨ ਪਿੱਛੇ ਕੋਈ ਕਾਰਨ ਨਹੀਂ ਸਮਝਦੇ। ਉਨਾਂ ਦਾ ਮੰਨਣਾ ਹੈ ਕਿ ਲੋਕਤੰਤਰਿਕ ਰਵਾਇਤਾਂ ਅਨੁਸਾਰ ਸੱਤਾ ਤਬਦੀਲੀ ਵਿਚ ਕਿਸੇ ਤਰਾਂ ਦਾ ਅੜਿੱਕਾ ਨਹੀਂ ਪਾਉਣਾ ਚਾਹੀਦਾ ਕਿਉਂਕਿ ਇਹ ਇਕ ਬਹੁਤ ਗ਼ਲਤ ਰਵਾਇਤ ਹੋਵੇਗੀ ਜੋ ਭਵਿੱਖ ਦੀਆਂ ਚੋਣਾਂ ਵਿਚ ਵੀ ਜਾਰੀ ਰਹਿ ਸਕਦੀ ਹੈ।

# ਸਿੱਖ ਸੇਵਾ ਫਾਊਂਡੇਸ਼ਨ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਸੈਲਮਾ 'ਚ ਬੋਰਡ ਲਗਾਏ





ਸਿੱਖ ਸੇਵਾ ਫਾਊਂਡੇਸ਼ਨ ਅਮਰੀਕਾ ਦੇ ਚੇਅਰਮੈਨ ਬਹਾਦਰ ਸਿੰਘ, ਸੈਲਮਾ (ਔਰੇਗਨ) ਵਿਚ ਲਗਾਏ ਬੋਰਡ ਦਾ ਦ੍ਰਿਸ਼

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿੱਖਾਂ ਦੇ ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਗੁਰਪੁਰਬ ਨੂੰ ਮਨਾਉਣ ਲਈ ਸੈਲਮਾ ਸ਼ਹਿਰ ਵਿਚ ਸਿੱਖ ਸੇਵਾ ਫਾਊਂਡੇਸ਼ਨ ਦੇ ਚੇਅਰਮੈਨ ਬਹਾਦਰ ਸਿੰਘ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਵੱਖ ਵੱਖ ਥਾਵਾਂ ਤੇ ਹਾਈਵੇਅ 'ਤੇ ਬੋਰਡ ਲਗਾਏ ਗਏ ਹਨ। ਬਹਾਦਰ ਸਿੰਘ ਨੇ ਦੱਸਿਆ ਕਿ ਅਮਰੀਕਾ ਦੇ ਦੂਸਰੇ ਸ਼ਹਿਰਾਂ ਤੇ ਹਾਈਵੇਅ ਉੱਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਗੁਰਪੁਰਬ ਮਨਾਉਣ ਲਈ ਬੋਰਡ ਲਗਾਉਣੇ ਚਾਹੀਦੇ ਹਨ ਜਿਸ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਤੇ ਸਿੱਖਿਆਵਾਂ ਦਾ ਪ੍ਰਚਾਰ ਅਤੇ ਪ੍ਰਸਾਰ ਹੋ ਸਕੇ। ਸੈਲਮਾ ਦੀ ਸਮੁੱਚੀ ਸੰਗਤ ਦੀ ਅਪੀਲ ਹੈ ਕਿ ਕਰਤਾਰਪੁਰ ਲਾਂਘਾ ਗੁਰਪੁਰਬ ਤੋਂ ਪਹਿਲਾਂ ਭਾਰਤ ਸਰਕਾਰ ਨੂੰ ਖੋਲ ਦੇਣਾ ਚਾਹੀਦਾ ਹੈ ਜੋ ਅਮਨ, ਸ਼ਾਂਤੀ ਤੇ ਦੋਨਾਂ ਦੇਸ਼ਾਂ ਵਿਚ ਸੁਖਾਵੇਂ ਸਬੰਧਾਂ ਲਈ ਪ੍ਰੇਰਨਾ ਸਰੋਤ ਹੋਵੇਗਾ। ਸਿੱਖ ਸੇਵਾ ਫਾਊਂਡੇਸ਼ਨ ਅਮਰੀਕਾ ਵੱਲੋਂ ਬੋਰਡ ਲਾਉਣ ਦੀ ਸੇਵਾ ਦੀ ਪੰਜਾਬੀ ਭਾਈਚਾਰੇ ਵੱਲੋਂ ਸ਼ਲਾਘਾ ਹੋ ਰਹੀ ਹੈ।

# ਕੈਲੀਫੋਰਨੀਆਂ ਵਿੱਚ ਭੁਲੱਥ ਹਲਕੇ ਦੇ ਕਸਬਾ ਨਡਾਲਾ ਦੇ ਇਕ ਨੌਜਵਾਨ ਦੀ ਮੌਤ



ਗੁਰਪ੍ਰੀਤ ਵਾਲ਼ੀਆ

**ਨਿਊਯਾਰਕ/ਰਾਜ ਗੋਗਨਾ:** ਆਪਣੇ ਚੰਗੇ ਭਵਿੱਖ ਲਈ ਕਰੀਬ 8 ਕੁ ਸਾਲ ਪਹਿਲਾਂ ਨਡਾਲਾ ਦਾ ਜੰਮਪਲ ਅਮਰੀਕਾ ਆਇਆ ਸੀ 28 ਸਾਲਾ ਨਡਾਲਾ ਨਿਵਾਸੀ ਗੁਰਪ੍ਰੀਤ ਵਾਲ਼ੀਆ ਉਰਫ ਗੋਪੀ ਸਪੁੱਤਰ ਨੰਬਰਦਾਰ ਬਲਵਿੰਦਰਜੀਤ ਸਿੰਘ ਦੀ ਬੀਤੀ ਰਾਤ ਦਿਲ ਦਾ ਦੌਰਾ ਪੈਣ ਕਾਰਨ ਫਰਿਜਨੋ (ਕੈਲੀਫੋਰਨੀਆਂ) ਵਿੱਚ ਮੌਤ ਹੋ ਗਈ। ਗੋਪੀ ਦੀ ਮੌਤ ਮਨਹੂਸ ਖ਼ਬਰ ਨਾਲ ਨਡਾਲਾ ਵਿੱਚ ਸੋਗ ਦੀ ਲਹਿਰ ਦੌੜ ਗਈ ਅਤੇ ਦੀਵਾਲੀ ਦੀਆਂ ਖ਼ੁਸ਼ੀਆਂ ਮਾਤਮ 'ਚ ਬਦਲ ਗਈਆਂ। ਜਾਣਕਾਰੀ ਅਨੁਸਾਰ ਸਾਲ 1991 ਵਿੱਚ ਜਨਮੇ ਗੁਰਪ੍ਰੀਤ ਸਿੰਘ ਉਰਫ ਗੋਪੀ ਆਪਣੇ ਤੇ ਆਪਣੇ ਪਰਿਵਾਰ ਦੇ ਚੰਗੇ ਭਵਿੱਖ ਲਈ ਕਰੀਬ 8 ਸਾਲ ਪਹਿਲਾਂ ਅਮਰੀਕਾ ਗਿਆ ਸੀ ਅਤੇ ਉੱਥੇ ਉਸਨੇ ਚੰਗੀ ਮਿਹਨਤ ਕਰਕੇ ਪੱਕੇ ਹੋਣ ਲਈ ਕੇਸ ਵੀ ਫਾਇਲ ਕੀਤਾ ਅਤੇ ਉਸ ਦਾ ਕੇਸ ਵੀ ਪਾਸ ਵੀ ਹੋ ਗਿਆ ਸੀ ਪਰ ਅਜੇ ਤੱਕ ਪੱਕੇ ਕਾਗ਼ਜ਼ ਨਹੀਂ ਮਿਲੇ ਸਨ। ਇਸੇ ਦੌਰਾਨ ਕਰੀਬ ਬੀਤੇ ਤਿੰਨ ਦਿਨ ਪਹਿਲਾਂ ਗੁਰਪ੍ਰੀਤ ਨੂੰ ਹਾਰਟ ਅਟੈਕ ਹੋ ਗਿਆ। ਹਾਰਟ ਅਟੈਕ ਹੋਣ ਉਪਰੰਤ ਉਸ ਨੂੰ ਇਲਾਜ ਲਈ ਕੰਮਿਉਨਿਟੀ ਰਿਜਨਲ ਮੈਡੀਕਲ ਸੈਂਟਰ, ਫਰਿਜਨੋ (ਕੈਲੀਫੋਰਨੀਆਂ) ਵਿੱਚ ਭਰਤੀ ਕਰਵਾਇਆ ਗਿਆ। ਪਰ ਬਦਕਿਸਮਤੀ ਨਾਲ ਭਾਰਤੀ ਸਮੇਂ ਅਨੁਸਾਰ ਸਵੇਰੇ 4 ਵਜੇ ਉਸਦੀ ਮੌਤ ਹੋ ਗਈ। ਗੁਰਪ੍ਰੀਤ ਉਰਫ ਗੋਪੀ ਦਾ ਅੰਤਿਮ ਸੰਸਕਾਰ ਅਮਰੀਕਾ ਵਿੱਚ ਕੀਤਾ ਜਾਵੇਗਾ ਜਾਂ ਫਿਰ ਭਾਰਤ ਵਿੱਚ, ਇਸ ਬਾਰੇ ਅਜੇ ਤੱਕ ਕੋਈ ਸਪਸ਼ਟ ਨਹੀਂ ਹੋਇਆ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਫੈਡਰਲ ਜੱਜ ਨੇ ਇੰਮੀਗਰੇਸ਼ਨ-ਡਾਕਾ ਦੇ ਨਵੇਂ ਨਿਯਮ ਨੂੰ ਅਯੋਗ ਕਰਾਰ ਦਿੱਤਾ

**ਵਸ਼ਿਗਟਨ ਡੀ ਸੀ/ਸੁਰਿੰਦਰ ਗਿੱਲ:** ਚਾਡ ਵੁਲਫ ਕਾਨੂੰਨੀ ਤੌਰ 'ਤੇ ਕਾਰਜਕਾਰੀ ਹੋਮਲੈਂਡ ਸੁਰੱਖਿਆ ਸਕੱਤਰ ਵਜੋਂ ਕੰਮ ਕਰ ਰਿਹਾ ਸੀ ਜਦੋਂ ਉਸ ਨੇ ਡੀਏਸੀਏ ਦੀਆਂ ਅਰਜ਼ੀਆਂ ਅਤੇ ਨਵੀਨੀਕਰਨਾਂ ਨੂੰ ਸੀਮਿਤ ਕਰਨ ਵਾਲੇ ਨਿਯਮਾਂ 'ਤੇ ਦਸਤਖ਼ਤ ਕੀਤੇ ਸਨ ਇਹ ਨਿਯਮ ਹੁਣ ਅਯੋਗ ਹਨ, ਇੱਕ ਸੰਘੀ ਜੱਜ ਨੇ ਸ਼ਨੀਵਾਰ ਨੂੰ ਫ਼ੈਸਲਾ ਸੁਣਾਇਆ।



ਵੁਲਫ ਨੇ ਜੁਲਾਈ ਵਿਚ ਇਕ ਯਾਦ ਪੱਤਰ ਜਾਰੀ ਕਰਦਿਆਂ ਕਿਹਾ ਸੀ ਕਿ ਡੀਏਸੀਏ ਲਈ ਨਵੀਆਂ ਅਰਜ਼ੀਆਂ, ਓਬਾਮਾ-ਯੁੱਗ ਪ੍ਰੋਗਰਾਮ ਜੋ ਕੁਝ ਗੈਰ-ਪ੍ਰਮਾਣਿਤ ਪ੍ਰਵਾਸੀਆਂ ਨੂੰ ਦੇਸ਼ ਨਿਕਾਲੇ ਤੋਂ ਬਚਾਉਂਦਾ ਹੈ, ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਨਵੀਨੀਕਰਨ ਦੋ ਸਾਲਾਂ ਦੀ ਬਜਾਏ, ਇਕ ਸਾਲ ਤੱਕ ਸੀਮਤ ਰਹਿਣਗੇ। ਸੁਪਰੀਮ ਕੋਰਟ ਨੇ ਪ੍ਰੋਗਰਾਮ ਨੂੰ ਖ਼ਤਮ ਕਰਨ ਦੀ, ਟਰੰਪ ਪ੍ਰਸ਼ਾਸਨ ਦੀ ਕੋਸ਼ਿਸ਼ ਨੂੰ ਰੋਕ ਦਿੱਤਾ ਅਤੇ ਮੀਮੋ ਨੇ ਸਮਾਂ ਖ਼ਰੀਦਣ ਦੀ ਮੰਗ ਕੀਤੀ ਜਦਕਿ ਪ੍ਰਸ਼ਾਸਨ ਨੇ ਆਪਣੇ ਅਗਲੇ ਕਦਮ ਸੁਣਾਏ।

ਸ਼ਨੀਵਾਰ ਦਾ ਇਹ ਫ਼ੈਸਲਾ ਅਪੀਲ ਦੇ ਅਧੀਨ ਹੋਵੇਗਾ ਜੇ ਯੂ ਐੱਸ ਦੀ ਸਰਕਾਰ ਅਜਿਹਾ ਕਰਨ ਦੀ ਚੋਣ ਕਰਦੀ ਹੈ।

ਵੁਲਫ ਦੀ ਨਿਯੁਕਤੀ ਕਾਨੂੰਨੀ ਤੌਰ 'ਤੇ ਪ੍ਰਸ਼ਨ ਹਿਤ ਹੈ। ਟਰੰਪ ਪ੍ਰਸ਼ਾਸਨ ਨੇ ਉਦਘਾਟਨ ਦਿਵਸ ਤੋਂ ਪਹਿਲਾਂ ਵੁਲਫ ਦੀ ਪੁਸ਼ਟੀ ਕਰਨ ਲਈ ਇੱਕ ਦਬਾਅ ਨਵਾਂ ਕੀਤਾ ਹੈ। ਉਹ ਇਸ ਸਮੇਂ ਅਦਾਕਾਰੀ ਦੀ ਯੋਗਤਾ ਵਿਚ ਸੇਵਾ ਕਰ ਰਿਹਾ ਹੈ। ਸਰਕਾਰੀ ਜਵਾਬਦੇਹੀ ਦਫ਼ਤਰ ਨੇ ਅਗਸਤ ਵਿਚ ਇਕ ਰਿਪੋਰਟ ਜਾਰੀ ਕਰਦਿਆਂ ਕਿਹਾ ਕਿ ਵੁਲਫ ਦੀ ਨਿਯੁਕਤੀ ਉੱਤਰ-ਅਵਿਸ਼ਵਾਸ ਦੇ ਅਯੋਗ ਹੁਕਮ ਦਾ ਹਿੱਸਾ ਸੀ।

# ਯੂਨੀਵਰਸਿਟੀ ਆਫ ਕੈਲੀਫੋਰਨੀਆ ਸੈਕਸ ਸ਼ੋਸ਼ਣ ਦੇ ਮਾਮਲੇ ਵਿਚ 7.30 ਕਰੋੜ ਡਾਲਰ ਦੀ ਅਦਾਇਗੀ ਕਰਨ ਲਈ ਤਿਆਰ

**ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਯੂਨੀਵਰਸਿਟੀ ਆਫ ਕੈਲੀਫੋਰਨੀਆ ਵਿਚ ਕੰਮ ਕਰਦੇ ਰਹੇ ਔਰਤ ਰੋਗਾਂ ਦੇ ਮਾਹਿਰ ਡਾ. ਜੇਮਜ ਹੀਪਸ ਉੱਪਰ ਆਪਣੇ ਮਰੀਜ਼ਾਂ ਦੇ ਸੈਕਸ ਸ਼ੋਸ਼ਣ ਦੇ ਲੱਗੇ ਦੋਸ਼ਾਂ ਦੇ ਮਾਮਲੇ ਵਿਚ ਇਕ ਸਮਝੌਤੇ ਤਹਿਤ ਯੂਨੀਵਰਸਿਟੀ ਪੀੜਤਾਂ ਨੂੰ 7.30 ਕਰੋੜ ਡਾਲਰਾਂ ਦੀ ਅਦਾਇਗੀ ਕਰੇਗੀ। ਯੂਨੀਵਰਸਿਟੀ ਆਫ ਕੈਲੀਫੋਰਨੀਆ ਸਕੂਲ ਸਿਸਟਮ ਨੇ ਵਕੀਲਾਂ ਤੇ ਹੋਰ ਲੋਕਾਂ ਦੀ ਵਿਚੋਲਗੀ ਰਾਹੀਂ 7 ਔਰਤਾਂ, ਜਿਨਾਂ ਨੇ ਡਾਕਟਰ ਜੇਮਜ ਉੱਪਰ ਸੈਕਸ ਸ਼ੋਸ਼ਣ ਦੇ ਦੋਸ਼ ਲਾਏ ਸਨ, ਨਾਲ ਸਮਝੌਤਾ ਕੀਤਾ ਹੈ। ਹੁਣ ਇਸ ਸਮਝੌਤੇ ਦੀ ਇਕ ਸੰਘੀ ਅਦਾਲਤ ਵੱਲੋਂ ਮਨਜ਼ੂਰੀ ਦਿੱਤੀ ਜਾਣੀ ਹੈ ਜਿਸ ਅਦਾਲਤ ਵਿਚ ਪੀੜਤ ਔਰਤਾਂ ਨੇ ਪਟੀਸ਼ਨ



*ਡਾ ਜੇਮਜ ਹੀਪਸ*

ਦਾਇਰ ਕੀਤੀ ਸੀ। ਪ੍ਰਸਤਾਵਿਤ ਸਮਝੌਤੇ ਤਹਿਤ ਯੂਨੀਵਰਸਿਟੀ ਅਦਾਇਗੀ ਕਰਨ ਦੇ ਨਾਲ ਨਾਲ ਆਪਣੇ ਸਿਸਟਮ ਵਿਚ ਸੁਧਾਰ ਕਰੇਗੀ ਤਾਂ ਜੋ ਭਵਿੱਖ ਵਿਚ ਇਸ ਕਿਸਮ ਦੀ ਸ਼ਰਮਨਾਕ ਘਟਨਾ ਨਾ ਵਾਪਰੇ। 63 ਸਾਲਾ ਡਾ. ਹੀਪਸ ਨੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਲਾਸ ਏਂਜਲਸ ਦੇ ਸਟੂਡੈਂਟ ਹੈਲਥ ਸੈਂਟਰ ਵਿਚ 1983 ਤੋਂ 2010 ਤੱਕ ਕੰਮ ਕੀਤਾ। ਪੀੜਤਾਂ ਤੇ ਯੂਨੀਵਰਸਿਟੀ ਦਰਮਿਆਨ ਹੋਏ ਸਮਝੌਤੇ ਤੋਂ ਇਲਾਵਾ ਡਾ. ਹੀਪਸ ਵਿਰੁੱਧ ਸਰੀਰਕ ਸ਼ੋਸ਼ਣ ਦਾ ਅਪਰਾਧਕ ਮਾਮਲਾ ਵੱਖਰਾ ਚੱਲ ਰਿਹਾ ਹੈ ਜਿਸ ਦੀ ਅਗਲੀ ਸੁਣਵਾਈ 7 ਦਸੰਬਰ ਹੈ। ਹਾਲਾਂਕਿ ਡਾਕਟਰ ਆਪਣੇ ਆਪ ਨੂੰ ਨਿਰਦੋਸ਼ ਦੱਸ ਰਿਹਾ ਹੈ ਪਰ ਉਸ ਨੂੰ ਅਦਾਲਤ ਵਿਚ ਪੇਸ਼ ਸਬੂਤਾਂ ਨੂੰ ਝੁਠਲਾਉਣਾ ਪਵੇਗਾ। ਜੂਨ 2019 ਵਿਚ ਇਕ ਔਰਤ ਮਰੀਜ਼ ਨੇ ਡਾਕਟਰ ਵਿਰੁੱਧ ਸੈਕਸ ਸ਼ੋਸ਼ਣ ਦੇ ਦੋਸ਼ ਲਾਏ ਸਨ ਪਰ ਬਾਅਦ ਵਿਚ 6 ਹੋਰ ਔਰਤਾਂ ਸਾਹਮਣੇ ਆਈਆਂ ਜਿਨਾਂ ਨਾਲ ਡਾਕਟਰ ਵੱਲੋਂ ਗ਼ਲਤ ਵਿਵਹਾਰ ਕੀਤਾ ਗਿਆ ਸੀ।

# ਸਹਾਇਤਾ ਸੰਸਥਾ ਦੀ 'ਵਰਚੁਅਲ ਮਹਿਫਲ ਨਾਈਟ' 22 ਨਵੰਬਰ ਨੂੰ ਹੋਵੇਗੀ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਬੀਤੇ ਕਈ ਸਾਲਾ ਤੋਂ ਸਹਾਇਤਾ ਸੰਸਥਾ ਸਮਾਜ ਦੇ ਇਕ ਲੋੜਵੰਦ ਵਰਗ ਦੀ ਬਾਂਹ ਫੜਦੀ ਆਈ ਹੈ। ਸੰਸਥਾ ਵੱਲੋਂ ਕੀਤੀ ਗਈ ਹਰ ਕਾਰਗੁਜ਼ਾਰੀ ਸਮਾਜ ਲਈ ਮਹੱਤਵਪੂਰਨ ਰਹੀ ਹੈ ਉਹ ਚਾਹੇ ਬੱਚਿਆਂ ਨੂੰ ਸਿੱਖਿਅਤ ਕਰਨਾ ਹੋਵੇ, ਕਿਸਾਨ ਖੁਦਕੁਸ਼ੀਆਂ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਕਰਨਾ ਹੋਵੇ, ਪੰਜਾਬ 'ਚ ਹੜਾਂ ਤੋਂ ਬਾਅਦ ਸਕੂਲ ਇਮਾਰਤਾਂ ਦੁਬਾਰਾ ਬਣਾਉਣਾ ਹੋਵੇ, ਸਿਹਤ ਕੈਂਪਾਂ ਦੀ ਮੇਜ਼ਬਾਨੀ ਕਰਨਾ ਹੋਵੇ ਤੇ ਜਾਂ ਲੋੜੀਂਦੀਆਂ ਲਈ ਪੀ.ਪੀ.ਈ. ਦੀ ਮੰਗ ਪੂਰਾ ਕਰਨਾ ਹੋਵੇ ਹਰ ਪਾਸੇ ਸਹਾਇਤਾ ਸੰਸਥਾ ਨੇ ਸਮਾਜ ਦੀ ਸਹਾਇਤਾ ਕੀਤੀ ਹੈ।




ਸਹਾਇਤਾ ਸੰਸਥਾ ਦੇ ਸਰਗਰਮ ਮੈਂਬਰ ਸ. ਸਰੂਪ ਸਿੰਘ ਝੱਜ ਨੇ ਲਿਖਤੀ ਰੂਪ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸੰਸਥਾ ਵੱਲੋਂ 22 ਨਵੰਬਰ ਨੂੰ ਸ਼ਾਮ 5 ਵਜੇ (8 ਸ਼ਾਮ ਈ.ਐੱਸ.ਟੀ, 6.30 ਸ਼ਾਮ ਆਈ.ਐੱਸ.ਟੀ.) ਵਜੇ ਇਕ 'ਵਰਚੂਅਲ ਮਹਿਫਲ ਨਾਈਟ' ਆਯੋਜਿਤ ਕੀਤੀ ਜਾ ਰਹੀ ਹੈ। ਇਸ ਵਿਚ ਸ਼ਾਮਿਲ ਹੋਣ ਲਈ ਨਿੱਘਾ ਸੱਦਾ ਦਿੱਤਾ ਗਿਆ ਹੈ।

ਇਸ ਨਾਈਟ ਨੂੰ ਫੇਸਬੁੱਕ ਅਤੇ ਯੂ-ਟਿਊਬ 'ਤੇ ਵੇਖਿਆ ਜਾ ਸਕਦਾ ਹੈ। ਕਿਸੇ ਵੀ ਜਾਣਕਾਰੀ ਲਈ **info@sahaita.org** ਤੇ ਈਮੇਲ ਕਰਕੇ ਜਾਣਕਾਰੀ ਲਈ ਜਾ ਸਕਦੀ ਹੈ ਜਾਂ ਫ਼ੋਨ ਨੰਬਰ +1 (916) 246-6088 'ਤੇ ਕਾਲ ਕੀਤੀ ਜਾ ਸਕਦੀ ਹੈ। ਸਮੂਹ ਪ੍ਰਬੰਧਕਾਂ ਵੱਲੋਂ ਆਪ ਸਭ ਨੂੰ ਸੰਸਥਾ ਦੇ ਪ੍ਰੋਗਰਾਮ ਨੂੰ ਦੇਖਣ ਅਤੇ ਸੰਸਥਾ ਨਾਲ ਜੁੜਨ ਦੀ ਅਪੀਲ ਕੀਤੀ ਜਾਂਦੀ ਹੈ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੋਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਅਗਸਤਾ ਵੈਸਟਲੈਂਡ ਹੈਲੀਕਾਪਟਰ ਘੁਟਾਲੇ 'ਚ ਫਸੇ ਸਲਮਾਨ ਖੁਰਸ਼ੀਦ ਤੇ ਕਮਲਨਾਥ ਦਾ ਪੁੱਤ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਅਗਸਤਾ ਵੈਸਟਲੈਂਡ ਹੈਲੀਕਾਪਟਰ ਖ਼ਰੀਦ ਘੁਟਾਲੇ ਦਾ ਜਿੰਨ ਕਾਂਗਰਸ ਦਾ ਪਿੱਛਾ ਨਹੀਂ ਛੱਡ ਰਿਹਾ। ਘੁਟਾਲੇ 'ਚ ਸ਼ਮੂਲੀਅਤ ਦੇ ਮੁਲਜ਼ਮਾਂ 'ਚ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲਨਾਥ ਦਾ ਭਾਣਜਾ ਰਤੁਲ ਪੁਰੀ ਪਹਿਲਾਂ ਹੀ ਗ੍ਰਿਫ਼ਤਾਰ ਹੋ ਚੁੱਕਾ ਹੈ ਤੇ ਫ਼ਿਲਹਾਲ ਜ਼ਮਾਨਤ 'ਤੇ ਹੈ। ਹੁਣ ਮੁਲਜ਼ਮ ਰਾਜੀਵ ਸਕਸੈਨਾ ਨੇ ਈਡੀ ਦੇ ਸਾਹਮਣੇ ਦਿੱਤੇ ਬਿਆਨ 'ਚ ਕਮਲਨਾਥ ਦੇ ਬੇਟੇ ਬਕੁਲ ਨਾਥ ਤੇ ਸਾਬਕਾ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਦਾ ਨਾਂ ਲਿਆ ਹੈ। ਵੈਸੇ ਸਲਮਾਨ ਖੁਰਸ਼ੀਦ ਨੇ ਘੁਟਾਲੇ ਨਾਲ ਕਿਸੇ ਤਰ੍ਹਾਂ ਦੇ ਸਬੰਧ ਤੋਂ ਸਾਫ਼ ਇਨਕਾਰ ਕੀਤਾ ਹੈ ਪਰ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਫ਼ੌਜੀ ਖ਼ਰੀਦ ਘੁਟਾਲਿਆਂ 'ਚ ਕਾਂਗਰਸ ਦੀ ਪੁਰਾਣੀ ਸ਼ਮੂਲੀਅਤ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨੂੰ ਜਨਤਾ ਦੇ ਸਾਹਮਣੇ ਇਸਦਾ ਜਵਾਬ ਦੇਣਾ ਪਵੇਗਾ।

ਈਡੀ ਦੇ ਸਾਹਮਣੇ ਦਿੱਤੇ ਲਗਭਗ ਇਕ ਹਜ਼ਾਰ ਸਫ਼ਿਆਂ ਦੇ ਆਪਣੇ ਬਿਆਨ 'ਚ ਰਾਜੀਵ ਸਕਸੈਨਾ ਨੇ ਸੌਦੇ 'ਚ ਲਈ ਗਈ ਦਲਾਲੀ ਦੀ ਰਕਮ ਨੂੰ ਭਾਰਤ ਪਹੁੰਚਾਉਣ 'ਚ ਆਪਣੀ ਸ਼ਮੂਲੀਅਤ ਮੰਨੀ ਹੈ। ਰਾਜੀਵ ਸਕਸੈਨਾ ਨੂੰ ਜਨਵਰੀ 2019 'ਚ ਦੁਬਈ ਤੋਂ ਹਵਾਲਗੀ ਜ਼ਰੀਏ ਭਾਰਤ ਲਿਆਂਦਾ ਗਿਆ ਸੀ। ਜਾਂਚ 'ਚ ਸਹਿਯੋਗ ਨੂੰ ਦੇਖਦੇ ਹੋਏ ਈਡੀ ਨੇ ਪਹਿਲਾਂ ਉਸਨੂੰ ਸਰਕਾਰੀ ਗਵਾਹ ਬਣਾਇਆ ਸੀ ਪਰ ਬਾਅਦ 'ਚ ਪਤਾ ਲੱਗਾ ਕਿ ਸਕਸੈਨਾ ਘੁਟਾਲੇ ਨਾਲ ਜੁੜੇ ਅਹਿਮ ਤੱਥ ਲੁਕਾ ਰਿਹਾ ਹੈ। ਇਸ ਤੋਂ ਬਾਅਦ ਈਡੀ ਨੇ ਉਸਨੂੰ ਸਰਕਾਰੀ ਗਵਾਹ ਤੋਂ ਹਟਾ ਕੇ ਮੁਲਜ਼ਮ ਬਣਾਉਣ ਲਈ ਅਦਾਲਤ ਦਾ ਦਰਵਾਜ਼ਾ ਖੜਕਾਇਆ ਹੈ।ਘੁਟਾਲੇ ਨਾਲ ਕਿਹੜੇ ਸਿਆਸਤਦਾਨਾਂ ਨੂੰ ਲਾਭ ਮਿਲਣ ਦੇ ਈਡੀ ਦੇ ਸਿੱਧੇ ਸਵਾਲ ਦਾ ਜਵਾਬ ਦਿੰਦੇ ਹੋਏ ਰਾਜੀਵ ਸਕਸੈਨਾ ਨੇ ਕਿਹਾ ਕਿ ਇੰਟਰਸਟੇਲਰ ਟੈਕਨਾਲੋਜੀਜ਼ ਲਿਮਟਿਡ ਤਕ ਘੁਟਾਲੇ ਦੀ ਰਕਮ ਪਹੁੰਚੀ ਸੀ। ਸੁਸ਼ੇਨ ਮੋਹਨ ਗੁਪਤਾ ਦੀ ਇਸ ਕੰਪਨੀ ਦਾ ਸੰਚਾਲਨ ਗੌਤਮ ਖੇਤਾਨ ਕਰਦਾ ਸੀ। ਈਡੀ ਸੁਸ਼ੇਨ ਮੋਹਨ ਗੁਪਤਾ ਤੇ ਗੌਤਮ ਖੇਤਾਨ ਦੋਵਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਤੇ ਦੋਵੇਂ ਜ਼ਮਾਨਤ 'ਤੇ ਹਨ। ਸਕਸੈਨਾ ਦੇ ਮੁਤਾਬਕ ਸੁਸ਼ੇਨ ਮੋਹਨ ਗੁਪਤਾ ਤੇ ਗੌਤਮ ਖੇਤਾਨ ਗੱਲਬਾਤ 'ਚ ਘੁਟਾਲੇ ਦਾ ਲਾਭ ਲੈਣ ਵਾਲੇ ਸਿਆਸਤਦਾਨਾਂ 'ਚ 'ਏਪੀ' ਦਾ ਨਾਂ ਲੈਂਦੇ ਸਨ। ਸਕਸੈਨਾ ਦੇ ਮੁਤਾਬਕ 'ਏਪੀ' ਦਾ ਇਸਤੇਮਾਲ ਅਹਿਮਦ ਪਟੇਲ ਲਈ ਕੀਤਾ ਜਾਂਦਾ ਸੀ। ਸਕਸੈਨਾ ਨੇ ਇਹ ਵੀ ਕਿਹਾ ਕਿ ਇੰਟਰਸਟੇਲਰ ਟੈਕਨਾਲੋਜੀਜ਼ ਤੇ ਗਲੋਬਲ ਸਰਵਿਸਿਜ਼ ਦੇ ਜ਼ਰੀਏ ਦਲਾਲੀ ਦੀ ਰਕਮ ਮੋਜਰ ਬੀਅਰ ਤੇ ਆਪਟਿਮਾ ਇਨਵੈਸਟਮੈਂਟ ਤਕ ਪਹੁੰਚਦੀ ਸੀ, ਜਿਹੜੀ ਰਤੁਲ ਪੁਰੀ ਤੇ ਉਸਦੇ ਪਰਿਵਾਰ ਦੀ ਕੰਪਨੀ ਹੈ। ਰਾਜੀਵ ਸਕਸੈਨਾ ਨੇ ਇਕ ਹੋਰ ਕੰਪਨੀ ਪ੍ਰਿਸਟਾਈਨ ਰਿਵਰ ਇਨਵੈਸਟਮੈਂਟ ਦਾ ਨਾਂ ਲਿਆ। ਪ੍ਰਿਸਟਾਈਨ ਰਿਵਰ ਇਨਵੈਸਟਮੈਂਟ ਤੋਂ ਰਾਜੀਵ ਸਕਸੈਨਾ ਤੇ ਸੁਸ਼ੇਨ ਮੋਹਨ ਗੁਪਤਾ ਕੋਲ ਬ੍ਰਿਜ ਫੰਡਿੰਗ ਦੇ ਜ਼ਰੀਏ ਪੈਸਾ ਪਹੁੰਚਦਾ ਸੀ। ਸਕਸੈਨਾ ਦੇ ਮੁਤਾਬਕ ਪ੍ਰਿਸਟਾਈਨ ਰਿਵਰ ਇਨਵੈਸਟਮੈਂਟ ਦੀ ਮੈਨੇਜਮੈਂਟ ਕਮਲਨਾਥ ਦੇ ਬੇਟੇ ਬਕੁਲ ਨਾਥ ਲਈ ਜੌਨ ਡਾਕੇਟਰੀ ਸੰਭਾਲਦਾ ਸੀ। ਇਸ ਤਰ੍ਹਾਂ ਇੰਟਰਸਟੇਲਰ ਟੈਕਨਾਲੋਜੀ ਤੇ ਗਲੋਬਲ ਸਰਵਿਸਿਜ਼ ਦਾ ਇਸਤੇਮਾਲ ਪ੍ਰਿਸਟਾਈਨ ਰਿਵਰ ਇਨਵੈਸਟਮੈਂਟ ਦੇ ਕਰਜ਼ ਦੇ ਮੁੜ ਭੁਗਤਾਨ ਲਈ ਕੀਤਾ ਜਾਂਦਾ ਸੀ।




ਜ਼ਿਕਰਯੋਗ ਹੈ ਕਿ 3600 ਕਰੋੜ ਦੇ ਅਗਸਤਾ ਵੈਸਟਲੈਂਡ ਹੈਲੀਕਾਪਟਰ ਖ਼ਰੀਦ 'ਚ ਘੁਟਾਲੇ 'ਚ ਆਪਣੀ ਤਾਜ਼ਾ ਚਾਰਜਸ਼ੀਟ 'ਚ ਸੀਬੀਆਈ ਨੇ ਦਲਾਲੀ ਦੀ ਰਕਮ ਨੂੰ ਲਾਭਪਾਤਰੀਆਂ ਤਕ ਪਹੁੰਚਾਉਣ 'ਚ ਰਾਜੀਵ ਸਕਸੈਨਾ ਦੀ ਭੂਮਿਕਾ ਦਾ ਵਿਸਥਾਰਤ ਵੇਰਵਾ ਦਿੱਤਾ ਹੈ। 17 ਸਤੰਬਰ ਨੂੰ ਦਾਖ਼ਲ ਸੀਬੀਆਈ ਦੀ ਪੂਰਕ ਚਾਰਜਸ਼ੀਟ ਦੇ ਮੁਤਾਬਕ ਇੰਟਰਸਟੇਲਰ ਟੈਕਨਾਲੋਜੀਜ਼ ਦਾ 99.9 ਫ਼ੀਸਦੀ ਸ਼ੇਅਰ ਰਾਜੀਵ ਸਕਸੈਨਾ ਨੇ 2000 'ਚ ਖ਼ਰੀਦ ਲਿਆ ਸੀ।

ਸੀਬੀਆਈ ਨੂੰ ਇਟਲੀ ਤੇ ਮਾਰੀਸ਼ਸ ਤੋਂ ਮਿਲੀ ਸਰਕਾਰੀ ਜਾਣਕਾਰੀ ਦੇ ਮੁਤਾਬਕ ਅਗਸਤਾ ਵੈਸਟਲੈਂਡ ਤੋਂ ਇੰਟਰਸਟੇਲਰ ਟੈਕਨਾਲੋਜੀਜ਼ ਦੇ ਖਾਤੇ 'ਚ 1.24 ਕਰੋੜ ਯੂਰੋ ਦੀ ਰਕਮ ਆਈ ਸੀ, ਜਿਸਨੂੰ ਬਾਅਦ 'ਚ ਵਿਚੋਲਿਆਂ ਤਕ ਪਹੁੰਚਾਇਆ ਗਿਆ। ਇਸੇ ਤਰ੍ਹਾਂ ਰਾਜੀਵ ਸਕਸੈਨਾ ਦੀਆਂ ਚਾਰ ਕੰਪਨੀਆਂ 'ਚ ਗਲੋਬਲ ਸਰਵਿਸਿਜ਼ ਤੋਂ ਨੌਂ ਲੱਖ 48 ਹਜ਼ਾਰ ਯੂਰੋ ਦਿੱਤੇ ਗਏ ਸਨ। ਰਾਜੀਵ ਸਕਸੈਨਾ ਦਾ ਬਿਆਨ ਸਾਹਮਣੇ ਆਉਣ ਤੋਂ ਬਾਅਦ ਰਵੀਸ਼ੰਕਰ ਪ੍ਰਸਾਦ ਨੇ ਕਾਂਗਰਸ 'ਤੇ ਹਮਲਾ ਕਰਦੇ ਹੋਏ ਕਿਹਾ ਕਿ ਜੀਪ ਘੁਟਾਲੇ ਤੋਂ ਲੈ ਕੇ ਬੋਫੋਰਸ ਘੁਟਾਲਾ, ਸਬਮਰੀਨ ਘੁਟਾਲਾ ਤੇ ਅਗਸਤਾ ਵੈਸਟਲੈਂਡ ਘੁਟਾਲੇ ਤਕ ਕਾਂਗਰਸੀ ਨੇਤਾਵਾਂ ਨੂੰ ਫਾਇਦਾ ਪਹੁੰਚਾਏ ਬਿਨਾਂ ਕੋਈ ਵੀ ਕੰਮ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਜਦੋਂ ਵੀ ਅਸੀਂ ਰੱਖਿਆ ਸੌਦੇ 'ਚ ਕਿਸੇ ਘੁਟਾਲੇ ਦੀ ਸੋਚਦੇ ਹਾਂ, ਤਾਂ ਕਾਂਗਰਸ ਦੇ ਕਿਸੇ ਨੇਤਾ ਦਾ ਨਾਂ ਸਾਹਮਣੇ ਆ ਜਾਂਦਾ ਹੈ।

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite
#209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸ਼੍ਰੋਮਣੀ ਕਮੇਟੀ ਸਥਾਪਨਾ ਦਾ ਸ਼ਤਾਬਦੀ ਵਰ੍ਹੇ ਦੇ ਸਮਾਗਮ ਸ਼ੁਰੂ

**✪ ਪੰਥਕ ਚੁਣੌਤੀਆਂ ਨਾਲ ਨਿੱਬੜਨ ਦੇ ਲਈ ਕੌਮ ਨੂੰ ਇੱਕਜੁੱਟ ਹੋਣ ਦਾ ਸੱਦਾ ✪ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਪੰਥਕ ਸਰੂਪ ਧਾਰਨ ਕਰਨ ਦੀ ਹਦਾਇਤ ✪ ਸ਼੍ਰੋਮਣੀ ਕਮੇਟੀ ਨੂੰ ਤੋੜਨ ਦੇ ਹੋ ਰਹੇ ਯਤਨਾਂ ਤੋਂ ਜਥੇਦਾਰ ਔਖੇ ✪ ਸ਼੍ਰੋਮਣੀ ਕਮੇਟੀ ਦਫ਼ਤਰ ਤੇ ਦਰਬਾਰ ਸਾਹਿਬ ਵਿਖੇ ਜਥੇਦਾਰ ਵੱਲੋਂ ਧਰਨਿਆਂ ਦੀ ਨਿਖੇਧੀ ✪ ਜੇਕਰ ਭਵਿੱਖ ਵਿਚ ਅਕਾਲੀ ਦਲ ਨੂੰ ਸੱਤਾ ਮਿਲੀ ਤਾਂ ਹਰੇਕ ਲਈ ਵਿੱਦਿਆ ਤੇ ਸਿਹਤ ਸੇਵਾਵਾਂ ਦੇ ਬਰਾਬਰ ਹੱਕ, ਵਾਤਾਵਰਣ ਸੰਭਾਲ ਤੇ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਨਾ ਤਰਜੀਹੀ ਕੰਮ ਹੋਣਗੇ - ਸੁਖਬੀਰ ਬਾਦਲ ✪ ਸੁਖਬੀਰ ਬਾਦਲ ਨੇ ਧਰਮ ਪਰਿਵਰਤਨ ਨੂੰ ਦੱਸਿਆ ਵੱਡੀ ਚੁਣੌਤੀ ✪ ਸ਼੍ਰੋਮਣੀ ਕਮੇਟੀ ਵਲੋਂ ਖੇਤੀ ਕਾਨੂੰਨ ਰੱਦ ਕਰਨ ਸਮੇਤ ਗਿਆਰਾਂ ਮਤੇ ਪਾਸ**

**ਅੰਮ੍ਰਿਤਸਰ/ਏ.ਟੀ.ਨਿਊਜ਼:**
ਸਿੱਖਾਂ ਦੀ ਮਿੰਨੀ ਸੰਸਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦੀ ਸ਼ਤਾਬਦੀ ਦੇ ਮੁੱਖ ਸਮਾਗਮ ਮੌਕੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਤੋੜਨ ਦੇ ਹੋ ਰਹੇ ਯਤਨਾਂ 'ਤੇ ਫ਼ਿਕਰਮੰਦੀ ਜ਼ਾਹਿਰ ਕਰਦਿਆਂ ਸਮੁੱਚੀ ਸਿੱਖ ਕੌਮ ਨੂੰ ਇਸ ਮੁੱਦੇ 'ਤੇ ਇੱਕਜੁੱਟ ਹੋਣ ਦੀ ਅਪੀਲ ਕੀਤੀ ਹੈ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਘੱਟਗਿਣਤੀ ਭਾਈਚਾਰਿਆਂ ਦੀ ਸੁਰੱਖਿਆ, ਬਰਾਬਰੀ ਅਤੇ ਮਾਣ-ਸਤਿਕਾਰ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੀ ਸ਼ਤਾਬਦੀ ਦਾ ਮੁੱਖ ਸਮਾਗਮ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਮਨਾਇਆ ਗਿਆ। ਇਸ ਸਬੰਧ ਵਿੱਚ ਤਖ਼ਤਾਂ ਦੇ ਜਥੇਦਾਰ, ਸਾਬਕਾ ਜਥੇਦਾਰ, ਸ਼੍ਰੋਮਣੀ ਕਮੇਟੀ ਦੇ ਮੌਜੂਦਾ ਤੇ ਸਾਬਕਾ ਪ੍ਰਧਾਨ, ਮੈਂਬਰ, ਅਕਾਲੀ ਆਗੂ, ਸਿੱਖ ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ ਅਤੇ ਸਭਾ ਸੁਸਾਇਟੀਆਂ ਦੇ ਨੁਮਾਇੰਦੇ ਸ਼ਾਮਲ ਹੋਏ। ਮੁੱਖ ਸਮਾਗਮ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਸਭਾ ਸੁਸਾਇਟੀਆਂ ਅਤੇ ਸਮੁੱਚੀ ਸਿੱਖ ਕੌਮ ਨੂੰ ਆਖਿਆ ਕਿ ਉਹ ਅੱਜ ਪ੍ਰਣ ਕਰਨ ਕਿ ਸੌ ਸਾਲ ਪੁਰਾਣੀ ਇਸ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਹੋਂਦ ਨੂੰ ਕਾਇਮ ਰੱਖਣ ਲਈ ਉਹ ਇਸ ਦੀਆਂ ਬਾਂਹਾਂ ਬਣਨਗੇ। ਉਨਾਂ ਸਮੁੱਚੀ ਕੌਮ ਨੂੰ ਇੱਕਜੁੱਟ ਹੋਣ ਦਾ ਸੱਦਾ ਦਿੰਦਿਆਂ ਸ਼੍ਰੋਮਣੀ ਕਮੇਟੀ 'ਤੇ ਹੋ ਰਹੇ ਹਮਲਿਆਂ ਤੋਂ ਬਚਾਅ ਲਈ ਸਿੱਖ ਕੌਮ ਨੂੰ ਸ਼ੇਰ ਬਿਰਤੀ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ। ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਦੇ ਗੇਟਾਂ ਨੂੰ ਤਾਲੇ ਮਾਰਨ, ਹਰਿਮੰਦਰ ਸਾਹਿਬ ਸਮੂਹ ਵਿਚ ਧਰਨੇ ਦੇਣ ਅਤੇ ਕਿਰਪਾਨਾਂ ਲਹਿਰਾਉਣ ਦੀ ਸਖ਼ਤ ਨਿੰਦਾ ਕਰਦਿਆਂ ਉਨਾਂ ਕਿਹਾ ਕਿ ਸਿੱਖ ਕੌਮ ਹਮਲਾ ਕਰਨ ਵਾਲਿਆਂ ਦੀ ਥਾਂ ਹਮਲਾ ਕਰਾਉਣ ਵਾਲਿਆਂ ਦੀ ਪਛਾਣ ਕਰੇ। ਉਨਾਂ ਸ਼੍ਰੋਮਣੀ ਅਕਾਲੀ ਦਲ ਨੂੰ ਸ਼੍ਰੋਮਣੀ ਕਮੇਟੀ ਦਾ ਪੁੱਤਰ ਆਖਦਿਆਂ ਕਿਹਾ ਕਿ ਜੇਕਰ ਕੋਈ ਮੁੜ ਮਾਂ 'ਤੇ ਹਮਲਾ ਕਰਨ ਦਾ ਯਤਨ ਕਰਦਾ ਹੈ ਤਾਂ ਪੁੱਤਰ ਹਮਲੇ ਦਾ ਜਵਾਬ ਦੇਣ ਲਈ ਤਿਆਰ ਰਹਿਣ। ਉਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਨਸੀਹਤ ਕੀਤੀ ਕਿ ਉਹ ਅਗਲੇ ਮਹੀਨੇ ਦਸੰਬਰ ਵਿਚ ਜਥੇਬੰਦੀ ਦਾ ਸੌ ਸਾਲ ਮਨਾਉਣ ਜਾ ਰਹੇ ਹਨ। ਇਸ ਲਈ ਜਥੇਬੰਦੀ ਦਾ ਪੁਰਾਤਨ ਪੰਥਕ ਸਰੂਪ ਧਾਰਨ ਕਰਨ ਦਾ ਪ੍ਰਣ ਕਰਨ। ਉਨਾਂ ਕੇਂਦਰੀ ਹਕੂਮਤ ਨੂੰ ਵੀ ਲੰਮੇ ਹੱਥੀਂ ਲਿਆ ਅਤੇ ਆਖਿਆ ਕਿ ਇਹ ਜਮਹੂਰੀ ਸਰਕਾਰ ਨਹੀਂ ਸਗੋਂ ਈਵੀਐਮ ਰਾਹੀਂ ਬਣੀ ਸਰਕਾਰ ਹੈ। ਉਨਾਂ ਅਸਿੱਧੇ ਰੂਪ ਵਿਚ ਈਵੀਐੱਮ ਦੀ ਕਾਰਜ ਪ੍ਰਣਾਲੀ 'ਤੇ ਪ੍ਰਸ਼ਨ ਚਿੰਨ ਲਾਇਆ ਹੈ। ੩੨੮ ਪਾਵਨ ਸਰੂਪ ਮਾਮਲੇ ਵਿਚ ਉਨਾਂ ਮੁੜ ਆਖਿਆ ਕਿ ਇਹ ਧਾਰਮਿਕ ਮਾਮਲਾ ਨਹੀਂ ਸਗੋਂ ਭ੍ਰਿਸ਼ਟਾਚਾਰ ਅਤੇ ਫੰਡਾ ਦੀ ਹੇਰਾਫੇਰੀ ਦਾ ਮਾਮਲਾ ਹੈ। ਇਸ ਸਬੰਧ ਵਿਚ ਸਵਾਲ ਕਰਨ ਵਾਲਿਆਂ ਦਾ ਢੰਗ ਤਰੀਕਾ ਠੀਕ ਹੋਣਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸ਼ਤਾਬਦੀ ਵਰ੍ਹੇ ਦੀ ਵਧਾਈ ਦਿੰਦਿਆਂ ਆਖਿਆ ਕਿ ਇਕ ਵਾਰ ਮੁੜ ਸਿੱਖ ਸ਼ਕਤੀ ਦੇ ਸਰੋਤਾਂ ਨੂੰ ਖ਼ਤਮ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਉਨਾਂ ਹਰਿਆਣਾ ਵਿਚ ਵੱਖਰੀ ਕਮੇਟੀ ਬਣਾਉਣ ਦੀ ਗੱਲ ਕਰਦਿਆਂ ਕਿਹਾ ਕਿ ਸਿੱਖ ਕੌਮ ਸ਼੍ਰੋਮਣੀ ਕਮੇਟੀ ਨੂੰ ਤੋੜਨ ਦੀ ਸਾਜ਼ਿਸ਼ ਨੂੰ ਕਦੇ ਵੀ ਸਫਲ ਨਹੀਂ ਹੋਣ ਦੇਵੇਗੀ। ਉਨਾਂ ਆਖਿਆ ਕਿ ਅੱਜ ਘੱਟਗਿਣਤੀ ਭਾਈਚਾਰਿਆਂ ਦੀ ਸੁਰੱਖਿਆ, ਬਰਾਬਰੀ ਅਤੇ ਮਾਣ ਸਤਿਕਾਰ ਨੂੰ ਯਕੀਨੀ ਬਣਾਉਣ ਦੀ ਲੋੜ ਹੈ। ਇਸ ਸਬੰਧੀ ਠੋਸ ਅਤੇ ਭਰੋਸੇਯੋਗ ਕਦਮ ਚੁੱਕੇ ਜਾਣ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਨੌਜਵਾਨੀ ਨੂੰ ਬਚਾਉਣ, ਪਤਿਤਪੁਣਾ ਤੇ ਨਸ਼ਿਆਂ ਦੇ ਰੁਝਾਨ ਨੂੰ ਰੋਕਣ ਲਈ ੫ ਸਾਲਾ ਮਿਸ਼ਨ ਸ਼ੁਰੂ ਕਰੇ। ਬਾਦਲ ਨੇ ਕਿਹਾ ਕਿ ਜਵਾਨੀ ਨੂੰ ਗੁੰਮਰਾਹ ਹੋਣ ਦੇ ਮੌਕੇ ਬਹੁਤ ਜ਼ਿਆਦਾ ਮਿਲ ਗਏ ਹਨ। ਬਾਦਲ ਨੇ ਸਭ ਤੋਂ ਵੱਡੀ ਚੁਣੌਤੀ ਧਰਮ ਪਰਿਵਰਤਨ ਨੂੰ ਵੀ ਦੱਸਿਆ। ਬਾਦਲ ਨੇ ਮੁਆਫ਼ੀ ਮੰਗਦੇ ਹੋਏ ਕਿਹਾ, 'ਜੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ 'ਚ ਕੋਈ ਕਮੀ ਰਹਿ ਗਈ ਹੋਵੇ ਤਾਂ ਮੁਆਫ਼ੀ ਚਾਹੁੰਦੇ ਹਾਂ।

ਉਨਾਂ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਨੂੰ ਸਿੱਖ ਕੌਮ ਦੀ ਅਹਿਮ ਪ੍ਰਾਪਤੀ ਦੱਸਦਿਆਂ ਕਿਹਾ ਕਿ ਮੁਗ਼ਲ ਕਾਲ ਤੋਂ ਲੈ ਕੇ ਦੇਸ਼ ਵੰਡ ਤੋਂ ਬਾਅਦ ਤਕ ਸਿੱਖ ਸ਼ਕਤੀ ਦੇ ਸਰੋਤਾਂ ਨੂੰ ਢਾਹ ਲਾਉਣ ਦਾ ਯਤਨ ਜਾਰੀ ਹੈ। ਉਨਾਂ ਇਸ ਮਾਮਲੇ ਵਿਚ ੧੯੮੪ ਵਿਚ ਗੁਰਧਾਮਾਂ 'ਤੇ ਕੀਤੇ ਫ਼ੌਜੀ ਹਮਲੇ ਅਤੇ ਨਵੰਬਰ ੧੯੮੪ ਸਿੱਖ ਕਤਲੇਆਮ ਦਾ ਹਵਾਲਾ ਦਿੱਤਾ। ਉਨਾਂ ਕਿਹਾ ਕਿ ਜੇਕਰ ਭਵਿੱਖ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਸੱਤਾ ਪ੍ਰਾਪਤੀ ਦਾ ਮੌਕਾ ਮਿਲਿਆ ਤਾਂ ਹਰੇਕ ਲਈ ਵਿੱਦਿਆ ਤੇ ਸਿਹਤ ਸੇਵਾਵਾਂ ਦੇ ਬਰਾਬਰ ਹੱਕ, ਵਾਤਾਵਰਣ ਸੰਭਾਲ ਅਤੇ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਨਾ ਤਰਜੀਹੀ ਕੰਮ ਹੋਣਗੇ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਭਵਿੱਖ ਵਿਚ ਸ਼੍ਰੋਮਣੀ ਕਮੇਟੀ ਪਤਿਤਪੁਣੇ ਨੂੰ ਰੋਕਣ ਲਈ ਧਰਮ ਪ੍ਰਚਾਰ ਲਹਿਰ ਨੂੰ ਮਜ਼ਬੂਤ ਕਰਨ ਵੱਲ ਧਿਆਨ ਕੇਂਦਰਿਤ ਕਰੇਗੀ। ਵਾਤਾਵਰਨ ਦੀ ਸਾਂਭ ਸੰਭਾਲ ਲਈ ਪ੍ਰਦੂਸ਼ਣ ਨਾਲ ਨਜਿੱਠਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਬੂਟਾ ਪ੍ਰਸਾਦਿ ਮੁਹਿੰਮ ਨੂੰ ਹੋਰ ਵੀ ਮਜ਼ਬੂਤ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵਿਸ਼ਵ ਭਰ ਦੇ ਸਿੱਖਾਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਇਕ ਵਿਸ਼ਵ ਪੱਧਰੀ ਸਲਾਹਕਾਰ ਕਮੇਟੀ ਸਥਾਪਤ ਕਰੇਗੀ। ਧਰਮੀ ਫ਼ੌਜੀਆਂ ਨੂੰ, ਜੋ ੧੯੮੪ ਵਿਚ ਬੈਰਕਾਂ ਛੱਡ ਆਏ ਸਨ, ਨੂੰ ਪੈਨਸ਼ਨ ਦੇ ਲਾਭ ਦਿਵਾਉਣ ਲਈ ਠੋਸ ਯਤਨ ਕਰੇਗੀ। ਉਨਾਂ ਕਿਹਾ ਕਿ ਸ਼ਤਾਬਦੀ ਜਸ਼ਨਾਂ ਵਜੋਂ ਇਕ ਆਰਟ ਗੈਲਰੀ ਵੀ ਸਥਾਪਤ ਕੀਤੀ ਜਾਵੇਗੀ। ਸਮਾਗਮ ਨੂੰ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ, ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿਤ, ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਨਿਹੰਗ ਜਥੇਬੰਦੀਆਂ ਵੱਲੋਂ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸਾਬਕਾ ਮੰਤਰੀ ਜਥੇਦਾਰ ਤੋਤਾ ਸਿੰਘ ਤੇ ਹੋਰਨਾਂ ਨੇ ਸੰਬੋਧਨ ਕੀਤਾ । ਇਸ ਮੌਕੇ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਇਤਿਹਾਸ ਨੂੰ ਦਰਸਾਉਂਦੀ ਇਕ ਚਿੱਤਰ ਪ੍ਰਦਰਸ਼ਨੀ ਵੀ ਲਾਈ ਗਈ ਸੀ। ਸਥਾਪਨਾ ਦਿਵਸ ਦੀ ਖ਼ੁਸ਼ੀ ਵਿਚ ਹਰਿਮੰਦਰ ਸਾਹਿਬ ਸਮੂਹ ਅਤੇ ਹੋਰ ਕਈ ਥਾਵਾਂ 'ਤੇ ਸੰਗਤ ਵੱਲੋਂ ਜਲੇਬੀਆਂ ਦੇ ਲੰਗਰ ਵੀ ਲਾਏ ਗਏ।

**ਖੇਤੀ ਕਾਨੂੰਨ ਰੱਦ ਕਰਨ ਸਮੇਤ; ੧੧ ਮਤੇ ਪਾਸ**

ਸ਼੍ਰੋਮਣੀ ਕਮੇਟੀ ਦੇ ਸੌ ਸਾਲਾ ਸਥਾਪਨਾ ਦਿਵਸ ਮੌਕੇ ਸਿੱਖ ਸੰਸਥਾ ਨੇ ੧੧ ਅਹਿਮ ਮਤੇ ਪਾਸ ਕਰਕੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਸਮੇਤ ਵਿਆਹ ਸ਼ਾਦੀਆਂ 'ਤੇ ਫ਼ਜ਼ੂਲ ਖ਼ਰਚੀ ਨੂੰ ਬੰਦ ਕਰਨ ਅਤੇ ਭਰੂਣ ਹੱਤਿਆ ਨੂੰ ਰੋਕਣ ਲਈ ਸਮਾਜ ਨੂੰ ਸਾਦੇ ਰੀਤੀ ਰਿਵਾਜ ਅਪਣਾਉਣ ਦੀ ਅਪੀਲ ਕੀਤੀ। ਮੁੱਖ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰਾਂ ਹਰਜਿੰਦਰ ਸਿੰਘ ਧਾਮੀ, ਬੀਬੀ ਜਗੀਰ ਕੌਰ, ਜਥੇਦਾਰ ਤੋਤਾ ਸਿੰਘ, ਭਾਈ ਗੁਰਚਰਨ ਸਿੰਘ ਗਰੇਵਾਲ, ਅਲਵਿੰਦਰਪਾਲ ਸਿੰਘ ਪੱਖੋਕੇ, ਭਾਈ ਅਮਰਜੀਤ ਸਿੰਘ ਚਾਵਲਾ ਅਤੇ ਭਾਈ ਮਨਜੀਤ ਸਿੰਘ ਨੇ ਇਨਾਂ ਮਤਿਆਂ ਨੂੰ ਪੜਿਆ, ਜਿਨਾਂ ਨੂੰ ਸੰਗਤ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨਗੀ ਦਿੱਤੀ। ਪਹਿਲੇ ਮਤੇ ਵਿਚ ਗੁਰੂ ਆਸੇ ਮੁਤਾਬਕ ਸੰਗਤਾਂ ਦੇ ਸਹਿਯੋਗ ਨਾਲ ਪੰਥਕ ਸੇਵਾਵਾਂ ਨੂੰ ਹੋਰ ਬਿਹਤਰ ਢੰਗ ਤਰੀਕੇ ਨਾਲ ਨਿਭਾਉਣ ਦੀ ਦ੍ਰਿੜਤਾ ਪ੍ਰਗਟਾਈ ਗਈ। ਦੂਜੇ ਮਤੇ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਨਿੱਤ ਵਾਪਰ ਰਹੀਆਂ ਘਟਨਾਵਾਂ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸਮਾਜ ਵਿਰੋਧੀ ਸ਼ਕਤੀਆਂ ਨੂੰ ਬੇਨਕਾਬ ਕਰਨ ਅਤੇ ਮਿਸਾਲੀ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ। ਇਕ ਮਤਾ ਸਿੱਖ ਇਕ ਵੱਖਰੀ ਕੌਮ ਸਬੰਧੀ ਪੇਸ਼ ਕੀਤਾ ਗਿਆ, ਜਿਸ ਵਿਚ ਸਿੱਖਾਂ ਦੇ ਸਰੂਪ ਅਤੇ ਹੋਂਦ ਨੂੰ ਰਲਗੱਡ ਕਰਨ ਵਾਲੀਆਂ ਸ਼ਕਤੀਆਂ ਤੋਂ ਸਮੁੱਚੇ ਸਿੱਖ ਜਗਤ ਨੂੰ ਸੁਚੇਤ ਕੀਤਾ ਗਿਆ। ਵਿਦੇਸ਼ ਵਿਚ ਸਿੱਖਾਂ ਦੀ ਵੱਖਰੀ ਪਛਾਣ ਦੇ ਸੰਕਟ ਕਾਰਨ ਵਾਪਰ ਰਹੇ ਨਸਲੀ ਹਮਲਿਆਂ ਦੇ ਵਰਤਾਰੇ 'ਤੇ ਚਿੰਤਾ ਪ੍ਰਗਟ ਕਰਦਿਆਂ ਇਕ ਮਤੇ ਰਾਹੀਂ ਭਾਰਤ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਉਹ ਵਿਦੇਸ਼ੀ ਸਰਕਾਰਾਂ ਕੋਲ ਇਸ ਮਸਲੇ ਦੇ ਹੱਲ ਲਈ ਪਹੁੰਚ ਕਰੇ। ਇਕ ਮਤੇ ਰਾਹੀਂ ਜਾਤ-ਪਾਤ, ਊਚ-ਨੀਚ ਅਤੇ ਨਸਲੀ ਭੇਦ-ਭਾਵ ਦਾ ਖੰਡਨ ਕਰਦਿਆਂ ਸਮੁੱਚੀਆਂ ਸਮਾਜਿਕ ਇਕਾਈਆਂ ਨੂੰ ਲਾਮਬੰਦ ਹੋਣ ਦੀ ਅਪੀਲ ਕੀਤੀ ਗਈ। ਸ਼੍ਰੋਮਣੀ ਕਮੇਟੀ ਨੇ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ, ਸ਼੍ਰੋਮਣੀ ਕਮੇਟੀ ਨੂੰ ਤੋੜਨ ਦੇ ਯਤਨ ਕਰਨ ਵਾਲੀਆਂ ਪੰਥ ਵਿਰੋਧੀ ਸ਼ਕਤੀਆਂ ਨੂੰ ਪਛਾੜਨ ਲਈ, ਧਰਮੀ ਫ਼ੌਜੀਆਂ ਦੇ ਹੱਕਾਂ ਦੀ ਰਖਵਾਲੀ ਲਈ, ਦੇਸ਼ ਅੰਦਰ ਘੱਟ ਗਿਣਤੀਆਂ ਦੀ ਸੁਰੱਖਿਆ ਦੀ ਮੰਗ ਕੀਤੀ।

# ਭਾਰਤ ਵਿਚ ਆਨਲਾਈਨ ਖਬਰੀ ਅਦਾਰਿਆਂ 'ਤੇ ਵੀ ਸਰਕਾਰ ਨੇ ਕਾਨੂੰਨੀ ਸ਼ਿਕੰਜਾ ਪਾਇਆ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਭਾਰਤ ਜਿੱਥੇ ਪਹਿਲਾਂ ਹੀ ਬੋਲਣ ਦੀ ਅਜ਼ਾਦੀ ਅਤੇ ਮੀਡੀਆ ਦੀ ਅਜ਼ਾਦੀ ਬਾਰੇ ਬਹੁਤ ਹੇਠਲੇ ਦਰਜੇ 'ਤੇ ਹੈ ਉੱਥੇ ਹੁਣ ਭਾਰਤ ਸਰਕਾਰ ਨੇ ਆਨਲਾਈਨ ਖਬਰੀ ਅਦਾਰਿਆਂ 'ਤੇ ਵੀ ਸ਼ਿਕੰਜਾ ਕੱਸਣ ਦਾ ਕਾਨੂੰਨੀ ਪ੍ਰਬੰਧ ਕਰ ਲਿਆ ਹੈ। ਭਾਰਤ ਸਰਕਾਰ ਨੇ ਆਨਲਾਈਨ ਖਬਰੀ ਅਦਾਰਿਆਂ ਅਤੇ ਚਲੰਤ ਮਾਮਲਿਆਂ ਬਾਰੇ ਜਾਣਕਾਰੀਆਂ ਸਾਂਝੀਆਂ ਕਰਨ ਵਾਲੇ ਆਨਲਾਈਨ ਸਾਧਨਾਂ ਨੂੰ ਓਟੀਟੀ ਪਲੇਟਫ਼ਾਰਮ ਜਿਵੇਂ ਨੈੱਟਫਲਿਕਸ, ਐਮਾਜ਼ੋਨ ਪ੍ਰਾਈਮ ਵੀਡੀਓ ਅਤੇ ਡਿਜ਼ਨੀ ਹੌਟਸਟਾਰ ਸਮੇਤ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੇ ਘੇਰੇ ਵਿਚ ਲੈ ਆਂਦਾ ਹੈ। ਇਸ ਤਬਦੀਲੀ ਨਾਲ ਹੁਣ ਇਸ ਮੰਤਰਾਲੇ ਨੂੰ ਡਿਜੀਟਲ ਸਪੇਸ ਲਈ ਨੀਤੀਆਂ ਅਤੇ ਨੇਮ ਘੜਨ ਦੀਆਂ ਤਾਕਤਾਂ ਮਿਲ ਗਈਆਂ ਹਨ। ਇਸ ਨਾਲ ਮੰਤਰਾਲੇ ਨੂੰ ਆਨਲਾਈਨ ਪਲੇਟਫ਼ਾਰਮਾਂ 'ਤੇ ਉਪਲਬਧ ਖ਼ਬਰਾਂ, ਆਡੀਓ, ਵਿਜ਼ੂਅਲ ਸਮਗਰੀ ਤੇ ਫ਼ਿਲਮਾਂ ਸਬੰਧੀ ਨੀਤੀਆਂ ਬਣਾਉਣ ਦੀਆਂ ਤਾਕਤਾਂ ਮਿਲ ਗਈਆਂ ਹਨ।

ਇਸ ਤੋਂ ਪਹਿਲਾਂ ਭਾਰਤ ਵਿਚ ਆਨਲਾਈਨ ਸਾਧਨਾਂ ਰਾਹੀਂ ਖ਼ਬਰਾਂ ਦੇਣ ਵਾਲੇ ਚੈਨਲ ਸਰਕਾਰ ਦੀ ਦਖ਼ਲ ਤੋਂ ਕਾਫ਼ੀ ਹੱਦ ਤਕ ਅਜ਼ਾਦ ਸਨ ਅਤੇ ਮੁੱਖ ਧਾਰਾ ਮੀਡੀਆ ਦੇ ਸਰਕਾਰ ਦੀ ਗੋਦੀ ਵਿਚ ਬੈਠਣ ਮਗਰੋਂ ਲੋਕਾਂ ਨੂੰ ਇਹਨਾਂ ਖਬਰੀ ਅਦਾਰਿਆਂ 'ਤੇ ਹੀ ਇਕ ਆਸ ਸੀ ਕਿ ਇਹ ਸੱਚੀ ਅਤੇ ਸਹੀ ਗੱਲ ਖ਼ਬਰਾਂ ਵਿਚ ਵਖਾਉਂਦੇ ਹਨ।

ਕੈਬਨਿਟ ਸਕੱਤਰੇਤ ਵੱਲੋਂ ਮੰਗਲਵਾਰ ਰਾਤ ਨੂੰ ਜਾਰੀ ਨੋਟੀਫ਼ਿਕੇਸ਼ਨ, ਜਿਸ 'ਤੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੱਲੋਂ ਦਸਤਖ਼ਤ ਕੀਤੇ ਗਏ ਹਨ, ਅਨੁਸਾਰ ਇਸ ਸਬੰਧੀ ਫ਼ੈਸਲਾ ਭਾਰਤ ਸਰਕਾਰ (ਐਲੋਕੇਸ਼ਨ ਆਫ ਬਿਜ਼ਨਸ) ਨੇਮਾਂ, ੧੯੬੧ ਵਿੱਚ ਸੋਧ ਕਰਕੇ ਸੰਵਿਧਾਨ ਦੀ ਧਾਰਾ ੭੭ ਦੀ ਕਲਾਜ਼ (੩) ਤਹਿਤ ਪ੍ਰਾਪਤ ਤਾਕਤਾਂ ਦੀ ਵਰਤੋਂ ਕਰਦਿਆਂ ਲਿਆ ਗਿਆ ਹੈ ਅਤੇ ਇਹ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ। ਨੋਟੀਫ਼ਿਕੇਸ਼ਨ ਅਨੁਸਾਰ ਇਨਾਂ ਨੇਮਾਂ ਨੂੰ ਭਾਰਤ ਸਰਕਾਰ (ਐਲੋਕੇਸ਼ਨ ਆਫ ਬਿਜ਼ਨਸ) ਤਿੰਨ ਸੌ ਸਤਵੰਜਵੀਂ ਸੋਧ ਨੇਮਾਂ, ੨੦੨੦ ਵਜੋਂ ਜਾਣਿਆ ਜਾਵੇ। ਇਹ ਤੁਰੰਤ ਪ੍ਰਭਾਵ ਨਾਲ ਲਾਗੂ ਹੋਣਗੇ।

**ਪੰਜਾਬ ਦੇ ਇਕ ਚੈਨਲ 'ਤੇ ਲੱਗੀ ਪਾਬੰਦੀ**

ਸਰਕਾਰ ਵੱਲੋਂ ਇਹ ਤਬਦੀਲੀ ਕਰਨ ਤੋਂ ਇਕ ਦਿਨ ਬਾਅਦ ਹੀ ਪੰਜਾਬ ਦੇ ਇਕ ਆਨਲਾਈਨ ਚੈਨਲ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਉਨਾਂ ਦੇ ਯੂ ਟਿਊਬ ਚੈਨਲਾਂ ਨੂੰ ਸਰਕਾਰ ਵੱਲੋਂ ਬੰਦ ਕਰ ਦਿੱਤਾ ਗਿਆ ਹੈ। ਪੱਤਰਕਾਰ ਪਰਮਿੰਦਰ ਸਿੰਘ ਟਿਵਾਣਾ ਨੇ ਆਪਣੇ ਫੇਸਬੁੱਕ ਪੰਨੇ 'ਤੇ ਲਿਖਿਆ, "ਗਲੋਬਲ ਪੰਜਾਬ ਟੀ ਵੀ ਅਤੇ ਦਪ ਚੈਨਲ ਦੇ ਯੂ ਟਿਊਬ ਚੈਨਲ ਨੂੰ ਬੰਦ ਕਰਵਾ ਦਿੱਤਾ ਗਿਆ ,ਮੋਦੀ ਸਰਕਾਰ ਨੇ ਸੋਸ਼ਲ ,ਨੈੱਟ ਮੀਡੀਆ ਨੂੰ ਆਪਣੇ ਅਧੀਨ ਲਿਆਉਣ ਵਾਸਤੇ ਇੱਕ ਸਖ਼ਤ ਕਾਨੂੰਨ ਲਾਗੂ ਕਰ ਦਿੱਤਾ ਇੰਦਰਾ ਦੀ ਐਮਰਜੰਸੀ ਨਵੇ ਰੰਗ 'ਚ ਲਾਗੂ ਹੋ ਗਈ ਸਾਡੇ ਗਰੁੱਪ ਦੇ ੨ ਚੈਨਲ ਜਿੰਨਾ ਦੇ ੨ ਮਿਲੀਅਨ ਸਬਸਕਰਾਈਬਰ ਸੀ ਉਨਾਂ ਦਾ ਅੱਜ ਇਕਦਮ ਬੰਦ ਕਰਾ ਦੇਣਾ ਵਿਚਾਰ ਪ੍ਰਗਟਾਵੇ ਅਤੇ ਆਜ਼ਾਦੀ ਦਾ ਘਾਣ ਹੈ ਸਰਕਾਰੀ ਜਬਰ ਅਤੇ ਗੋਦੀ ਮੀਡੀਆ ਵਿਰੁੱਧ ਲਾਮਬੰਦੀ ਸਮੇਂ ਮੁੱਖ ਲੋੜ ਐ"

ਦੱਸ ਦਈਏ ਕਿ ਇਸ ਨੋਟੀਫ਼ਿਕੇਸ਼ਨ ਦੇ ਆਉਣ ਤੋਂ ਪਹਿਲਾਂ ਵੀ ਪੰਜਾਬ ਦੇ ਕਈ ਚੈਨਲ ਭਾਰਤ ਵਿਚ ਸਰਕਾਰ ਵੱਲੋਂ ਬੰਦ ਕੀਤੇ ਜਾ ਚੁੱਕੇ ਹਨ।

**ਸਰਕਾਰ ਦੇ ਫ਼ੈਸਲੇ ਤੋਂ ਲੇਖਕ ਤੇ ਨਿਰਦੇਸ਼ਕ ਨਿਰਾਸ਼**

ਓਟੀਟੀ ਪਲੇਟਫ਼ਾਰਮਾਂ ਨੂੰ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਅਧੀਨ ਲਿਆਂਦੇ ਜਾਣ ਦੇ ਸਰਕਾਰ ਦੇ ਫ਼ੈਸਲੇ ਬਾਰੇ ਲੇਖਕਾਂ ਅਤੇ ਨਿਰਦੇਸ਼ਕਾਂ ਦਾ ਕਹਿਣਾ ਹੈ ਕਿ ਵਿਸ਼ਵ ਮੰਚ 'ਤੇ ਇਸ ਦਾ ਭਾਰਤੀ ਡਿਜੀਟਲ ਸਮਗਰੀ ਸਿਰਜਣਹਾਰਾਂ ਨੂੰ ਨੁਕਸਾਨ ਹੋਵੇਗਾ ਅਤੇ ਇਸ ਨਾਲ ਦਰਸ਼ਕਾਂ ਤੇ ਨਿਰਦੇਸ਼ਕਾਂ ਦੀ ਕਲਾਤਮਕ ਅਤੇ ਨਿੱਜੀ ਆਜ਼ਾਦੀ ਘਟੇਗੀ। ਇਹ ਵਿਚਾਰ ਪ੍ਰਗਟਾਉਂਦਿਆਂ ਫ਼ਿਲਮਸਾਜ਼ ਹੰਸਲ ਮਹਿਲਾ ਅਤੇ ਰੀਮਾ ਕਾਗਤੀ ਨੇ ਇਸ ਫ਼ੈਸਲੇ 'ਤੇ ਨਿਰਾਸ਼ਾ ਪ੍ਰਗਟਾਈ ਹੈ।

# ਬਾਦਲਾਂ ਨੇ ਸ਼੍ਰੋਮਣੀ ਕਮੇਟੀ ਦੇ ਸੁਨਹਿਰੀ ਇਤਿਹਾਸ ਨੂੰ ਕੀਤਾ ਕਲੰਕਿਤ : ਜਥੇਦਾਰ ਹਵਾਰਾ ਕਮੇਟੀ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸ਼੍ਰੋਮਣੀ ਕਮੇਟੀ ਦੇ 100 ਸਾਲਾਂ ਇਤਿਹਾਸ ਦਾ ਸੰਖੇਪ ਵਿਸ਼ਲੇਸ਼ਣ ਕਰਦਿਆਂ ਸਰਬੱਤ ਖ਼ਾਲਸਾ ਵੱਲੋਂ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਸਰਪ੍ਰਸਤੀ ਹੇਠ ਚੱਲ ਰਹੀ ਹਵਾਰਾ ਕਮੇਟੀ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਆਪਣੇ ਹਿਤਾਂ ਦੀ ਖ਼ਾਤਰ ਸ਼੍ਰੋਮਣੀ ਕਮੇਟੀ ਦੇ ਸੁਨਹਿਰੀ ਇਤਿਹਾਸ ਨੂੰ ਪੰਥ ਵਿਰੋਧੀ ਤਾਕਤਾਂ ਦੇ ਨਾਲ ਮਿਲ ਕੇ ਇਸ ਸੰਸਥਾ ਨੂੰ ਕਲੰਕਿਤ ਕਰ ਦਿੱਤਾ ਹੈ।

ਹਵਾਰਾ ਕਮੇਟੀ ਆਗੂਆਂ ਨੇ ਕਿਹਾ ਕਿ ਸਿੱਖਾਂ ਨੇ ਲਹਿਰਾਂ, ਮੋਰਚਿਆਂ ਤੇ ਸਾਕਿਆਂ ਦੇ ਸਨਮੁਖ ਜੂਝਦਿਆਂ ਕੁਰਬਾਨੀ ਭਰਿਆ ਸੁਨਹਿਰੀ ਇਤਿਹਾਸ ਸਿਰਜਿਆ, ਜਿਸ ਵਿੱਚੋਂ ਸੰਨ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ ਜਿਸ ਦਾ ਮੁੱਖ ਉਦੇਸ਼ ਗੁਰਦੁਆਰਿਆਂ ਦਾ ਸੁਚਾਰੂ ਪ੍ਰਬੰਧ, ਧਰਮ ਪ੍ਰਚਾਰ ਅਤੇ ਸਿੱਖ ਧਾਰਮਿਕ ਸਮੱਸਿਆਵਾਂ ਦਾ ਸਮਾਧਾਨ ਕਰਨਾ ਸੀ। ਨਨਕਾਣਾ ਸਾਹਿਬ ਦਾ ਸਾਕਾ, ਚਾਬੀਆਂ ਦਾ ਮੋਰਚਾ, ਗੁਰੂ ਕੇ ਬਾਗ ਦਾ ਮੋਰਚਾ ਆਦਿ ਦੀ ਸਫਲਤਾ ਨੇ ਸ਼੍ਰੋਮਣੀ ਕਮੇਟੀ ਦੇ ਰੁਤਬੇ ਅਤੇ ਸ਼ਕਤੀ ਵਿੱਚ ਪ੍ਰਸਾਰ ਕੀਤਾ। ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਕਮੇਟੀ ਨੇ ਅੰਗਰੇਜ਼ ਹਕੂਮਤ ਅਤੇ ਦੇਸ਼ ਦੀ ਵੰਡ ਤੋਂ ਬਾਅਦ ਭਾਰਤੀ ਹਕੂਮਤ ਅੱਗੇ ਸਿਰ ਚੁੱਕ ਕੇ, ਸੀਨਾ ਤਾਣ ਕੇ ਸਿੱਖਾਂ ਦੀ ਨੁਮਾਇੰਦਗੀ ਕਈ ਦਹਾਕਿਆਂ ਤੱਕ ਕੀਤੀ। ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਅਧੀਨ ਆਉਣ ਨਾਲ ਕਮੇਟੀ ਦੀ ਆਮਦਨ ਵਿੱਚ ਵਾਧਾ ਹੋਇਆ ਪਰ ਬਦਕਿਸਮਤੀ ਨਾਲ ਮਾਇਆ ਦੇ ਲੋਭ ਕਾਰਨ ਭ੍ਰਿਸ਼ਟਾਚਾਰ ਵਿੱਚ ਵੀ ਵਾਧਾ ਹੋਇਆ।

ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਲੀਡਰਸ਼ਿਪ ਨੇ 1996 ਵਿੱਚ ਮੋਗਾ ਕਾਨਫ਼ਰੰਸ ਦੌਰਾਨ ਅਕਾਲੀ ਦਲ ਦਾ ਪੰਥਕ ਚਿਹਰਾ ਬਦਲ ਕੇ ਇਸ ਨੂੰ ਪੰਜਾਬੀ ਪਾਰਟੀ ਵਿੱਚ ਤਬਦੀਲ ਕਰ ਦਿੱਤਾ। ਸਿੱਟੇ ਵਜੋਂ ਪੰਥ ਅਤੇ ਗ੍ਰੰਥ ਦੀ ਪਹਿਰੇਦਾਰੀ ਕਰਨ ਵਾਲੀ ਸਿੱਖਾਂ ਦੀ ਸਿਆਸੀ ਪਾਰਟੀ ਵਿਕਾਸ, ਸੁਰੱਖਿਆ, ਚੰਗਾ ਪ੍ਰਸ਼ਾਸਨ ਅਤੇ ਰਾਸ਼ਟਰ ਪਹਿਲ ਦੇ ਮੁੱਦਿਆਂ ਤੱਕ ਹੀ ਸਿਮਟ ਕੇ ਰਹਿ ਗਈ। ਬਾਦਲਾਂ ਦੇ ਰਾਜ ਦੌਰਾਨ ਭ੍ਰਿਸ਼ਟਾਚਾਰ ਅਤੇ ਪਰਿਵਾਰਵਾਦ ਨੂੰ ਵਡ਼ਾਵਾ ਦੇਣ ਲਈ ਸਾਲ 2002 ਵਿਚ ਮਤਾ ਪਾਸ ਕੀਤਾ ਗਿਆ ਜਿਸ ਦੇ ਤਹਿਤ ਸ਼੍ਰੋਮਣੀ ਕਮੇਟੀ ਅਤੇ ਉਸਦੇ ਅਦਾਰਿਆਂ ਵਿੱਚ ਮੈਂਬਰਾਂ ਦੇ ਰਿਸ਼ਤੇਦਾਰਾਂ ਦੀ ਭਰਤੀ ਨੂੰ ਖੁੱਲ ਦਿੱਤੀ ਗਈ। ਅਕਾਲੀ ਦਲ ਬਾਦਲ ਦੀ ਜੇਬ 'ਚੋਂ ਨਿਕਲੇ ਸਿਆਸੀ ਮੋਹਰਿਆਂ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਥਾਪਿਆ ਜਾਂਦਾ ਹੈ ਜੋ ਕਿ ਗੁਰੂਘਰ ਨਾਲ ਵਫ਼ਾਦਾਰ ਨਾ ਹੋ ਕੇ ਬਾਦਲਾਂ ਦੇ ਵਫ਼ਾਦਾਰ ਬਣਨ ਵਿਚ ਮਾਣ ਮਹਿਸੂਸ ਕਰਦੇ ਹਨ। ਗੁਰੂ ਦੀ ਗੋਲਕ ਅਤੇ ਸ਼੍ਰੋਮਣੀ ਕਮੇਟੀ ਦੇ ਹੋਰ ਸਰੋਤਾਂ ਤੋਂ ਆਈ ਆਮਦਨ ਪੰਥਕ ਅਤੇ ਲੋਕ ਭਲਾਈ ਕਾਰਜਾਂ ਵਿੱਚ ਇਸਤੇਮਾਲ ਹੋਣ ਦੀ ਥਾਂ 'ਤੇ ਬਾਦਲਾਂ ਦੇ ਸਿਆਸੀ ਹਿੱਤਾਂ ਦੀ ਰਖਵਾਲੀ ਕਰਨ ਲਈ ਵਰਤੀ ਜਾਂਦੀ ਹੈ। ਗੁਰਧਾਮਾਂ ਦੀ ਕਾਰ ਸੇਵਾ ਦੇ ਨਾਂ ਤੇ ਅਰਬਾਂ ਰੁਪਏ ਦੀ ਧਾਂਦਲੀ ਕੀਤੀ ਜਾ ਰਹੀ ਹੈ।

ਹਵਾਰਾ ਕਮੇਟੀ ਦੇ ਆਗੂ ਐਡਵੋਕੇਟ ਅਮਰ ਸਿੰਘ ਚਾਹਲ, ਪ੍ਰੋ. ਬਲਜਿੰਦਰ ਸਿੰਘ, ਬਾਪੂ ਗੁਰਚਰਨ ਸਿੰਘ, ਐਡਵੋਕੇਟ ਦਿਲਸ਼ੇਰ ਸਿੰਘ, ਬਲਬੀਰ ਸਿੰਘ ਹਿਸਾਰ, ਮਹਾਂਵੀਰ ਸਿੰਘ ਸੁਲਤਾਨਵਿੰਡ, ਸੁਖਰਾਜ ਸਿੰਘ ਵੇਰਕਾ, ਜਸਪਾਲ ਸਿੰਘ ਪੁਤਲੀਘਰ, ਬਲਜੀਤ ਸਿੰਘ ਭਾਊ, ਕੁਲਦੀਪ ਸਿੰਘ ਦੁਭਾਲੀ ਆਦਿ ਨੇ ਕਿਹਾ ਕਿ ਖ਼ਾਲਸਾ ਪੰਥ ਨਿਯੁਕਤੀਆਂ ਦੀ ਧਾਂਦਲੀ, ਗੋਲਕਾਂ ਦੀ ਦੁਰਵਰਤੋਂ, ਜਿਵੇਂ ਕਿ 90 ਲੱਖ ਦੇ ਗੁਰਮੀਤ ਰਾਮ ਰਹੀਮ ਦੀ ਮਾਫ਼ੀ ਸਬੰਧੀ ਬੇਲੋੜੇ ਇਸ਼ਤਿਹਾਰ, ਲੰਗਰ ਦੀ ਰਸਦ ਵਿੱਚ ਹੇਰਾ ਫੇਰੀ ਆਦਿ ਨੂੰ ਪਿਛਲੇ ਲੰਮੇ ਸਮੇਂ ਤੋਂ ਬਰਦਾਸ਼ਤ ਕਰਦਾ ਆ ਰਿਹਾ ਹੈ ਹੁਣ ਤਾਂ ਪਾਣੀ ਸਿਰ ਤੋਂ ਲੰਘ ਗਿਆ ਹੈ, ਜਦ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਲਾਪਤਾ ਹੋ ਗਏ ਹਨ ਜਿਸ ਦਾ ਕਿ ਇਨਸਾਫ਼ ਕੌਮ ਨੂੰ ਅੱਜ ਤੱਕ ਨਹੀਂ ਮਿਲਿਆ।' ਇਨਸਾਫ਼ ਲੈਣ ਲਈ ਸ਼ਾਂਤਮਈ ਢੰਗ ਨਾਲ ਬੈਠੀਆਂ ਪੰਥਕ ਜਥੇਬੰਦੀਆਂ ਨੂੰ ਨਰੈਣੂ ਮਹੰਤ ਦੀ ਤਰਜ਼ 'ਤੇ ਚਲਦਿਆਂ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਵਹਿਸ਼ੀਆਨਾ ਢੰਗ ਨਾਲ ਕੁੱਟਮਾਰ ਕਰਕੇ ਸਿੱਖ ਇਤਿਹਾਸ ਨੂੰ ਕਲੰਕਿਤ ਕੀਤਾ ਹੈ।

ਜਥੇਦਾਰ ਹਵਾਰਾ ਕਮੇਟੀ ਨੇ ਸਮੂਹ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਤੋਂ ਮੁਕਤ ਕਰਾਉਣ ਲਈ ਇਕਸਾਰਤਾ ਆਪਸੀ ਇਤਫ਼ਾਕ ਪੈਦਾ ਕਰਨ। ਕਮੇਟੀ ਆਗੂਆਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਸੇਵਾ ਕਰ ਰਹੇ ਕਰਮਚਾਰੀਆਂ ਵਿਚੋਂ ਜਾਗਦੀ ਜ਼ਮੀਰ ਵਾਲੇ ਕਰਮਚਾਰੀ ਬਾਦਲਾਂ ਦੇ ਪ੍ਰਬੰਧ ਤੋਂ ਦੁਖੀ ਹਨ।

**ਜਾਰੀ ਕਰਤਾ**
**- ਪ੍ਰੋ ਬਲਜਿੰਦਰ ਸਿੰਘ**
9888001888

# ਦੀਵਾਲੀ ਨੇ ਦਿੱਲੀ ਦੇ ਨਾਸੀਂ ਧੂੰਆਂ ਕੀਤਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਆਪਣੀ ਗੰਦੀ ਹਵਾ ਲਈ ਪੰਜਾਬ ਦੀ ਪਰਾਲੀ ਨੂੰ ਕੋਸਣ ਵਾਲੀ ਦਿੱਲੀ ਬਾਰੇ ਭਾਵੇਂ ਕਿ ਵਿਗਿਆਨਕ ਤੱਥ ਪੁਸ਼ਟੀ ਕਰ ਚੁੱਕੇ ਹਨ ਕਿ ਦਿੱਲੀ ਦੀ ਗੰਦੀ ਹਵਾ ਦੀ ਜ਼ਿੰਮੇਵਾਰ ਦਿੱਲੀ ਖ਼ੁਦ ਹੈ ਪਰ ਇਸ ਵਾਰ ਦੀਵਾਲੀ ਵਾਲੇ ਦਿਨ ਭਾਵੇਂ ਕਿ ਸੁਪਰੀਮ ਕੋਰਟ, ਕੌਮੀ ਗ੍ਰੀਨ ਟ੍ਰਿਬਿਊਨਲ ਤੇ ਸਥਾਨਕ ਸਰਕਾਰਾਂ/ਪ੍ਰਸ਼ਾਸਨ ਦੇ ਪਟਾਕੇ ਨਾ ਚਲਾਉਣ ਦੇ ਹੁਕਮ ਜਾਰੀ ਕੀਤੇ ਸਨ ਪਰ ਦਿੱਲੀ ਦੇ ਲੋਕਾਂ ਨੇ ਸਾਰੇ ਹੁਕਮਾਂ ਨੂੰ ਭੰਗ ਕਰਦਿਆਂ ਬੇਅੰਤ ਆਤਿਸ਼ਬਾਜ਼ੀ ਕੀਤੀ ਜਿਸ ਨੇ ਪਹਿਲਾਂ ਤੋਂ ਹੀ ਪਲੀਤੀ ਦਿੱਲੀ ਨੂੰ ਹੋਰ ਪਲੀਤ ਕਰ ਦਿੱਤਾ। ਭਾਰਤ ਦੀ ਰਾਜਧਾਨੀ ਦਿੱਲੀ ਅਤੇ ਨੇੜਲੇ ਇਲਾਕਿਆਂ ਦੀ ਹਵਾ ਦੇ ਮਿਆਰਾਂ ਸਬੰਧੀ ਆਏ ਅੰਕੜਿਆਂ ਮੁਤਾਬਕ ਨੋਇਡਾ (੪੬੬ ਏਕਿਊਆਈ), ਗ੍ਰੇਟਰ ਨੋਇਡਾ(੪੩੯), ਫਰੀਦਾਬਾਦ (੪੩੮), ਗੁਰੂਗ੍ਰਾਮ, ਗਾਜ਼ੀਆਬਾਦ (੪੮੩), ਬੱਲਭਗੜ੍ਹ ਤੇ ਪਲਵਲ ਤਕ ਪ੍ਰਦੂਸ਼ਣ ਬਹੁਤ ਗੰਭੀਰ ਹਾਲਤ ਵਿੱਚ ਪੁੱਜ ਗਿਆ। ਹਵਾ ਦੀ ਸ਼ੁੱਧਤਾ ਮਾਪਣ ਵਾਲੀ ਸੰਸਥਾ 'ਸਫ਼ਰ' ਮੁਤਾਬਕ ਸਵੇਰੇ ਐਤਵਾਰ ਨੂੰ ਹਵਾ ਗੁਣਵੱਤਾ ਸੂਚਕ (ਏਕਿਊਆਈ) ੫੪੫ ਸੀ ਤੇ ਸ਼ਾਮ ਤੱਕ ੪੯੦ ਉੱਪਰ ਆ ਗਿਆ। ਸਾਰਾ ਦਿਨ ਇਸ ਇਲਾਕੇ ਦੇ ਅਸਮਾਨ ਉੱਪਰ ਧੁੰਦਲਾਪਣ ਛਾਇਆ ਰਿਹਾ। ਪੀਐੱਮ ੨.੫ ਤੇ ਪੀਐੱਮ ੧੦ ਦੀ ਹਾਲਤ ਬਦਤਰ ਰਹੀ।

**ਕੇਜਰੀਵਾਲ ਨੇ ਇਕ ਤੈਅ ਸਮੇਂ 'ਤੇ ਮੰਤਰ ਪੜਨ ਲਈ ਕਿਹਾ**

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦੀਵਾਲੀ ਮੌਕੇ ਦਿੱਲੀ ਦੇ ਲੋਕਾਂ ਨੂੰ ਇਕ ਤੈਅ ਸਮੇਂ ੦੭.੩੯ ਮਿੰਟ 'ਤੇ ਹਿੰਦੂ ਧਾਰਮਿਕ ਮੰਤਰ ਪੜਨ ਲਈ ਕਿਹਾ। ਕੇਜਰੀਵਾਲ ਦਾ ਕਹਿਣਾ ਸੀ ਕਿ ਪੰਡਤਾਂ ਮੁਤਾਬਕ ਇਹ ਸਮਾਂ ਸ਼ੁੱਭ ਮੂਹਰਤ ਵਾਲਾ ਹੈ। ਦੀਵਾਲੀ ਦੀ ਰਾਤ ਦਿੱਲੀ ਦੇ ਅਕਸ਼ਰਧਾਮ ਮੰਦਰ ਵਿੱਚ ਸ਼ਾਮ ੭.੩੯ ਮਿੰਟ ਉੱਪਰ ਦੀਵਾਲੀ ਦੀ ਪੂਜਾ ਕੀਤੀ ਤੇ ਮੰਤਰ ਉਚਾਰੇ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)




• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035



jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling
TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

ਅੰਮ੍ਰਿਤਸਰ ਟਾਈਮਜ਼ AMRITSAR TIMES

18 ਨਵੰਬਰ 2020 ਤੋਂ 24 ਨਵੰਬਰ 2020

## ਹੰਨੇ ਹੰਨੇ ਮੀਰੀ: ਵਿਕੇਂਦਰੀਕ੍ਰਿਤ ਲੀਡਰਸ਼ਿਪ

ਕਿਸੇ ਵੀ ਤਰ੍ਹਾਂ ਦੇ ਢਾਂਚੇ ਨੂੰ ਠੀਕ ਤਰ੍ਹਾਂ ਨਾਲ ਚਲਾਉਣ ਲਈ ਕੁਝ ਵਿਅਕਤੀ ਨਿੱਜੀ ਜਾਂ ਸੰਸਥਾਗਤ ਰੂਪ ਵਿਚ ਜ਼ਿੰਮੇਵਾਰ ਹੁੰਦੇ ਹਨ। ਅਸਲ ਵਿਚ ਕੋਈ ਨਾ ਕੋਈ ਪ੍ਰਬੰਧ ਹੀ ਹੁੰਦਾ ਹੈ ਜਿਸ ਤਹਿਤ ਅਗਵਾਈ ਹੋਣੀ ਜਾ ਕਰਨੀ ਹੁੰਦੀ ਹੈ। ਵਕਤ ਦੇ ਨਾਲ ਇਸ ਤਰ੍ਹਾਂ ਦੇ ਪ੍ਰਬੰਧ ਜਿਸ ਨੇ ਕਿਸੇ ਸਮਾਜ, ਖਿੱਤੇ ਜਾ ਸੰਸਥਾ ਦੀ ਅਗਵਾਈ ਕਰਨੀ ਹੁੰਦੀ ਹੈ, ਆਪਣਾ ਰੂਪ ਬਦਲਦੇ ਰਹਿੰਦੇ ਹਨ। ਕਦੀ ਇਹ ਜ਼ਿੰਮੇਵਾਰੀ ਕਿਸੇ ਵਿਅਕਤੀ ਵਿਸ਼ੇਸ਼ ਕੋਲ ਹੁੰਦੀ ਹੈ ਤੇ ਕਦੀ ਸੰਸਥਾਗਤ ਰੂਪ ਵਿਚ ਇਕ ਤੋਂ ਵਧੇਰੇ ਵਿਅਕਤੀਆਂ ਕੋਲ, ਕਦੀ ਇਹ ਅਗਵਾਈ ਕੇਂਦਰੀ ਲੀਡਰਸ਼ਿਪ ਰਾਹੀਂ ਹੁੰਦੀ ਹੈ ਤੇ ਕਦੀ ਵਿਕੇਂਦਰਿਕ੍ਰਿਤ ਲੀਡਰਸ਼ਿਪ ਰਾਹੀਂ। ਇੰਡੀਆ ਵਿੱਚ ਹੁਣ ਦੇ ਸਮੇਂ ਇਹ ਜ਼ਿੰਮੇਵਾਰੀ ਵੋਟ ਤੰਤਰ ਰਾਹੀਂ ਚੁਣੇ ਹੋਏ ਅਹੁਦੇਦਾਰ ਅਤੇ ਅਫਸਰਸ਼ਾਹੀ ਸੰਸਥਾਵਾਂ ਸੰਭਾਲ ਰਹੀਆਂ ਨੇ ਅਤੇ ਇਹ ਕੇਂਦਰੀ ਲੀਡਰਸ਼ਿਪ ਦੇ ਅਹੁਦਿਆਂ ਦੀ ਸ਼ਕਤੀ ਦਾ ਵੀ ਅੱਗੇ ਕੇਂਦਰੀਕਰਨ ਹੋ ਗਿਆ ਹੈ ਜੋ ਸਰਬੱਤ ਦੇ ਭਲੇ ਦੇ ਆਸ਼ੇ ਤੋਂ ਉਲਟ ਅਤੇ ਦਿੱਲੀ ਤਖਤ ਦੇ ਅਨੁਸਾਰੀ ਚੱਲ ਰਿਹਾ ਹੈ। ਪੰਜਾਬ ਵਿੱਚ ਇਹ ਵਰਤਾਰਾ ਸਿਖਰ ਤੇ ਹੈ ਅਤੇ ਇਸ ਤਰ੍ਹਾਂ ਦੇ ਪ੍ਰਬੰਧ ਦਾ ਬਦਲ ਲੱਭਣ ਦੇ ਯਤਨ ਹੋ ਰਹੇ ਹਨ। ਇਸ ਤਰ੍ਹਾਂ ਦੇ ਹਲਾਤ ਵਿਚ ਜਿੱਥੇ ਸਟੇਟ ਦੀ ਲੋੜੋਂ ਵੱਧ ਦਖਲਅੰਦਾਜ਼ੀ ਹੋਵੇ, ਕੋਈ ਵੀ ਕੇਂਦਰੀ ਲੀਡਰਸ਼ਿਪ ਬਹੁਤਾ ਸਮਾਂ ਟਿਕ ਨਹੀਂ ਸਕਦੀ/ਸਹੀ ਕੰਮ ਨਹੀਂ ਕਰ ਸਕਦੀ। ਇਹਨਾਂ ਸਮਿਆਂ ਵਿੱਚ ਵਿਕੇਂਦਰਿਕ੍ਰਿਤ ਲੀਡਰਸ਼ਿਪ ਭਾਵ ਹੰਨੇ ਹੰਨੇ ਮੀਰੀ (ਇਕ ਸਿਰ ਦੀ ਥਾਂ ਬਹੁਤੇ ਸਿਰਾਂ ਵਾਲੀ ਲੀਡਰਸ਼ਿਪ) ਹੀ ਚੱਲ ਸਕਦੀ ਹੈ।

ਕੇਂਦਰੀ ਲੀਡਰਸ਼ਿਪ ਦੇ ਮੁਕਾਬਲਤਨ ਵਿਕੇਂਦਰਿਕ੍ਰਿਤ ਲੀਡਰਸ਼ਿਪ ਨੂੰ ਕਾਬੂ ਕਰਨਾ ਸਟੇਟ ਲਈ ਬਹੁਤ ਔਖਾ ਹੁੰਦਾ ਹੈ। ਹੁਣ ਜੋ ਹਲਾਤ ਹਨ, ਇਹਨਾਂ ਵਿਚ ਸਿਰਫ ਵਿਕੇਂਦਰਿਕ੍ਰਿਤ ਲੀਡਰਸ਼ਿਪ ਰਾਹੀਂ ਹੀ ਸਰਬੱਤ ਦੇ ਭਲੇ ਦੀ ਗੱਲ ਹੋ ਸਕਦੀ ਹੈ ਅਤੇ ਆਪਣੀ ਰਵਾਇਤ ਦੇ ਕੁਝ ਹਿੱਸੇ ਨੂੰ ਮੁੜ ਬਹਾਲ ਕੀਤਾ ਜਾ ਸਕਦਾ ਹੈ। ਅਸੀਂ ਜਾਣਦੇ ਹਾਂ ਕਿ ਸਾਡੀ ਅਗਵਾਈ ਦਾ ਤਰੀਕਾਰ ਪੰਚ ਪ੍ਰਧਾਨੀ ਅਤੇ ਫੈਸਲੇ ਲੈਣ ਦੀ ਰਵਾਇਤ ਸੰਗਤੀ ਰੂਪ ਵਿੱਚ ਰਹੀ ਹੈ ਪਰ ਹੁਣ ਪੱਛਮ ਦੀ ਤਰਜ ਤੇ ਅਸੀਂ ਅਹੁਦੇਦਾਰੀਆਂ ਵਾਲੀਆਂ ਬਣਤਰਾਂ 'ਚ ਉਲਝ ਗਏ ਹਾਂ ਅਤੇ ਵੋਟਾਂ ਰਾਹੀਂ ਤਾਕਤ ਮਾਨਣ ਦੀ ਇੱਛਾ ਪਾਲ ਲਈ ਹੈ ਤਦ ਹੀ ਅਸੀਂ ਆਪਣੀਆਂ ਪਰੰਪਰਾਵਾਂ ਅਤੇ ਸੰਸਥਾਵਾਂ ਨੂੰ ਮਜਬੂਤ ਕਰਨ ਚ ਅਸਮਰੱਥ ਹੋ ਗਏ ਹਾਂ। ਸਟੇਟ ਨੇ ਸ਼੍ਰੀ ਅਕਾਲ ਤਖਤ ਸਾਹਿਬ ਨੂੰ ਆਪਣੇ ਸੰਦਾਂ ਅਤੇ ਸਾਧਨਾਂ ਰਾਹੀਂ ਇਕ ਤਰ੍ਹਾਂ ਕਾਬੂ ਹੀ ਕੀਤਾ ਹੋਇਆ ਹੈ ਅਤੇ ਸਰਬੱਤ ਖਾਲਸਾ ਵੀ ਹੁਣ ਦੇ ਹਲਾਤ ਵਿਚ ਵਿਵਾਦਪੂਰਨ ਹੋ ਜਾਂਦਾ ਹੈ, ਸੋ ਅਜਿਹੇ ਸਮਿਆਂ ਵਿੱਚ ਫੈਸਲੇ ਕੇਂਦਰੀਕ੍ਰਿਤ ਹੋਣੇ ਔਖੇ ਹਨ। ਹੁਣ ਰਾਜਨੀਤਕ ਢਾਂਚੇ ਉਸਾਰਨ ਤੋਂ ਕਿਤੇ ਵੱਧ ਜਰੂਰੀ ਹੈ ਕਿ ਉਹ ਢਾਂਚੇ ਉਸਾਰੇ ਜਾਣ ਜਿਹਨਾਂ ਨੇ ਰਾਜਨੀਤੀ ਉੱਤੇ ਕੁੰਡਾ ਰੱਖਣਾ ਹੈ ਭਾਵ ਪਹਿਰੇਦਾਰੀ ਕਰਨੀ ਹੈ। ਮਿਸਲ ਸ਼ਹੀਦਾਂ ਦੀ ਉਦਾਹਰਣ ਸਾਡੇ ਕੋਲ ਹੈ ਜਿਸ ਵਿਚ ਬਾਬਾ ਦੀਪ ਸਿੰਘ ਅਤੇ ਅਕਾਲੀ ਫੂਲਾ ਸਿੰਘ ਦਾ ਸੰਘਰਸ਼, ਤਿਆਗ ਅਤੇ ਫੈਸਲੇ ਕਰਨ ਦਾ ਨੈਤਿਕ ਅਧਾਰ ਸ਼ਾਮਲ ਹੈ। 20ਵੀਂ ਸਦੀ ਦੀ ਉਦਾਹਰਣ ਸੰਤ ਜਰਨੈਲ ਸਿੰਘ ਹੁਰਾਂ ਦੀ ਹੈ, ਜਿਹੜੇ ਆਪ ਰਾਜਨੀਤੀ ਜਾ ਵੋਟ ਤੰਤਰ ਵਿਚ ਨਹੀਂ ਆਏ ਪਰ ਰਾਜਨੀਤੀ ਤੇ ਕੁੰਡਾ ਰੱਖਿਆ, ਪੰਜਾਬ ਦੇ ਮਸਲੇ ਤੈਅ ਕੀਤੇ ਅਤੇ ਸੰਘਰਸ਼ ਦੀ ਪਹਿਰੇਦਾਰੀ ਕੀਤੀ। ਇਸੇ ਹੀ ਤਰ੍ਹਾਂ ਦੇ ਢਾਂਚੇ ਹੁਣ ਉਸਾਰੇ ਜਾਣੇ ਚਾਹੀਦੇ ਹਨ ਜਿਸ ਵਿਚ ਰਾਜਨੀਤੀ ਅਤੇ ਅਹੁਦੇਦਾਰੀਆਂ ਦੇ ਲਾਲਚ ਤੋਂ ਦੂਰ, ਤਿਆਗ ਵਾਲੇ ਮਨੁੱਖ ਜੋ ਸਰਬੱਤ ਦੇ ਭਲੇ ਦੀ ਗੱਲ ਕਰਨ, ਓਹਦੇ ਲਈ ਸੰਘਰਸ਼ ਕਰਨ, ਪੰਜਾਬ ਦੇ ਮਸਲੇ ਤੈਅ ਕਰਨ ਅਤੇ ਰਾਜਨੀਤਕ ਪਾਰਟੀਆਂ 'ਤੇ ਓਹਨਾ ਮਸਲਿਆਂ ਉੱਤੇ ਸੰਘਰਸ਼ ਕਰਨ ਲਈ ਦਬਾਅ ਬਣਾਉਣ।

ਪੰਜਾਬ ਵਿਚ ਹਾਲ ਹੀ ਵਿੱਚ ਚੱਲ ਰਹੇ ਕਿਸਾਨੀ ਸੰਘਰਸ਼ ਦੀ ਉਦਾਹਰਣ ਬਹੁਤ ਮਿਸਾਲੀ ਹੈ, ਪਹਿਲੀ ਦਫ਼ਾ ਹੋਇਆ ਕਿ ਕਿਸਾਨ ਯੂਨੀਅਨਾਂ ਦੇ ਆਗੂ ਹਾਲੀ ਤੱਕ ਕੋਈ ਵੀ ਫੈਸਲਾ ਆਪਣੀ ਸੌਖ ਮੁਤਾਬਿਕ ਨਹੀਂ ਕਰ ਸਕੇ, ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਪੰਜਾਬ ਦੇ ਹੱਕਾਂ ਦੀ ਗੱਲ ਕਰ ਰਹੀਆਂ ਹਨ, ਗਾਉਣ ਵਾਲੇ ਅਤੇ ਫ਼ਿਲਮੀ ਅਦਾਕਾਰ ਆਪਣੀ ਲੀਹ ਤੋਂ ਹਟ ਕੇ ਸਿਰਫ ਪੰਜਾਬ ਦੀ ਗੱਲ ਕਰ ਰਹੇ ਹਨ, ਇਸ ਦਾ ਕਾਰਨ ਸਿਰਫ ਇਹ ਹੈ ਕਿ ਲੋਕ ਜਾਗੇ ਹੋਏ ਹਨ ਅਤੇ ਲੋਕਾਂ ਦਾ ਇਹਨਾਂ ਸਭ ਉੱਤੇ ਦਬਾਅ ਬਣਿਆ ਹੋਇਆ ਹੈ। ਇੰਨੀ ਵੱਡੀ ਮਾਤਰਾ 'ਚ ਲੋਕ ਹਮੇਸ਼ਾ ਹੀ ਸੰਘਰਸ਼ 'ਚ ਰਹਿਣ ਇਹ ਕਦੀ ਵੀ ਸੰਭਵ ਨਹੀਂ ਹੁੰਦਾ ਸੋ ਹੁਣ ਓਹਨਾ ਸਭ ਮਨੁੱਖਾਂ ਨੂੰ ਇਕੱਠੇ ਹੋਣਾ ਪੈਣਾ ਹੈ ਜੋ ਰਾਜਨੀਤਕ ਲਾਲਸਾ ਤੋਂ ਦੂਰ ਹਨ, ਸੰਘਰਸ਼ ਲਈ ਤਿਆਰ ਹਨ ਅਤੇ ਸਰਬੱਤ ਦੇ ਭਲੇ ਲਈ ਆਪਣਾ ਕੋਈ ਤਿਲ ਫੁੱਲ ਯੋਗਦਾਨ ਪਾਉਣ ਦੀ ਇੱਛਾ ਰੱਖਦੇ ਹਨ।

ਪੰਥਕ ਪੱਧਰ ਉੱਤੇ ਇਹ ਗੱਲ ਲਾਗੂ ਹੋਣੀ ਹਾਲੀ ਪੂਰੀ ਤਰ੍ਹਾਂ ਸੰਭਵ ਨਹੀਂ ਸੋ ਇਸੇ ਲਈ ਉਪਰੋਂ ਥੱਲੇ ਵਾਲੀ ਪਹੁੰਚ ਦੀ ਥਾਂ ਥੱਲਿਓਂ ਉੱਪਰ ਵਾਲੀ ਪਹੁੰਚ ਅਪਨਾਉਣੀ ਪੈਣੀ ਹੈ। ਪਹਿਲਾਂ ਛੋਟਿਆਂ ਜਥਿਆਂ ਚ ਰਵਾਇਤ ਲਾਗੂ ਕਰਨੀ ਪੈਣੀ ਹੈ, ਉਹ ਸੌਖੀ ਵੀ ਹੈ ਅਤੇ ਜੇਕਰ ਉਹ ਹੋ ਜਾਂਦੀ ਹੈ ਤਾਂ ਪੰਥਕ ਪੱਧਰ ਤੇ ਲਾਗੂ ਕਰਨੀ ਹੋਰ ਸੌਖੀ ਹੋ ਜਾਵੇਗੀ। ਛੋਟੇ ਜਥੇ ਖਿੱਤੇ ਅਨੁਸਾਰ ਵੀ ਬਣਾਏ ਜਾ ਸਕਦੇ ਹਨ ਅਤੇ ਵਿਸ਼ੇ ਅਨੁਸਾਰ ਵੀ, ਹਲਾਤ ਅਨੁਸਾਰ ਇਹ ਦੋਵੇਂ ਬਣਾਉਣੇ ਚਾਹੀਦੇ ਹਨ। ਪੰਜਾਬ ਵਿੱਚ ਖਿੱਤੇ ਅਨੁਸਾਰ ਭਾਵ ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਵਿੱਚ ਇਹ ਜਥੇ ਬਣਾ ਕੇ ਸ਼ੁਰੂਆਤ ਕਰਨੀ ਚਾਹੀਦੀ ਹੈ ਜੋ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਅਤੇ ਇਸੇ ਤਰ੍ਹਾਂ ਵੱਖ ਵੱਖ ਵਿਸ਼ਿਆਂ ਦੇ ਮਾਹਰਾਂ ਦਾ ਆਪਣਾ ਆਪਣਾ ਜਥਾ ਵੀ ਹੋਵੇ ਜੋ ਓਹਨਾ ਵਿਸ਼ਿਆਂ ਤੇ ਕੇਂਦਰਿਤ ਰਹਿ ਕੇ ਸੰਘਰਸ਼ ਕਰਨ।

ਇਸ ਤਰ੍ਹਾਂ ਦੇ ਮੋੜੇ ਨਾਲ ਜਿੱਥੇ ਸੰਗਤੀ ਫੈਸਲੇ ਕਰਨ ਦੀ ਰਵਾਇਤ ਮੁੜ ਬਹਾਲ ਹੋਵੇਗੀ ਉਥੇ ਹੀ ਵਿਕੇਂਦਰਿਕ੍ਰਿਤ ਲੀਡਰਸ਼ਿਪ ਦੀ ਉਸਾਰੀ ਵੀ ਹੋਵੇਗੀ ਭਾਵ ਹੰਨੇ ਹੰਨੇ ਮੀਰੀ ਹੋਵੇਗੀ ਜਿਸਨੂੰ ਕਾਬੂ ਕਰਨਾ ਅਤੇ ਜਿਸਦੇ ਫੈਸਲੇ ਪ੍ਰਭਾਵਿਤ ਕਰਨਾ ਸਟੇਟ ਲਈ ਸੌਖਾ ਕਾਰਜ ਨਹੀਂ ਹੋਵੇਗਾ। ਹੁਣ ਇਹ ਆਪਣੇ ਤੇ ਹੈ ਕਿ ਅਸੀਂ ਇਸ ਕਾਰਜ ਨੂੰ ਅਮਲੀ ਰੂਪ ਦੇਣ ਲਈ ਕਿੰਨੀ ਊਰਜਾ ਅਤੇ ਕਿੰਨਾ ਵਕਤ ਲਾਉਂਦੇ ਹਾਂ। ਸਿੱਖਾਂ ਲਈ ਇਹ ਕੋਈ ਨਵਾਂ ਤਜ਼ਰਬਾ ਨਹੀਂ ਹੈ ਸਗੋਂ ਪਰਖਿਆ ਅਤੇ ਹੰਢਾਇਆ ਹੋਇਆ ਹੈ, ਗੁਰੂ ਪਾਤਸ਼ਾਹ ਮਿਹਰ ਕਰਨ ਅਸੀਂ ਫਿਰ ਤੋਂ ਹੰਨੇ ਹੰਨੇ ਮੀਰੀ ਵਾਲੇ ਬਣ ਜਾਈਏ।

# ਨਵੀਂ ਸੰਸਦ, ਬੁਲੇਟ ਟ੍ਰੇਨ ਦੀ ਥਾਂ ਨੌਕਰੀ ਤੇ ਟੀਕੇ ਦੀ ਲੋੜ





- ਪ੍ਰੀਤੀਸ਼ ਨੰਦੀ
(ਸੀਨੀਅਰ ਪੱਤਰਕਾਰ ਅਤੇ ਫ਼ਿਲਮ ਨਿਰਮਾਤਾ)

ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਅਤੇ ਹੁਣੇ ਜਿਹੇ ਚੋਣ ਹਾਰਨ ਵਾਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਕੁਝ ਦਿਲਚਸਪ ਸਮਾਨਤਾਵਾਂ ਹਨ । ਇਨਾਂ ਸਮਾਨਤਾਵਾਂ ਕਾਰਨ ਭਾਰਤ-ਅਮਰੀਕਾ ਸਬੰਧਾਂ ਵਿਚ ਕੁਝ ਸੁਧਾਰ ਹੋਇਆ। ਪਰ ਟਰੰਪ ਨੂੰ ਬੇਹਤਰ ਸ਼ਬਦ ਪਸੰਦ ਨਹੀਂ । ਇਸ ਲਈ ਟਰੰਪ ਨੇ ਉਹ ਕੰਮ ਵੀ ਕੀਤੇ ਜੋ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਦੇ ਜੀਵਨ ਲਈ ਮੁਸ਼ਕਲਾਂ ਖੜੀਆਂ ਕਰਦੇ ਸਨ।

ਰਾਸ਼ਟਰਪਤੀ ਟਰੰਪ ਹੋਣ ਦੇ ਨਾਤੇ, ਉਸਨੇ ਕਾਰੋਬਾਰੀ ਐਨਕਾਂ ਰਾਹੀਂ ਇਹਨਾਂ ਸਬੰਧਾਂ ਨੂੰ ਵੇਖਿਆ, ਕਿਉਂਕਿ ਉਹ ਅਸਲ ਵਿੱਚ ਇੱਕ ਵਪਾਰੀ ਸੀ । ਜਦੋਂ ਟਰੰਪ ਨੇ ਈਰਾਨ ਜਾਂ ਚੀਨ ਤੋਂ ਬਦਲਾ ਲੈਣਾ ਸੀ, ਤਾਂ ਉਸ ਨੇ ਵਪਾਰ 'ਤੇ ਪਾਬੰਦੀਆਂ ਲਗਾ ਦਿੱਤੀਆਂ। ਜਦੋਂ ਟਰੰਪ ਨੇ ਦੋਸਤਾਂ ਦੀ ਮਦਦ ਕਰਨੀ ਸੀ ਤਾਂ ਉਸਨੇ ਕਾਰਪੋਰੇਟ ਟੈਕਸ ਘਟਾ ਦਿੱਤੇ । ਮੋਦੀ ਗੁਜਰਾਤ ਤੋਂ ਹਨ ਅਤੇ ਗੁਜਰਾਤੀਆਂ ਨੂੰ ਵਪਾਰਕ ਭਾਈਚਾਰਾ ਮੰਨਦੇ ਹਨ। ਇਸ ਲਈ, ਉਹ ਵੀ ਵਪਾਰ ਨੂੰ ਰਾਜਨੀਤੀ ਦਾ ਆਧਾਰ ਮੰਨਦੇ ਹਨ। ਉਹ ਇਸ ਨੂੰ ਵਿਕਾਸ ਕਹਿੰਦੇ ਹਨ । ਉਹ ਭਾਰਤ ਦੇ ਭਵਿੱਖ ਨੂੰ ਹੋਰ ਜ਼ਰੂਰੀ ਚੀਜ਼ਾਂ ਦੀ ਕੀਮਤ ਉੱਪਰ ਵਿਕਾਸ ਦੀਆਂ ਰੰਗੀਨ ਐਨਕਾਂ ਨਾਲ ਵੇਖਦੇ ਹਨ। ਇਸ ਲਈ ਮੋਦੀ ਜੀ ਦੀ ਨਵੇਂ ਭਾਰਤ ਦੀ ਯੋਜਨਾ ਵਿਚ ਨੋਟਬੰਦੀ ਅਤੇ ਜੀਐਸਟੀ ਵਰਗੀਆਂ ਚੀਜ਼ਾਂ ਸ਼ਾਮਲ ਹਨ, ਜੋ ਆਮ ਆਦਮੀ ਅਤੇ ਆਰਥਿਕਤਾ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ । ਮੋਦੀ ਜੀ ਦੇ 6 ਸਾਲਾਂ ਦੇ ਕਾਰਜਕਾਲ ਦੌਰਾਨ ਅਮੀਰ ਹੋਰ ਅਮੀਰ ਬਣ ਗਿਆ ਅਤੇ ਛੋਟੇ ਕਾਰੋਬਾਰ ਤਬਾਹ ਹੋ ਗਏ।

ਮੋਦੀ ਇਹ ਨਹੀਂ ਸਮਝ ਸਕੇ ਕਿ ਕਾਲਾ ਧਨ ਪੈਦਾ ਕਰਨ ਵਾਲੇ ਲੋਕ ਅਮੀਰ ਹਨ, ਆਮ ਮੱਧ ਵਰਗ ਦੇ ਲੋਕ ਨਹੀਂ । ਅਮੀਰ ਨੋਟਬੰਦੀ ਤੋਂ ਲੈ ਕੇ ਜੀਐਸਟੀ ਤੱਕ ਕਿਸੇ ਨੂੰ ਵੀ ਹਰਾ ਸਕਦੇ ਹਨ। ਟਰੰਪ ਅਤੇ ਮੋਦੀ ਵਿਚ ਇਕ ਹੋਰ ਸਮਾਨਤਾ ਹੈ। ਇਹ ਦੋਵੇਂ ਮਜ਼ਬੂਤ ਬਹੁਮਤ ਵੋਟਾਂ ਦੇ ਅਧਾਰ 'ਤੇ ਸੱਤਾ ਵਿਚ ਆਏ ਸਨ। ਮੋਦੀ ਦੇ ਫ਼ਿਰਕੂ ਹਿੰਦੂ ਵੋਟ ਅਤੇ ਟਰੰਪ ਦੇ ਨਸਲਵਾਦੀ ਗੋਰੇ ਵੋਟ ਨਾਲ ਜਿੱਤੇ। ਇਹ ਗੱਲ ਨਾ ਹੀ ਭਾਰਤ ਅਤੇ ਨਾ ਹੀ ਅਮਰੀਕਾ ਸਮਝ ਸਕਿਆ ਕਿ ਇਹ ਰੂੜੀਵਾਦੀ ਵੋਟ ਬੈਂਕ ਕਿੰਨਾ ਮਜ਼ਬੂਤ ਸੀ, ਜਦੋਂ ਕਿ ਅਸੀਂ ਇਸ ਪ੍ਰਭਾਵ ਹੇਠ ਸੀ ਕਿ ਆਖ਼ਿਰਕਾਰ ਉਦਾਰਵਾਦੀ ਰਾਏ ਅਤੇ ਨਿਰਪੱਖ ਸੋਚ ਵਾਲਾ ਮੀਡੀਆ ਰਾਸ਼ਟਰੀ ਰਾਇ ਤੇ ਨਤੀਜੇ ਨੂੰ ਨਿਰਧਾਰਿਤ ਕਰਦੇ ਹਨ। ਪਰ ਇਹ ਦਾਅਵੇ ਠੀਕ ਸਾਬਤ ਨਹੀਂ ਹੋਏ । ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ 2017 ਵਿੱਚ ਹਿਲੇਰੀ ਕਲਿੰਟਨ ਨੂੰ 3 ਮਿਲੀਅਨ ਵਧੇਰੇ ਪਾਪੂਲਰ ਵੋਟਾਂ ਮਿਲੀਆਂ ਪਰ ਇਸਦੇ ਬਾਵਜੂਦ ਟਰੰਪ ਜਿੱਤੇ। ਦੂਜੇ ਪਾਸੇ ਜਦੋਂ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ.-2 ਸਰਕਾਰ ਦੇ ਘੁਟਾਲੇ ਸਾਹਮਣੇ ਆਏ ਤਾਂ ਮੋਦੀ ਦੀ ਚੋਣ ਮੁਹਿੰਮ ਤੇਜ਼ ਹੋ ਗਈ ਤੇ ਉਹ ਆਸਾਨੀ ਨਾਲ ਸੱਤਾ ਵਿਚ ਆ ਗਏ । ਅਜਿਹਾ ਇਸ ਲਈ ਕਿ ਲੋਕ ਤਬਦੀਲੀ ਚਾਹੁੰਦੇ ਸਨ।

ਅਮਰੀਕਾ ਦੇ ਵੋਟਰਾਂ ਨੇ ਸਮਝ ਲਿਆ ਕਿ ਲਿਬਰਲ ਜਿੰਨੇ ਮਰਜ਼ੀ ਕਮਜ਼ੋਰ ਲਗਦੇ ਹੋਣ, ਉਹ ਝੂਠੇ ਤੇ ਡਰਾਮੇਬਾਜ਼ ਹੋਣ ਟਰੰਪ ਤੋਂ ਬਿਹਤਰ ਹੋਣਗੇ । ਹਾਲਾਂਕਿ ਟਰੰਪ ਹੁਸ਼ਿਆਰ ਸਨ । ਉਹ ਅਸਾਨੀ ਨਾਲ ਹਾਰਨਾ ਨਹੀਂ ਸਨ ਚਾਹੁੰਦੇ। ਉਹ ਹੁਣ ਵੀ ਕਾਨੂੰਨੀ ਤਰੀਕਿਆਂ ਨਾਲ ਬਾਈਡਨ ਨੂੰ ਰੋਕਣ ਲਈ ਸਾਰੇ ਤਰੀਕਿਆਂ ਦੀ ਵਰਤੋਂ ਕਰ ਰਹੇ ਹਨ।

ਆਖ਼ਰਕਾਰ, ਟਰੰਪ ਨੇ ਆਪਣੇ ਆਪ ਨੂੰ ਮਹਾਂਦੋਸ਼ , 26 ਜਿਨਸੀ ਦੁਰਾਚਾਰ ਦੇ ਦੋਸ਼ਾਂ ਅਤੇ ਤਕਰੀਬਨ 4000 ਮੁਕੱਦਮਿਆਂ ਤੋਂ ਬਚਾ ਲਿਆ ਹੈ। ਉਸ ਨੇ ਆਪਣੀ ਟੈਕਸ ਰਿਟਰਨ ਜਨਤਕ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਸੀ । ਦਿਲਚਸਪ ਗੱਲ ਇਹ ਹੈ ਕਿ ਉਸਨੇ ਅਮਰੀਕਾ ਨਾਲੋਂ ਚੀਨ ਵਿੱਚ ਵਧੇਰੇ ਆਮਦਨ ਟੈਕਸ ਅਦਾ ਕੀਤਾ ਹੈ।

ਦੂਜੇ ਪਾਸੇ, ਮੋਦੀ ਨੇ ਦੋਵੇਂ ਚੋਣਾਂ ਆਸਾਨੀ ਨਾਲ ਜਿੱਤੀਆਂ ਹਨ। ਫਿਰ ਵੀ ਉਨਾਂ ਦੀਆਂ ਮੁਸ਼ਕਲਾਂ ਕੁਝ ਆਪਸ ਵਿਚ ਮਿਲਦੀਆਂ ਹਨ। ਟਰੰਪ ਦੀ ਤਰਾਂ ਮੋਦੀ ਦੀ ਟੀਮ ਵਿਚ ਜ਼ਿਆਦਾ ਪ੍ਰਤਿਭਾ ਨਹੀਂ ਹੈ। ਮੋਦੀ ਦੇ ਪ੍ਰਸੰਸਕ ਭਾਵੇਂ ਅਜਿਹਾ ਮੰਨਦੇ ਹੋਣ ਪਰ ਉਹ ਨਾ ਤਾਂ ਚੁਸਤ ਅਰਥ ਸ਼ਾਸਤਰੀ ਹਨ ਅਤੇ ਨਾ ਹੀ ਇਕ ਮਹਾਂਮਾਰੀ ਮਾਹਿਰ। ਉਨਾਂ ਨੂੰ ਸਭਿਆਚਾਰ ਦੀ ਮਹੱਤਤਾ ਦੀ ਸਮਝ ਵੀ ਨਹੀਂ ਜਿਸ ਅਨੁਸਾਰ ਭਾਰਤ ਚੰਗਾ ਹੈ।

ਇਸ ਲਈ, ਉਹ ਇੱਕ ਚੰਗੇ ਗੁਜਰਾਤੀ ਵਪਾਰੀ ਦੀ ਤਰਾਂ, ਸਿਰਫ਼ ਵਿਕਾਸ ਦੀ ਗੱਲ ਕਰਦੇ ਹਨ, ਜਿਵੇਂ ਕਿ ਇਹ ਭਾਰਤ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੋਣ। ਪਰ ਵਿਕਾਸ ਇਕੱਲਿਆਂ ਨਹੀਂ ਹੋ ਸਕਦਾ। ਇਸ ਦੀ ਪ੍ਰਤੀਨਿਧਤਾ ਕਰਨ ਲਈ ਉਨਾਂ ਨੂੰ ਚੰਗੇ ਚਿੰਤਕਾਂ ਅਤੇ ਵਿਸ਼ਲੇਸ਼ਕਾਂ ਦੀ ਜ਼ਰੂਰਤ ਹੈ। ਹਾਂ, ਮੋਦੀ ਚੋਣਾਂ ਜਿੱਤ ਸਕਦੇ ਹਨ, ਜਿਵੇਂ ਬਿਹਾਰ ਵਿਚ ਹੋਇਆ ਸੀ। ਪਰ ਇਸ ਦਾ ਕੀ ਫ਼ਾਇਦਾ? ਲੋਕ ਅਜੇ ਵੀ ਉਨਾਂ ਤੋਂ ਸੁਧਾਰਾਂ ਦੀ ਆਸ ਕਰ ਰਹੇ ਹਨ, ਜਿਨਾਂ ਦਾ ਮੋਦੀ ਨੇ ਵਾਅਦਾ ਕੀਤਾ ਸੀ। ਜੇ ਕਾਂਗਰਸ ਸੱਚਮੁੱਚ ਹੀ ਅਯੋਗ ਸੀ, ਤਾਂ ਫਿਰ ਤੁਸੀਂ ਭਾਜਪਾ ਸ਼ਾਸਨ ਦੇ ਛੇ ਸਾਲਾਂ ਦੇ ਰਾਜ ਵਿਚ ਤੁਹਾਡੀ ਅਤੇ ਮੇਰੀ ਜ਼ਿੰਦਗੀ ਵਿਚ ਕੋਈ ਅਸਲ ਫ਼ਰਕ ਕਿਉਂ ਨਹੀਂ ਦਿਖਦਾ?

ਡਿਜੀਟਲ ਹੋ ਜਾਣਾ ਹਰ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ। ਨੋਟਬੰਦੀ ਨਾਲ ਭ੍ਰਿਸ਼ਟਾਚਾਰ ਖ਼ਤਮ ਨਹੀਂ ਹੋਇਆ। ਜੀਐਸਟੀ ਨੇ ਕਰੋੜਾਂ ਛੋਟੇ ਵਪਾਰੀਆਂ ਦੀ ਜ਼ਿੰਦਗੀ ਦੁਖੀ ਕਰ ਦਿੱਤੀ ਹੈ । ਸਚਾਈ ਇਹ ਹੈ ਕਿ ਸਖ਼ਤ ਸ਼ਾਸਨ ਦਾ ਪਾਲਣ ਕਰਨਾ ਸਿਰਫ਼ ਕਮਜ਼ੋਰਾਂ ਨੂੰ ਪ੍ਰੇਸ਼ਾਨ ਕਰਦਾ ਹੈ। ਏਕਾਧਿਕਾਰ ਵਧ ਰਹੇ ਹਨ। ਵੱਡੇ ਕਾਰਪੋਰੇਟ ਬੈਂਕਾਂ ਨੂੰ ਲੁੱਟ ਰਹੇ ਹਨ।

ਅਸਲ ਤਬਦੀਲੀ ਆਮ ਆਦਮੀ ਦੀ ਜ਼ਿੰਦਗੀ ਨੂੰ ਅਸਾਨ ਬਣਾਉਣ ਨਾਲ ਆਉਂਦੀ ਹੈ। ਇਹ ਉਦੋਂ ਵਾਪਰੇਗਾ ਜਦੋਂ ਸਰਕਾਰ ਹਰ ਚੀਜ਼ ਵਿੱਚ ਦਖ਼ਲਅੰਦਾਜ਼ੀ ਕਰਨਾ ਬੰਦ ਕਰ ਦੇਵੇਗੀ। ਅਸੀਂ ਕਮਿਊਨਿਸਟ ਦੇਸ਼ ਨਹੀਂ ਹਾਂ। ਸਾਨੂੰ ਸਰਕਾਰ ਤੋਂ ਡਰਨ ਦੀ ਲੋੜ ਨਹੀਂ ਹੈ। ਖ਼ੁਦ ਮੋਦੀ ਨੇ ਲੋਕ ਰਾਜ ਲਿਆਉਣ ਦਾ ਵਾਅਦਾ ਕੀਤਾ ਸੀ। ਪਰ ਅੱਜ ਸਰਕਾਰ ਸਾਡੀ ਜ਼ਿੰਦਗੀ ਦੇ ਹਰ ਪਹਿਲੂ ਵਿਚ ਦਖ਼ਲਅੰਦਾਜ਼ੀ ਕਰ ਰਹੀ ਹੈ।

ਅਸੀਂ ਇਸ ਵੇਲੇ ਬੁਰੀ ਸਥਿਤੀ ਵਿਚ ਹਾਂ। ਮਹਾਂਮਾਰੀ ਅਤੇ ਆਰਥਿਕ ਸਥਿਤੀ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ। ਮੋਦੀ ਲਈ ਇਹ ਦਰਸਾਉਣ ਲਈ ਚੰਗਾ ਸਮਾਂ ਹੈ ਕਿ ਉਹ ਦਿਖਾਉਣ, ਉਨਾਂ ਕੋਲ ਦੋਵਾਂ ਨੂੰ ਨਿਪੁੰਨਤਾ ਨਾਲ ਸੰਭਾਲ ਸਕਦੇ ਹਨ। ਕਿਸੇ ਦੇਸ਼ ਵਾਸੀ ਦੀ ਇਹ ਜ਼ਰੂਰਤ ਨਹੀਂ ਕਿ ਦੇਸ਼ ਵਿਚ ਨਵਾਂ ਸੰਸਦ ਭਵਨ ਬਣੇ ਤੇ ਬੁਲੇਟ ਟ੍ਰੇਨ ਚਲੇ। ਦੇਸ਼ ਵਾਸੀਆਂ ਨੂੰ ਇਸ ਵੇਲੇ ਨੌਕਰੀ, ਰੁਜ਼ਗਾਰ ਅਤੇ ਕਰੋਨਾ ਤੋਂ ਮੁਕਤੀ ਲਈ ਇੱਕ ਟੀਕੇ ਦੀ ਲੋੜ ਹੈ ਤਾਂ ਜੋ ਆਮ ਦੇਸ਼ ਵਾਸੀ ਜ਼ਿੰਦਗੀ ਵਿਚ ਵਾਪਸੀ ਕਰ ਸਕੇ।

# ਟਰੰਪ ਦੇ ਰੌਲ਼ੇ-ਰੱਪੇ ਦਾ ਅਮਰੀਕੀ ਸਿਆਸਤ ਉੱਪਰ ਪ੍ਰਭਾਵ ਨਹੀਂ ਪਵੇਗਾ

## ਬਾਈਡਨ ਦੇ ਰਾਸ਼ਟਰਪਤੀ ਬਣਨ ਕਾਰਨ ਭਾਰਤ ਤੇ ਏਸ਼ੀਆ ਨਾਲ ਨਿੱਘੇ ਸਬੰਧ ਬਣਨ ਦੀ ਸੰਭਾਵਨਾ

## ਬਾਈਡਨ ਖਾੜੀ ਯੁੱਧ ਦੇ ਖ਼ਿਲਾ਼ਫ, ਈਰਾਨ ਬਾਰੇ ਦਾ ਨਜ਼ਰੀਆ ਹੋ ਸਕਦਾ ਏ ਨਰਮ

**- ਸ਼ਾਹਿਦ ਏ ਚੌਧਰੀ**

ਬਾਈਡਨ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਚੁਣ ਲਏ ਗਏ। ਉਹ ਅਮਰੀਕੀ ਰਾਸ਼ਟਰਪਤੀ ਦੇ ਚੋਣ ਇਤਿਹਾਸ ਵਿਚ ਸਭ ਤੋਂ ਵਧੇਰੇ ਵੋਟਾਂ ਪ੍ਰਾਪਤ ਕਰਨ ਵਾਲੇ ਰਾਸ਼ਟਰਪਤੀ ਬਣ ਗਏ ਹਨ। ਉਨਾਂ ਨੇ ਪਾਪੂਲਰ ਅਤੇ ਇਲੈਕਟੋਰਲ, ਦੋਵਾਂ ਹੀ ਵੋਟਾਂ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਪਛਾੜ ਕੇ ਉਨਾਂ ਨੂੰ ਦੂਜੇ ਕਾਰਜਕਾਲ ਤੋਂ ਵਾਂਝਾ ਕਰ ਦਿੱਤਾ ਹੈ। ਹਾਲਾਂਕਿ ਟਰੰਪ ਨੇ ਇਨਾਂ ਸਤਰਾਂ ਦੇ ਲਿਖੇ ਜਾਣ ਤੱਕ ਅਜੇ ਤੱਕ ਹਾਰ ਸਵੀਕਾਰ ਨਹੀਂ ਕੀਤੀ ਪਰ ਅਮਰੀਕਾ ਜਿਸ ਤਰਾਂ ਜਸ਼ਨ ਦੇ ਮਾਹੌਲ ਵਿਚ ਹੈ, ਲਗਦਾ ਨਹੀਂ ਕਿ ਟਰੰਪ ਦੇ ਰੌਲੇ-ਰੱਪੇ ਦਾ ਕੋਈ ਅਸਰ ਪਵੇਗਾ।

ਬਿਨਾਂ ਕਿਸੇ ਆਧਾਰ ਅਤੇ ਸਬੂਤ ਦੇ ਚੋਣਾਂ ਵਿਚ ਧਾਂਦਲੀ ਦਾ ਲਗਾਤਾਰ ਦਾਅਵਾ ਕਰਦਿਆਂ ਟਰੰਪ ਨੇ ਬਾਈਡਨ ’ਤੇ ‘ਕਾਹਲੀ ਵਿਚ ਗ਼ਲਤ ਢੰਗ ਨਾਲ ਜੇਤੂ ਬਣਨ’ ਦਾ ਦੋਸ਼ ਲਗਾਉਂਦਿਆਂ ਕਿਹਾ ਹੈ ਕਿ ‘ਅਜੇ ਚੋਣਾਂ ਸੰਪੂਰਨ ਨਹੀਂ ਹੋਈਆਂ।’ ਸੰਭਵ ਹੈ ਕਿ ਉਹ ਚੋਣਾਂ ਵਿਚ ਬੇਨਿਯਮੀਆਂ ਹੋਣ ਦੀ ਦਲੀਲ ਦਿੰਦਿਆਂ ਵਾਈਟ ਹਾਊਸ ਵਿਚ ਬਣੇ ਰਹਿਣ ਲਈ ਅਦਾਲਤ ਦਾ ਸਹਾਰਾ ਵੀ ਲੈਣਗੇ, ਜਿਸ ਲਈ ਉਹ ਆਪਣੇ ਸਮਰਥਕਾਂ ਤੋਂ 60 ਮਿਲੀਅਨ ਡਾਲਰ ਇਕੱਠੇ ਕਰ ਰਹੇ ਹਨ। ਪਰ ਸੰਭਾਵਨਾ ਇਹੀ ਹੈ ਕਿ 20 ਜਨਵਰੀ, 2021 ਨੂੰ ਜੋ ਬਾਈਡਨ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਬਣ ਜਾਣਗੇ। ਨਾਲ ਹੀ ਭਾਰਤੀ ਮੂਲ ਦੀ ਮਾਂ ਅਤੇ ਜਮੈਕਨ ਮੂਲ ਦੇ ਬਾਪ ਦੀ ਬੇਟੀ ਕਮਲਾ ਹੈਰਿਸ ਉਪ ਰਾਸ਼ਟਰਪਤੀ ਬਣੇਗੀ।

ਭਾਰਤ ਵਿਚ ਕਮਲਾ ਹੈਰਿਸ ਦੇ ਤਾਮਿਲਨਾਡੂ ਵਿਚਲੇ ਜੱਦੀ ਪਿੰਡ ਵਿਚ ਉਸ ਦੀ ਜਿੱਤ ਲਈ ਪੂਜਾ ਕੀਤੀ ਗਈ। ਅਮਰੀਕਾ ਦੇ ਇਤਿਹਾਸ ਵਿਚ ਇਹ ਮਹੱਤਵਪੂਰਨ ਅਹੁਦਾ ਸੰਭਾਲਣ ਵਾਲੀ ਕਮਲਾ ਹੈਰਿਸ ਪਹਿਲੀ ਔਰਤ ਹੈ, ਉਹ ਵੀ ਪਹਿਲੀ ਸਿਆਹਫਾਮ ਔਰਤ। ਇਸ ਵਿਚ ਕੋਈ ਦੋ ਰਾਇ ਨਹੀਂ ਹੈ ਕਿ ਇਸ ਵਾਰ ਅਮਰੀਕੀ ਚੋਣਾਂ ਵਿਚ ਭਾਰਤੀ ਮੂਲ ਦੇ ਵੋਟਰਾਂ ਦਾ ਪਹਿਲਾਂ ਨਾਲੋਂ ਕਿਤੇ ਵੱਧ ਮਹੱਤਵ ਸੀ। ਇਸੇ ਦੇ ਮੱਦੇਨਜ਼ਰ ਬਾਈਡਨ ਨੇ ਕਮਲਾ ਨੂੰ ਆਪਣੀ ਸਹਿਯੋਗੀ ਦੇ ਤੌਰ ’ਤੇ ਚੁਣਿਆ। ਇਸ ਮਹੱਤਵ ਨੂੰ ਟਰੰਪ ਵੀ ਸਮਝਦੇ ਸਨ, ਇਸ ਲਈ ਪਿਛਲੇ ਸਾਲ ਹਿਊਸਟਨ ਵਿਚ ਉਨਾਂ ਨੇ ‘ਹਾਊਡੀ ਮੋਦੀ’ ਰੈਲੀ ਵਿਚ ਹਜ਼ਾਰਾਂ ਭਾਰਤੀਆਂ ਦੇ ਸਾਹਮਣੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਮੰਚ ਸਾਂਝਾ ਕੀਤਾ ਅਤੇ ਫਿਰ ਇਸੇ ਸਾਲ ਫਰਵਰੀ ਵਿਚ ਕੋਵਿਡ ਮਹਾਂਮਾਰੀ ਦੀ ਪ੍ਰਵਾਹ ਕੀਤੇ ਬਿਨਾਂ ਭਾਰਤ ਆ ਕੇ ਉਨਾਂ ਨੇ ਅਹਿਮਦਾਬਾਦ ਵਿਚ ‘ਨਮਸਤੇ ਟਰੰਪ’ ਸਮਾਰੋਹ ਵਿਚ ਹਾਜ਼ਰੀ ਭਰੀ। ਮਾਹਿਰਾਂ ਨੇ ਦੋਵਾਂ ਸਮਾਰੋਹਾਂ ਦੀ ਵਿਆਖਿਆ ਇਹ ਕੀਤੀ ਸੀ ਕਿ ਮੋਦੀ ਦੂਜੇ ਦੇਸ਼ ਦੇ ਆਪਣੇ ਸਮਕਾਲੀ ਮੂਲਵਾਦੀ ਨੇਤਾ ਟਰੰਪ ਦੀ ਚੋਣ ਮੁਹਿੰਮ ਵਿਚ ਉਨਾਂ ਦੀ ਸਹਾਇਤਾ ਕਰ ਰਹੇ ਹਨ। ਇਸ ਦੇ ਬਾਵਜੂਦ ਅਮਰੀਕਾ ਵਿਚ ਵੋਟਿੰਗ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਜਿਨਾਂ ਰਾਜਾਂ ਵਿਚ ਟਰੰਪ ਨੂੰ ‘ਹਾਊਡੀ ਮੋਦੀ’ ਅਤੇ ‘ਨਮਸਤੇ ਟਰੰਪ’ ਤੋਂ ਚੜਤ ਦੀ ਉਮੀਦ ਸੀ, ਉਨਾਂ ਵਿਚ ਭਾਰਤੀ ਮੂਲ ਦੇ ਚਾਰ ਵਿਚੋਂ ਤਿੰਨ ਭਾਵ 75 ਫ਼ੀਸਦੀ ਵੋਟਰਾਂ ਨੇ ਬਾਈਡਨ ਦਾ ਸਮਰਥਨ ਕੀਤਾ। ਅਮਰੀਕਾ ਵਿਚ ਲਗਪਗ 2 ਕਰੋੜ ਭਾਰਤੀ ਮੂਲ ਦੇ ਵੋਟਰ ਹਨ, ਜਿਨਾਂ ਦਾ ਮਹੱਤਵ ਸਵਿੰਗ ਰਾਜਾਂ ਵਿਚ ਵੱਧ ਹੋ ਜਾਂਦਾ ਹੈ। ਇਸ ਦਾ ਭਾਵ ਇਹ ਹੈ ਕਿ ਬਾਈਡਨ ਅਤੇ ਕਮਲਾ ਦੀ ਜਿੱਤ ਵਿਚ ਭਾਰਤੀ ਮੂਲ ਦੇ ਵੋਟਰਾਂ ਦੀ ਅਹਿਮ ਭੂਮਿਕਾ ਰਹੀ। ਇਸ ਲਈ ਇਹ ਸਵਾਲ ਸੁਭਾਵਿਕ ਹੈ ਕਿ ਬਾਈਡਨ ਦੇ ਰਾਸ਼ਟਰਪਤੀ ਬਣਨ ’ਤੇ ਅਮਰੀਕਾ ਅਤੇ ਭਾਰਤ ਦੇ ਸਬੰਧਾਂ ’ਤੇ ਕੀ ਪ੍ਰਭਾਵ ਪੈ ਸਕਦਾ ਹੈ ? ਹਾਲਾਂਕਿ ਟਰੰਪ ਨੂੰ ਭਾਰਤ ਦੇ ਦੋਸਤ ਦੇ ਰੂਪ ਵਿਚ ਵੇਖਿਆ ਜਾਂਦਾ ਹੈ ਅਤੇ 2016 ਵਿਚ ਇਨਾਂ ਦੀ ਜਿੱਤ ਲਈ ਉਂਜ ਹੀ ਪਾਠ ਪੂਜਾ ਅਤੇ ਹਵਨ ਭਾਰਤ ਵਿਚ ਕੀਤੇ ਗਏ ਸਨ ਜਿਵੇਂ ਹੁਣ 2020 ਵਿਚ ਕਮਲਾ ਲਈ ਕੀਤੇ ਗਏ ਹਨ।

ਪਰ ਟਰੰਪ ਦੇ ਵਾਈਟ ਹਾਊਸ ਵਿਚ ਰਹਿੰਦੇ ਹੋਏ ਭਾਰਤ ਨੂੰ ਕੋਈ ਵਿਸ਼ੇਸ਼ ਲਾਭ ਨਹੀਂ ਮਿਲਿਆ। ਹਾਲਾਂਕਿ ਟਰੰਪ ਨੇ ਕਸ਼ਮੀਰ, ਪਾਕਿਸਤਾਨ ਅਤੇ ਚੀਨ ਦੇ ਸੰਦਰਭ ਵਿਚ ਭਾਰਤ ਦੇ ਪੱਖ ਵਿਚ ਬਿਆਨ ਜ਼ਰੂਰ ਦਿੱਤੇ। ਬਾਈਡਨ ਅਤੇ ਕਮਲਾ ਦੇ ਕਸ਼ਮੀਰ ‘ਤੇ ਟਰੰਪ ਨਾਲੋਂ ਵਿਚਾਰ ਵੱਖ ਜ਼ਰੂਰ ਹਨ ਪਰ ਅਨੁਮਾਨ ਇਹੀ ਹੈ ਕਿ ਉਹ ਆਪਣੀ ਵਿਦੇਸ਼ ਨੀਤੀ ਉਹੀ ਰੱਖਣਗੇ ਜੋ 2000 ਤੋਂ ਚੱਲੀ ਆ ਰਹੀ ਹੈ। ਜੇਕਰ ਬਾਈਡਨ ਆਪਣੀਆਂ ਘਰੇਲੂ ਚੁਨੌਤੀਆਂ ਨੂੰ ਸੰਭਾਲਣ ਵਿਚ ਕਾਮਯਾਬ ਹੋ ਗਏ ਤਾਂ ਇਨਾਂ ਸਬੰਧਾਂ ਵਿਚ ਸੁਧਾਰ ਆਵੇਗਾ। ਭਾਰਤ ਅਤੇ ਅਮਰੀਕਾ ਦੇ ਰੱਖਿਆ, ਰਣਨੀਤਕ ਅਤੇ ਸੁਰੱਖਿਆ ਸਬੰਧ 2000 ਤੋਂ ਲਗਭਗ ਇੱਕੋ ਜਿਹੇ ਹੀ ਰਹੇ ਹਨ, ਜਿਨਾਂ ਵਿਚ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਅਮਰੀਕਾ ਵਿਚ ਰਾਸ਼ਟਰਪਤੀ ਰਿਪਬਲਿਕਨ ਪਾਰਟੀ ਦਾ ਹੈ ਜਾਂ ਡੈਮੋਕ੍ਰੈਟਿਕ ਪਾਰਟੀ ਦਾ, ਅੱਗੇ ਵੀ ਇਨਾਂ ਵਿਚ ਬਦਲਾਅ ਦੀ ਸੰਭਾਵਨਾ ਨਹੀਂ ਹੈ। ਪਰ ਚੀਨ ਦੇ ਮਾਮਲੇ ਵਿਚ ਬਾਈਡਨ ਦੇ ਖ਼ੇਮੇ ਵਿਚ ਵੱਖ-ਵੱਖ ਰਾਏ ਜ਼ਰੂਰ ਹੈ। ਕਿਹੜੀ ਰਾਏ ਅਪਣਾਈ ਜਾਵੇਗੀ, ਉਸ ਨਾਲ ਹੀ ਤੈਅ ਹੋਵੇਗਾ ਕਿ ਚੀਨ ਨੂੰ ਲੈ ਕੇ ਭਾਰਤ ਅਤੇ ਅਮਰੀਕਾ ਦੇ ਰਿਸ਼ਤੇ ਕਿਵੇਂ ਰਹਿੰਦੇ ਹਨ।

ਜਿੱਥੋਂ ਤੱਕ ਵਪਾਰ ਸਮੱਸਿਆਵਾਂ ਦੀ ਗੱਲ ਹੈ ਤਾਂ ਬਾਈਡਨ ਦੇ ਵਾਈਟ ਹਾਊਸ ਵਿਚ ਪਹੁੰਚਣ ’ਤੇ ਵੀ ਇਨਾਂ ਦੇ ਹੱਲ ਹੀ ਸੰਭਾਵਨਾ ਘੱਟ ਹੀ ਹੈ। ਈਰਾਨ ’ਤੇ ਬਾਈਡਨ ਦਾ ਨਜ਼ਰੀਆ ਨਰਮ ਹੋ ਸਕਦਾ ਹੈ ਕਿਉਂਕਿ ਉਹ ਖਾੜੀ ਯੁੱਧ ਦੇ ਖ਼ਿਲਾ਼ਫ ਸਨ। ਇਸ ਦਾ ਫ਼ਾਇਦਾ ਭਾਰਤ ਨੂੰ ਮਿਲ ਸਕਦਾ ਹੈ ਕਿ ਉਹ ਈਰਾਨ ਤੋਂ ਸਸਤਾ ਤੇਲ ਲੈ ਸਕੇਗਾ, ਜਿਸ ’ਤੇ ਟਰੰਪ ਨੇ ਰੋਕ ਲਗਾ ਦਿੱਤੀ ਸੀ। ਐਚ-1 ਬੀ ਵੀਜ਼ਾ ਸ਼ਾਇਦ ਉਸ ਰੂਪ ਵਿਚ ਨਾ ਪਰਤ ਸਕੇ, ਜਿਵੇਂ ਟਰੰਪ ਤੋਂ ਪਹਿਲਾਂ ਹੁੰਦਾ ਸੀ। ਜ਼ਿਕਰਯੋਗ ਹੈ ਕਿ ਅਮਰੀਕਾ ਦੇ ਡਿਸਟ੍ਰਿਕਟ ਕੋਰਟ ਨੇ ਆਦੇਸ਼ ਦਿੱਤਾ ਹੈ ਕਿ ਐਚ-4 ਵੀਜ਼ਾ ਧਾਰਕ ਆਪਣੇ ਐਂਪਲਾਇਮੈਂਟ ਆਥਰਾਈਜੇਸ਼ਨ ਡਾਕੂਮੈਂਟ ਨੂੰ ਆਪਣੇ ਆਪ ਨਵਿਆਂ ਨਹੀਂ ਸਕਦੇ। ਬਰਾਕ ਓਬਾਮਾ ਪ੍ਰਸ਼ਾਸਨ ਨੇ 2015 ਵਿਚ ਈ.ਏ.ਡੀ. ਪ੍ਰੋਗਰਾਮ ਸ਼ੁਰੂ ਕੀਤਾ ਸੀ, ਜਿਸ ਦੇ ਤਹਿਤ ਐਚ-1 ਬੀ. ਵੀਜ਼ਾਧਾਰਕਾਂ ਦੀਆਂ ਕੁਝ ਸ਼੍ਰੇਣੀਆਂ (ਜਿਵੇਂ ਜੋ ਗ੍ਰੀਨ ਕਾਰਡ ਹਾਸਲ ਕਰਨ ਦੇ ਕੰਢੇ ’ਤੇ ਹੋਣ) ਦੇ ਜੀਵਨ ਸਾਥੀ ਈ.ਏ.ਡੀ. ਲਈ ਅਰਜ਼ੀ ਦੇ ਸਕਦੇ ਸਨ, ਜਿਸ ਨਾਲ ਉਨਾਂ ਨੂੰ ਕੰਮ ਕਰਨ ਦੀ ਇਜਾਜ਼ਤ ਮਿਲ ਜਾਂਦੀ ਹੈ। ਅਮਰੀਕਾ ਵਿਚ ਜਿਨਾਂ ਦੇ ਕੋਲ ਈ.ਏ.ਡੀ. ਹਨ, ਉਨਾਂ ਵਿਚੋਂ ਲਗਭਗ 93 ਫ਼ੀਸਦੀ ਭਾਰਤੀ ਹਨ, ਹੁਣ ਉਨਾਂ ਨੂੰ ਆਪਣਾ ਵਰਕ ਪਰਮਿਟ ਨਵਿਆਉਣਾ ਸੌਖਾ ਨਹੀਂ ਹੋਵੇਗਾ।

ਭਾਰਤ ਲਈ ਚੰਗੀ ਖ਼ਬਰ ਇਹ ਹੈ ਕਿ ਬਾਈਡਨ ਅਮਰੀਕਾ ਨੂੰ ਵਾਪਸ ਪੈਰਿਸ ਜਲਵਾਯੂ ਸਮਝੌਤੇ ਵਿਚ ਸ਼ਾਮਿਲ ਕਰਵਾ ਦੇਣਗੇ। ਕਿਉਂਕਿ ਬਾਈਡਨ ਨੂੰ ਜ਼ਬਰਦਸਤ ਘਰੇਲੂ ਚੁਨੌਤੀਆਂ ਮਿਲਣਗੀਆਂ। ਇਸ ਲਈ ਵਿਦੇਸ਼ੀ ਮਾਮਲਿਆਂ ਵਿਚ ਮਾਹਿਰ ਹੋਣ ਦੇ ਬਾਵਜੂਦ ਉਹ ਇਸ ਦਿਸ਼ਾ ਵਿਚ ਬਾਅਦ ਵਿਚ ਕੋਈ ਬਦਲਾਅ ਲਿਆਉਣਗੇ, ਪਹਿਲਾਂ ਅਮਰੀਕਾ ਨੂੰ ਕੋਵਿਡ ਤੋਂ ਰਾਹਤ ਦੇਣ, ਵਧਦੀ ਬੇਰੁਜ਼ਗਾਰੀ ਅਤੇ ਵਿਗੜਦੇ ਅਰਥਚਾਰੇ ਵਿਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰਨਗੇ, ਅਮਰੀਕਾ ਵਿਚ ਟਰੰਪ ਦੇ ਕਾਰਨ ਜੋ ਜ਼ਬਰਦਸਤ ਰਾਜਸੀ ਅਤੇ ਸਮਾਜਿਕ ਵੰਡੀਆਂ ਪਈਆਂ ਹਨ, ਉਨਾਂ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰਨਗੇ। ਜ਼ਿਕਰਯੋਗ ਹੈ ਕਿ ਟਰੰਪ ਦੀ ਲਾਪ੍ਰਵਾਹੀ ਦੇ ਕਾਰਨ ਅਮਰੀਕਾ ਵਿਚ ਕੋਵਿਡ ਦੀ ਸਥਿਤੀ ਲਗਾਤਾਰ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। 7 ਨਵੰਬਰ, 2020 ਨੂੰ ਅਮਰੀਕਾ ਵਿਚ ਕੋਵਿਡ ਦੇ 1,32,700 ਨਵੇਂ ਮਾਮਲੇ ਸਾਹਮਣੇ ਆਏ, ਜਿਨਾਂ ਵਿਚ ਟਰੰਪ ਦੇ ਚੀ਼ਫ ਆਫ ਸਟਾ਼ਫ ਵੀ ਸ਼ਾਮਿਲ ਹਨ।

ਬਾਈਡਨ ਦੀ ਵਜ਼ਾਰਤ ਅਮਰੀਕੀ ਇਤਿਹਾਸ ਵਿਚ ਸਭ ਤੋਂ ਵੱਡੀ ਹੋਵੇਗੀ। ਸ਼ਾਇਦ ਅਮਰੀਕਾ ਵਿਚ ‘ਏਕਤਾ’ ਲਿਆਉਣ ਲਈ ਇਹ ਜ਼ਰੂਰੀ ਵੀ ਹੈ ਅਤੇ ਇਸੇ ਦੇ ਦਮ ‘ਤੇ ਟਰੰਪਵਾਦ ਨੂੰ ਹਰਾਇਆ ਜਾ ਸਕਦਾ ਹੈ, ਜੋ ਕਿ ਟਰੰਪ ਨੂੰ ਹਰਾਉਣ ਤੋਂ ਵੀ ਔਖਾ ਕੰਮ ਹੈ। ਗੋਰਿਆਂ ਦੀ ਅਖੌਤੀ ਸਰਬਉੱਚਤਾ ਅਤੇ ਅਮੀਰਾਂ ਨੂੰ ਹੋਰ ਅਮੀਰ ਬਣਾਉਣ ਦੀ ਵਿਚਾਰਧਾਰਾ ’ਤੇ ਆਧਾਰਿਤ ਟਰੰਪਵਾਦ ਕਾਰਨ ਹੀ ਟਰੰਪ ਹਰ ਮੋਰਚੇ ’ਤੇ ਅਸਫਲ ਹੋਣ ਦੇ ਬਾਵਜੂਦ ਚੋਣਾਂ ਵਿਚ ਆਖ਼ਰੀ ਸਾਹ ਤੱਕ ਕਾਇਮ ਰਹੇ। ਟਰੰਪਵਾਦ ਦੇ ਕਾਰਨ ਹੀ 2019 ਵਿਚ ਟਰੰਪ ਨੇ ਕਾਂਗਰਸ ਦੀਆਂ ਚਾਰ ਘੱਟ ਗਿਣਤੀ ਔਰਤ ਮੈਂਬਰਾਂ ਨੂੰ ‘ਆਪਣੇ ਦੇਸ਼’ ਪਰਤਣ ਲਈ ਕਿਹਾ ਸੀ। ‘ਦ ਸਕਾਡ’ ਦੇ ਨਾਂਅ ਨਾਲ ਜਾਣੀਆਂ ਜਾਂਦੀਆਂ ਇਹ ਔਰਤਾਂ ਫਿਰ ਜਿੱਤ ਗਈਆਂ ਹਨ, ਜਿਸ ਤੋਂ ਪਤਾ ਲਗਦਾ ਹੈ ਕਿ ਇਹ ਚੋਣ ‘ਪ੍ਰਵਾਸੀਆਂ ਦੇ ਦੇਸ਼ ਅਮਰੀਕਾ’ ਨੂੰ ‘ਗੋਰਿਆਂ ਦਾ ਅਮਰੀਕਾ’ ਬਣਾਉਣ ਦੀ ਜੋ ਕੋਸ਼ਿਸ਼ ਟਰੰਪ ਦੀ ਸੀ, ਉਸ ਨੂੰ ਹਰਾਉਣ ਦੀ ਲੋਕਤੰਤਰੀ ਕੋਸ਼ਿਸ਼ ਸਫਲ ਰਹੀ।

---

# ਜੰਮੂ ਕਸ਼ਮੀਰ ਦੀ ਸਿਆਸਤ: ਕਸ਼ਮੀਰੀ ਇੱਕਜੁੱਟ, ਭਾਜਪਾ ਹਮਲਾਵਰ, ਕਾਂਗਰਸ ਬੌਂਦਲੀ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਜੰਮੂ ਕਸ਼ਮੀਰ ਦੀਆਂ ਖੇਤਰੀ ਪਾਰਟੀਆਂ ਵੱਲੋਂ ਸੂਬੇ ਦੇ ਖ਼ਾਸ ਹੱਕਾਂ ਨੂੰ ਮੁੜ ਬਹਾਲ ਕਰਾਉਣ ਲਈ ਬਣਾਏ ਗਏ ਸਿਆਸੀ ਗੱਠਜੋੜ ‘ਗੁਪਕਾਰ’ ਨੂੰ ਭਾਰਤ ਦੀ ਕੇਂਦਰੀ ਸਿਆਸਤ ਨੇ ਦੇਸ਼ ਧ੍ਰੋਹੀ ਐਲਾਨਣਾ ਸ਼ੁਰੂ ਕਰ ਦਿੱਤਾ ਹੈ। ਦੱਸ ਦਈਏ ਕਿ ਗੁਪਕਾਰ ਗੱਠਜੋੜ ਦੀਆਂ ਮੁੱਖ ਧਿਰਾਂ ਨੈਸ਼ਨਲ ਕਾਨਫ਼ਰੰਸ ਅਤੇ ਪੀਡੀਪੀ ਉਹ ਪਾਰਟੀਆਂ ਹਨ ਜਿਨਾਂ ਨੂੰ ਕਸ਼ਮੀਰ ਵਿਚ ‘ਹਿੰਦ ਨਵਾਜ਼’ ਪਾਰਟੀਆਂ ਵਜੋਂ ਜਾਣਿਆ ਜਾਂਦਾ ਹੈ ਅਤੇ ਇਹ ਪਾਰਟੀਆਂ ਪਿਛਲੇ ਕਈ ਦਹਾਕਿਆਂ ਤੋਂ ਕਸ਼ਮੀਰ ਵਿਚ ਭਾਰਤੀ ਸਿਆਸਤ ਨੂੰ ਪੱਕੇ ਪੈਰੀਂ ਕਰਨ ਦਾ ਕੰਮ ਕਰਦੀਆਂ ਰਹੀਆਂ।

ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਗੁਪਕਾਰ ਐਲਾਨਨਾਮੇ ਬਾਰੇ ਲੋਕਾਂ ਦੇ ਗੱਠਜੋੜ (ਪੀਏਜੀਡੀ) ਨੂੰ ‘ਨਾਪਾਕ ਆਲਮੀ ਗੱਠਜੋੜ’ ਕਰਾਰ ਦਿੰਦਿਆਂ ਕਿਹਾ ਕਿ ਕਾਂਗਰਸ ਦੀ ਸ਼ਮੂਲੀਅਤ ਵਾਲਾ ਇਹ ਗੱਠਜੋੜ ਜੰਮੂ ਤੇ ਕਸ਼ਮੀਰ ਨੂੰ ਕਥਿਤ ਮੁੜ ‘ਖ਼ੌਫ਼ ਤੇ ਅਸ਼ਾਂਤੀ’ ਦੇ ਯੁੱਗ ਵਿੱਚ ਲਿਜਾਣਾ ਚਾਹੁੰਦਾ ਹੈ। ਸ਼ਾਹ ਨੇ ਲੜੀਵਾਰ ਟਵੀਟ ਕਰਦਿਆਂ ਕਿਹਾ ‘ਗੁਪਕਾਰ ਗੈਂਗ ਆਲਮੀ ਪੱਧਰ ‘ਤੇ ਪੈਰ ਪਸਾਰ ਰਿਹੈ’ ‘ਤੇ ਚਾਹੁੰਦਾ ਹੈ ਕਿ ਵਿਦੇਸ਼ੀ ਤਾਕਤਾਂ ਜੰਮੂ ਤੇ ਕਸ਼ਮੀਰ ਵਿੱਚ ਦਖ਼ਲ ਦੇਣ। ਖੇਤਰੀ ਤੇ ਕੌਮੀ ਸਿਆਸੀ ਪਾਰਟੀਆਂ ਦੀ ਸ਼ਮੂਲੀਅਤ ਵਾਲਾ ਇਹ ਗੱਠਜੋੜ (ਪੀਏਜੀਡੀ) ਜੰਮੂ ‘ਤੇ ਕਸ਼ਮੀਰ ਵਿੱਚ ਧਾਰਾ ੩੭੦, ਜਿਸ ਨੂੰ ਪਿਛਲੇ ਸਾਲ ਮਨਸੂਖ਼ ਕਰ ਦਿੱਤਾ ਗਿਆ ਸੀ, ਦੀ ਬਹਾਲੀ ਲਈ ਹੋਂਦ ਵਿੱਚ ਆਇਆ ਸੀ।

ਜ਼ਿਕਰਯੋਗ ਹੈ ਕਿ ਅਮਿਤ ਸ਼ਾਹ ਦੀ ਪਾਰਟੀ ਭਾਜਪਾ ਨੇ ਪੀਡੀਪੀ ਨਾਲ ਕੁੱਝ ਸਮਾਂ ਪਹਿਲਾਂ ਹੀ ਜੰਮੂ ਕਸ਼ਮੀਰ ਵਿਚ ਇਕੱਠਿਆਂ ਮਿਲ ਕੇ ਸਰਕਾਰ ਬਣਾਈ ਸੀ। ਪਰ ੨੦੧੯ ਵਿਚ ਜੰਮੂ ਕਸ਼ਮੀਰ ਨੂੰ ਸਥਾਨਕ ਖ਼ੁਦਮੁਖ਼ਤਿਆਰੀ ਦਿੰਦੀ ਧਾਰਾ ੩੭੦ ਖ਼ਤਮ ਕਰਨ ਤੋਂ ਬਾਅਦ ਭਾਰਤ ਦੀ ਸਿਆਸਤ ਲਈ ਹੁਣ ਕਸ਼ਮੀਰ ਦੀਆਂ ਹਿੰਦ ਨਵਾਜ਼ ਪਾਰਟੀਆਂ ਵੀ ਦੇਸ਼ ਧ੍ਰੋਹੀ ਹੋ ਗਈਆਂ ਹਨ।

ਜੇ ਕਾਂਗਰਸ ਦੀ ਗੱਲ ਕਰੀਏ ਤਾਂ ਇਸ ਮਾਮਲੇ ਵਿਚ ਵੀ ਕਾਂਗਰਸ ਦੀ ਨੀਤੀ ਸਪਸ਼ਟ ਨਹੀਂ ਹੈ। ਜਿੱਥੇ ਪਹਿਲਾਂ ਕਾਂਗਰਸ ਨੇ ਅਗਸਤ ਮਹੀਨੇ ਵਿਚ ਗੁਪਕਾਰ ਗੱਠਜੋੜ ਵਿਚ ਸ਼ਾਮਲ ਪਾਰਟੀਆਂ ਨਾਲ ਮਿਲ ਕੇ ਬਿਆਨ ਜਾਰੀ ਕੀਤਾ ਸੀ ਕਿ ਧਾਰਾ ੩੭੦ ਮੁੜ ਬਹਾਲ ਹੋਣੀ ਚਾਹੀਦੀ ਹੈ ਉੱਥੇ ਹੁਣ ਕਾਂਗਰਸ ਭਾਜਪਾ ਦੇ ਥੋੜੇ ਜਿਹੇ ਹਮਲੇ ਦੀ ਝੇਪ ਮੰਨਦਿਆਂ ਖ਼ੁਦ ਨੂੰ ਗੁਪਕਾਰ ਗੱਠਜੋੜ ਨਾਲੋਂ ਅਲਹਿਦਾ ਸਾਬਤ ਕਰਨ ਵਿਚ ਲੱਗੀ ਹੋਈ ਹੈ।

ਅਮਿਤ ਸ਼ਾਹ ਨੇ ਕਾਂਗਰਸ ‘ਤੇ ਦੋਸ਼ ਲਾਉਂਦਿਆਂ ਕਿਹਾ, “ਕਾਂਗਰਸ ਤੇ ਗੁਪਕਾਰ ਗੈਂਗ ਜੰਮੂ ‘ਤੇ ਕਸ਼ਮੀਰ ਨੂੰ ਮੁੜ ਖ਼ੌਫ਼ ਤੇ ਅਸ਼ਾਂਤੀ ਦੇ ਯੁੱਗ ਵਿੱਚ ਲਿਜਾਣਾ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਦਲਿਤਾਂ, ਔਰਤਾਂ ਤੇ ਕਬਾਇਲੀ ਲੋਕਾਂ ਨੂੰ ਦਿੱਤੇ ਹੱਕਾਂ, ਜੋ ਅਸੀਂ ਧਾਰਾ ੩੭੦ ਨੂੰ ਮਨਸੂਖ਼ ਕਰਕੇ ਯਕੀਨੀ ਬਣਾਏ ਸੀ, ਨੂੰ ਖੋਹ ਲਿਆ ਜਾਵੇ। ਇਹੀ ਵਜਾ ਹੈ ਕਿ ਲੋਕ ਹਰ ਥਾਂ ‘ਤੇ ਉਨਾਂ ਨੂੰ ਨਕਾਰ ਕਰ ਰਹੇ ਹਨ।“

ਅਮਿਤ ਸ਼ਾਹ ਨੇ ਕਿਹਾ ਕਿ ਜੰਮੂ ਤੇ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਸੀ ਤੇ ਰਹੇਗਾ ਅਤੇ ਦੇਸ਼ ਦੇ ਲੋਕ ਭਾਰਤ ਦੇ ਕੌਮੀ ਹਿਤ ਖ਼ਿਲਾਫ਼ ਬਣਾਏ ਇਸ ਨਾਪਾਕ ‘ਆਲਮੀ ਗੱਠਜੋੜ’ ਨੂੰ ਹੋਰ ਬਰਦਾਸ਼ਤ ਨਹੀਂ ਕਰਨਗੇ।

ਸ਼ਾਹ ਨੇ ਕਿਹਾ, “ਗੁਪਕਾਰ ਗੈਂਗ ਦੇਸ਼ ਦੇ ਮਿਜ਼ਾਜ ਮੁਤਾਬਕ ਤਰੇ ਜਾਂ ਫਿਰ ਲੋਕ ਇਸ ਨੂੰ ਡੋਬ ਦੇਣਗੇ।“ ਗ੍ਰਹਿ ਮੰਤਰੀ ਨੇ ਕਾਂਗਰਸ ਆਗੂਆਂ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨੂੰ ਪੀਏਜੀਡੀ ਦੀ ਹਮਾਇਤ ਬਾਰੇ ਵੀ ਸਵਾਲ ਕੀਤੇ। ਉਨਾਂ ਕਿਹਾ, “ਗੁਪਕਾਰ ਗੈਂਗ ਨੇ ਭਾਰਤ ਦੇ ਤਿਰੰਗੇ ਦਾ ਵੀ ਨਿਰਾਦਰ ਕੀਤਾ ਹੈ। ਕੀ ਸੋਨੀਆ ਜੀ ਤੇ ਰਾਹੁਲ ਜੀ ਗੁਪਕਾਰ ਗੈਂਗ ਦੀ ਅਜਿਹੀ ਪੇਸ਼ਕਦਮੀ ਦੀ ਹਮਾਇਤ ਕਰਦੇ ਹਨ ? ਉਨਾਂ ਨੂੰ ਭਾਰਤ ਦੇ ਲੋਕਾਂ ਮੂਹਰੇ ਆਪਣਾ ਪੱਖ ਸਪਸ਼ਟ ਕਰਨਾ ਚਾਹੀਦਾ ਹੈ।“

ਕਾਂਗਰਸ ਨੇ ਅਮਿਤ ਸ਼ਾਹ ਦੇ ਦਾਅਵਿਆਂ ਨੂੰ ‘ਮਨਘੜਤ ਤੇ ਬੇਬੁਨਿਆਦ’ ਕਰਾਰ ਦਿੱਤਾ ਹੈ। ਪਾਰਟੀ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਟਵਿੱਟਰ ‘ਤੇ ਦੋ ਸਫ਼ਿਆਂ ਦਾ ਇਕ ਬਿਆਨ ਪੋਸਟ ਕਰਦਿਆਂ ਸ਼ਾਹ ‘ਤੇ ਜੰਮੂ ਤੇ ਕਸ਼ਮੀਰ ਬਾਰੇ ਸ਼ਰਾਰਤੀ ਬਿਆਨ ਦੇਣ ਦਾ ਦੋਸ਼ ਲਾਇਆ ਹੈ। ਸੁਰਜੇਵਾਲਾ ਨੇ ਕਿਹਾ ਕਿ ਕਾਂਗਰਸ ਕਸ਼ਮੀਰ ਮੁੱਦੇ ‘ਤੇ ਵਿਦੇਸ਼ੀ ਦਖ਼ਲ ਦੀ ਕਦੇ ਵੀ ਹਾਮੀ ਨਹੀਂ ਰਹੀ ਤੇ ਪਾਰਟੀ ਦੇਸ਼ ਦੀ ਪ੍ਰਭੂਸੱਤਾ, ਅਖੰਡਤਾ ਤੇ ਤਿਰੰਗੇ ਪ੍ਰਤੀ ਵਚਨਬੱਧ ਹੈ। ਉਨਾਂ ਕਿਹਾ, ‘ਸ਼ਾਇਦ ਅਮਿਤ ਸ਼ਾਹ ਤੇ ਮੋਦੀ ਸਰਕਾਰ ਨੂੰ ਰਾਸ਼ਟਰਵਾਦ ‘ਤੇ ਨਵੇਂ ਸਬਕ ਦੀ ਲੋੜ ਹੈ ਕਿਉਂਕਿ ਉਨਾਂ ਦੀ ਪਿੱਤਰੀ ਸੰਸਥਾ ਆਰਐੱਸਐੱਸ ਨੇ ਆਜ਼ਾਦੀ ਤੋਂ ੫੨ ਸਾਲਾਂ ਮਗਰੋਂ ਵੀ ਆਪਣੇ ਹੈੱਡਕੁਆਰਟਰ ‘ਤੇ ਤਿਰੰਗਾ ਨਹੀਂ ਫਹਿਰਾਇਆ।‘ ਉੱਧਰ ਸ੍ਰੀਨਗਰ ਵਿੱਚ ਜੰਮੂ ਤੇ ਕਸ਼ਮੀਰ ਪ੍ਰਦੇਸ਼ ਕਾਂਗਰਸ ਕਮੇਟੀ ਨੇ ਕਿਹਾ ਕਿ ਪਾਰਟੀ ਨਾ ਤਾਂ ‘ਪੀਏਜੀਡੀ’ ਦਾ ਹਿੱਸਾ ਹੈ ਤੇ ਨਾ ਹੀ ਉਸ ਨੇ ਗੱਠਜੋੜ ਦੀ ਕਿਸੇ ਮੀਟਿੰਗ ‘ਚ ਸ਼ਮੂਲੀਅਤ ਕੀਤੀ ਹੈ।

ਜੰਮੂ ਤੇ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸ਼ਾਹ ਵੱਲੋਂ ਕੀਤੀਆਂ ਟਿੱਪਣੀਆਂ ਦੇ ਪ੍ਰਤੀਕ੍ਰਮ ਵਿੱਚ ਕਿਹਾ ਕਿ ਉਹ ਕੇਂਦਰੀ ਗ੍ਰਹਿ ਮੰਤਰੀ ਦੀ ਨਿਰਾਸ਼ਾ ਨੂੰ ਸਮਝ ਸਕਦੇ ਹਨ। ਉਮਰ ਨੇ ਕਿਹਾ, ‘ਅਮਿਤ ਸ਼ਾਹ ਜੀ ਅਸੀਂ ਗੈਂਗ ਨਹੀਂ ਹਾਂ। ਅਸੀਂ ਕਾਨੂੰਨੀ ਤੌਰ ‘ਤੇ ਜਾਇਜ਼ ਸਿਆਸੀ ਗੱਠਜੋੜ ਹਾਂ, ਜੋ ਪਹਿਲਾਂ ਵੀ ਚੋਣਾਂ ਲੜਦਾ ਰਿਹਾ ਹੈ ਤੇ ਅੱਗੋਂ ਵੀ ਜਾਰੀ ਰੱਖੇਗਾ।‘ ਉਮਰ ਨੇ ਕਿਹਾ, ‘ਮੈਂ ਸਤਿਕਾਰਯੋਗ ਗ੍ਰਹਿ ਮੰਤਰੀ ਦੇ ਇਸ ਹਮਲੇ ਪਿਛਲੀ ਨਿਰਾਸ਼ਾ ਨੂੰ ਸਮਝ ਸਕਦਾ ਹਾਂ। ਨਿਰਾਸ਼ਾ ਦੀ ਅਸਲ ਵਜਾ ਸਿਆਸੀ ਗੱਠਜੋੜ (ਪੀਏਜੀਡੀ) ਵੱਲੋਂ ਅਗਾਮੀ ਸਥਾਨਕ ਚੋਣਾਂ ਲੜਨ ਲਈ ਕੀਤਾ ਗਿਆ ਫ਼ੈਸਲਾ ਹੈ ਕਿਉਂਕਿ ਇਸ ਨਾਲ ਭਾਜਪਾ ਤੇ ਉਹਦੇ ਭਾਈਵਾਲਾਂ ਨੂੰ ਖੁੱਲੀ ਖੇਡ ਦਾ ਮੌਕਾ ਨਹੀਂ ਮਿਲੇਗਾ।‘

ਪੀਡੀਪੀ ਮੁਖੀ ਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ‘ਤੇ ਮੋੜਵਾਂ ਵਾਰ ਕਰਦਿਆਂ ਕਿਹਾ ਕਿ ਅਜਿਹੀਆਂ ਟਿੱਪਣੀਆਂ ਬੇਰੁਜ਼ਗਾਰੀ ਤੇ ਮਹਿੰਗਾਈ ਜਿਹੇ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਵੱਲ ਸੇਧਤ ਹਨ। ਉਨਾਂ ਕਿਹਾ, ‘ਭਾਰਤ ਵਿੱਚ ਵੰਡੀਆਂ ਪਾ ਕੇ ਖ਼ੁਦ ਨੂੰ ਰੱਖਿਅਕ ਅਤੇ ਆਪਣੇ ਸਿਆਸੀ ਵਿਰੋਧੀਆਂ ਨੂੰ ਅੰਦਰਲੇ ਤੇ ਕਲਪਿਤ ਦੁਸ਼ਮਣ ਦੱਸਣ ਦੀ ਭਾਜਪਾ ਦੀ ਇਹ ਜੁਗਤ ਕਾਫ਼ੀ ਬੇਹੀ ਤੇ ਪੁਰਾਣੀ ਹੈ। ਵਧਦੀ ਬੇਰੁਜ਼ਗਾਰੀ ਤੇ ਮਹਿੰਗਾਈ ਜਿਹੇ ਮੁੱਦਿਆਂ ਦੀ ਥਾਂ ਲਵ ਜੇਹਾਦ, ਟੁਕੜੇ ਟੁਕੜੇ ਤੇ ਹੁਣ ਗੁਪਕਾਰ ਗੈਂਗ ਜਿਹੇ ਸਿਆਸੀ ਮੁੱਦੇ ਭਾਰੂ ਹਨ।


ਵਾਰਿਸ ਪੰਜਾਬ ਦੇ
ਆਓ ਪੰਜਾਬ ਦੇ ਵਾਰਿਸੋ "ਵਾਰਿਸ ਪੰਜਾਬ ਦੇ"
ਮੁਹਿੰਮ ਲਈ ਰਜਿਸਟਰ ਕਰੋ
ਮੈਂ ਹਾਂ ਵਾਰਿਸ ਪੰਜਾਬ ਦਾ!
ਪੰਜਾਬ ਦੇ ਵਾਰਿਸੋ ਆਉ ਵਾਰਿਸ ਪੰਜਾਬ ਦੇ ਮੁਹਿੰਮ ਵਿੱਚ ਆਪਣੀ ਸ਼ਮੂਲੀਅਤ ਕਰਕੇ
ਪੰਜਾਬ ਦਾ ਆਪਣਾ ਪੰਜਾਬ ਕ੍ਰੇਂਦਿਤ ਖੇਤੀਬਾੜੀ ਮਾਡਲ ਉਸਾਰਨ ਲਈ ਸੰਵਾਦ
ਆਰੰਭੀਏ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਰਜਿਸਟਰ ਕਰੋ।
WWW.WARISPUNJABDE.ORG

# ਲੰਗਰ ਦੇ ਇਤਿਹਾਸਕ ਮਹੱਤਵ ਨੂੰ ਸਮਝਣ ਦੀ ਲੋੜ

**- ਡਾਕਟਰ ਸਤਿੰਦਰ ਸਿੰਘ**

ਲੰਗਰ ਗੁਰੂ ਕਾਲ ਤੋਂ ਹੀ ਸਿੱਖੀ ਪਰੰਪਰਾ ਦਾ ਅਭਿੰਨ ਅੰਗ ਰਿਹਾ ਹੈ। ਆਮ ਤੌਰ ’ਤੇ ਲੰਗਰ ਨੂੰ ਗੁਰੂ ਨਾਨਕ ਸਾਹਿਬ ਦੁਆਰਾ ਰਾਏ ਭੋਇ ਦੀ ਤਲਵੰਡੀ ਵਿਚ ਰਹਿੰਦੇ ਸੰਤਾਂ ਦੀ ਕੀਤੀ ਸੇਵਾ ਨਾਲ ਜੋੜਿਆ ਜਾਂਦਾ ਹੈ, ਜਿਸ ਨੂੰ ਸੱਚਾ ਸੌਦਾ ਕਹਿ ਕੇ ਇਤਿਹਾਸ ਵਿਚ ਦਰਜ ਕੀਤਾ ਗਿਆ ਹੈ। ਆਪਣੀਆਂ ਧਰਮ ਯਾਤਰਾਵਾਂ ਸੰਪੂਰਨ ਕਰਨ ਤੋਂ ਬਾਅਦ ਜਦੋਂ ਗੁਰੂ ਨਾਨਕ ਸਾਹਿਬ ਨੇ ਪਰਿਵਾਰ ਸਮੇਤ ਕਰਤਾਰਪੁਰ ਸਾਹਿਬ ਵਿਚ ਨਿਵਾਸ ਕਰਨਾ ਸ਼ੁਰੂ ਕੀਤਾ ਤਾਂ ਕਰਤਾਰਪੁਰ ਸਾਹਿਬ ਸਿੱਖੀ ਦਾ ਮੁੱਖ ਕੇਂਦਰ ਤੇ ਤੀਰਥ ਬਣ ਗਿਆ। ਦੂਰ-ਦੂਰ ਤੋਂ ਸੰਗਤਾਂ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨ ਕਰਤਾਰਪੁਰ ਸਾਹਿਬ ਆਉਂਦੀਆਂ। ਦੂਰੋਂ ਆਈਆਂ ਸੰਗਤਾਂ ਦੇ ਠਹਿਰਨ, ਭੋਜਨ ਦੇ ਆਪਣੇ ਕੋਈ ਪ੍ਰਬੰਧ ਨਹੀਂ ਹੁੰਦੇ ਸਨ। ਇਹ ਪ੍ਰਬੰਧ ਸੰਗਤਾਂ ਲਈ ਗੁਰੂ ਸਾਹਿਬ ਬੜੇ ਪ੍ਰੇਮ ਸਹਿਤ ਕਰਦੇ।

ਗੁਰੂ ਨਾਨਕ ਸਾਹਿਬ ਧਿਆਨ ਰੱਖਦੇ ਕਿ ਆਈਆਂ ਸੰਗਤਾਂ ਨੂੰ ਕਿਸੇ ਵੀ ਤਰਾਂ ਦੀ ਤਕਲੀਫ਼ ਨਾ ਹੋਵੇ। ਗੁਰੂ ਸਾਹਿਬ ਨੇ ਆਪਣੇ ਖੇਤਾਂ ਵਿਚੋਂ ਕੁਝ ਖੇਤ ਸੰਗਤ ਦੀ ਸੇਵਾ ਲਈ ਹੀ ਰਾਖਵੇਂ ਕਰ ਦਿੱਤੇ ਸਨ, ਜਿਨਾਂ ਦੀ ਫ਼ਸਲ ਸੰਗਤ ਦੇ ਲੰਗਰ ਵਿਚ ਹੀ ਵਰਤੀ ਜਾਂਦੀ ਸੀ। ਗੁਰੂ ਅੰਗਦ ਸਾਹਿਬ ਤੇ ਗੁਰੂ ਅਮਰਦਾਸ ਜੀ ਦੀ ਸੇਵਾ ਤੇ ਸਮਰਪਣ ਵਿਚ ਵੀ ਲੰਗਰ ਇਕ ਖ਼ਾਸ ਮੁਕਾਮ ਦੀ ਤਰਾਂ ਨਜ਼ਰ ਆਉਂਦਾ ਹੈ। ਗੁਰੂ ਅਮਰਦਾਸ ਸਾਹਿਬ ਨੇ ਲੰਗਰ ਨੂੰ ਸੰਗਤਾਂ ਅੰਦਰ ਭੇਦਭਾਵ, ਊਚ-ਨੀਚ ਦੂਰ ਕਰਨ ਲਈ ਮਾਧਿਅਮ ਬਣਾਇਆ।

ਗੁਰੂ ਅਮਰਦਾਸ ਜੀ ਨੇ ਲੰਗਰ ਨੂੰ ਪੰਗਤ ਦਾ ਨਾਂਅ ਦਿੱਤਾ, ਜੋ ਲੰਗਰ ਦਾ ਸਿਧਾਂਤਕ ਪੱਖ ਪ੍ਰਗਟ ਕਰਨ ਵਾਲਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਆਪਣੇ ਘਰਾਂ ਅੰਦਰ ਲੰਗਰ ਲਾਉਣ ਲਈ ਪ੍ਰੇਰਿਆ ਤਾਂ ਜੋ ਕੋਈ ਆਉਣ ਵਾਲਾ ਭੁੱਖਾ ਨਾ ਪਰਤੇ। ਗੁਰੂ ਸਾਹਿਬਾਨ ਦੀ ਪ੍ਰੇਰਨਾ ਸੀ ਕਿ ਲੰਗਰ ਘਰ ਵਿਚ ਵੀ ਛਕਾਓ ਤਾਂ ਇਹ ਸਮਝ ਕੇ ਕਿ ਇਹ ਗੁਰੂ ਦਾ ਲੰਗਰ ਹੈ ਤੇ ਅਸੀਂ ਮਾਤਰ ਵਰਤਾਉਣ ਵਾਲੇ ਹਾਂ। ਗੁਰੂ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਗੁਰੂ ਹਰਿਰਾਇ ਜੀ ਨੇ ਵਚਨ ਕੀਤੇ ਕਿ ਲੰਗਰ ਦਾ ਮਨੋਰਥ ਸਾਧ-ਸੰਗਤ ਦੀ ਤ੍ਰਿਪਤੀ ਹੈ। ਕੋਈ ਗੁਰਸਿੱਖ ਜੇ ਕਿਸੇ ਦੂਜੇ ਗੁਰਸਿੱਖ ਦੇ ਘਰ ਜਾਏ ਤਾਂ ਗੁਰਸਿੱਖ ਉਸ ਨੂੰ ਆਦਰ ਤੇ ਪ੍ਰੇਮ ਨਾਲ ਲੰਗਰ ਛਕਾਵੇ। ਇਹ ਸਤਿ ਸੰਗਤ ਦਾ ਫਲ ਦੇਣ ਵਾਲੀ ਸੇਵਾ ਹੈ। ਲੰਗਰ ਦੀ ਮਰਿਆਦਾ ਵੀ ਪਰਮਾਤਮਾ ਦੀ ਭਗਤੀ ਨਾਲ ਜੋੜੀ ਗਈ।

‘ਕਰਿ ਅਰਦਾਸ ਕਰਹੁ ਬਰਤਾਵਨਿ।

ਤੂ ਪ੍ਰਸ਼ਾਦਿ ਕਹਿ ਛਕੈ ਛਕਾਵਨ।’

ਅਰਦਾਸ ਕਰ ਕੇ ਲੰਗਰ ਵਰਤਾਉਣ ਦੀ ਮਰਿਆਦਾ ਇਸ ਨੂੰ ਆਮ ਭੋਜਨ ਤੋਂ ਨਿਖੇੜਨ ਵਾਲੀ ਸੀ। ਅਰਦਾਸ ਪਰਮਾਤਮਾ ਦਾ ਸ਼ੁਕਰਾਨਾ ਸੀ ਕਿ ਪਰਮਾਤਮਾ ਦਾ ਬਖ਼ਸ਼ਿਆ ਤਨ ਤ੍ਰਿਪਤ ਹੋਵੇ ਤੇ ਭਗਤੀ ਕਰਨ ਯੋਗ ਬਣੇ। ਗੁਰੂ ਕਾ ਲੰਗਰ ਛਕਣ ਵਾਲਾ ਇਸ ਨੂੰ ਗੁਰੂ ਦਾ ਪ੍ਰਸ਼ਾਦ ਮੰਨ ਕੇ ਗ੍ਰਹਿਣ ਕਰਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ ਦੇ ਵਚਨ ਹਨ ਜਿਸ ਵਿਚ ਭਗਤ ਜੀ ਪ੍ਰਮਾਤਮਾ ਤੇ ਗੁਰੂ ਦੀ ਵਡਿਆਈ ਕਰਨ ਤੋਂ ਬਾਅਦ ਅੰਨ ਦੀ ਵਡਿਆਈ ਵੀ ਕਰਦੇ ਹਨ ਜੋ ਭੁੱਖ ਨਾਲ ਬਹਿਬਲ ਮਨੁੱਖ ਦਾ ਮਨ ਵਿਗਾਸ ਵਿਚ ਲੈ ਆਉਂਦਾ ਹੈ। ਪ੍ਰਮਾਤਮਾ ਤੇ ਵਾਹਿਗੁਰੂ ਦੀ ਮਿਹਰ ਤੇ ਤ੍ਰਿਪਤ ਤਨ ਨਾਲ ਕੀਤੀ ਭਗਤੀ ਪ੍ਰਮਾਤਮਾ ਨਾਲ ਜੋੜਨ ਵਾਲੀ ਹੈ। ਪ੍ਰਮਾਤਮਾ ਦਾ ਭਗਤ ਉਸੇ ਵਿਗਾਸ ਨਾਲ ਨਾਮ ਜਪਦਾ ਹੈ ਜੋ ਉਸ ਨੂੰ ਅੰਨ ਤੋਂ ਪ੍ਰਾਪਤ ਹੁੰਦਾ ਹੈ। ਅੰਨ ਭਗਤ ਦੇ ਤਨ ਤੇ ਮਨ ਨੂੰ ਭਗਤੀ ਲਈ ਸਮਰੱਥ ਬਣਾਉਣ ਵਾਲਾ ਹੈ। ਲੰਗਰ ਦੀ ਇਹ ਗੂੜ ਰਮਜ਼ ਹੈ। ਇਸ ਨੂੰ ਅੱਜ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ ਹੈ। ਜੇ ਕਿਸੇ ਕਾਰਜ ਦਾ ਮੂਲ ਮਨੋਰਥ ਹੀ ਵਿਸਾਰ ਦਿੱਤਾ ਜਾਏ ਤਾਂ ਉਹ ਨਿਰਾ ਕਰਮਕਾਂਡ ਬਣ ਕੇ ਰਹਿ ਜਾਂਦਾ ਹੈ। ਅੱਜ ਸਿੱਖ ਧਰਮ ਦੀ ਪਵਿੱਤਰ ਸੰਸਥਾ ਲੰਗਰ ਵੀ ਇਸੇ ਦਿਸ਼ਾ ਵੱਲ ਵੱਧ ਰਹੀ ਹੈ। ਬਾਹਰਲੇ ਦੇਸ਼ਾਂ ਵਿਚ ਵੱਸਦੇ ਸਿੱਖ ਇਸ ਸੰਦਰਭ ਵਿਚ ਸਭ ਤੋਂ ਪਹਿਲਾਂ ਸਵਾਲਾਂ ਦੇ ਘੇਰੇ ਵਿਚ ਆਉਂਦੇ ਹਨ, ਜਿਨਾਂ ਵੀ ਦੇਸ਼ਾਂ ਵਿਚ ਸਿੱਖ ਵਸੇ, ਗੁਰਦੁਆਰੇ ਉਸਾਰੇ ਗਏ ਤੇ ਲੰਗਰ ਆਰੰਭ ਕੀਤੇ ਗਏ।

ਸਮਾਜ ਸੇਵਾ ਤੇ ਮਨੁੱਖਤਾ ਦੇ ਨਾਂਅ ’ਤੇ ਭੋਜਨ ਦੇ ਪੈਕੇਟ ਵੰਡਣ ਦੀ ਪਰੰਪਰਾ ਸ਼ੁਰੂ ਹੋ ਗਈ। ਇਸ ਨੂੰ ਵੀ ਲੰਗਰ ਕਿਹਾ ਗਿਆ। ਲੋਕਾਂ ਦੇ ਘਰਾਂ ਵਿਚ, ਕੈਂਪਾਂ ਵਿਚ, ਸੜਕਾਂ ’ਤੇ ਲੰਗਰ ਵੰਡੇ ਜਾਣ ਲੱਗ ਪਏ। ਇਸ ਨਾਲ ਸੋਸ਼ਲ ਮੀਡੀਆ ’ਤੇ ਵਾਹਵਾ ਹੀ ਮਿਲੀ ਤੇ ਮੀਡੀਆ ਨੇ ਵੀ ਥਾਂ ਦਿੱਤੀ। ਜਿਨਾਂ ਨੂੰ ਲੰਗਰ ਛਕਾਇਆ ਗਿਆ ਉਨਾਂ ਦੀ ਭੁੱਖ ਮਿਟੀ ਪਰ ਪ੍ਰਮਾਤਮਾ ਭਗਤੀ ’ਚ ਮਨ ਜੁੜਿਆ ਜਾਂ ਨਹੀਂ, ਇਸ ਬਾਰੇ ਕਿਸੇ ਨੇ ਕੋਈ ਚਿੰਤਾ ਨਾ ਕੀਤੀ। ਕਿਉਂਕਿ ਲੰਗਰ ਦਾ ਮਨੋਰਥ ਹੀ ਬਦਲ ਗਿਆ ਸੀ। ਲੰਗਰ ਦੀ ਸੇਵਾ ਮਨ ਨਿਰਮਲ ਕਰਨ ਵੱਲ ਇਕ ਕਦਮ ਸੀ ਪਰ ਆਮ ਲੋਕਾਂ ਨੂੰ ਇਵੇਂ ਲੱਗਣ ਲੱਗ ਪਿਆ ਕਿ ਇਹੋ ਸਿੱਖੀ ਹੈ।

# ਵਿਰਾਸਤ ਅਤੇ ਸਭਿਆਚਾਰ ਦਾ ਫ਼ਰਕ

**- ਗੁਰਚਰਨ ਪੱਖੋ ਕਲਾਂ**
**੯੪੧੭੭੨੭੨੪੫**

ਦੋਸਤੋ, ਜਦੋਂ ਕੋਈ ਲੇਖਕ ਜਾਂ ਵਿਅਕਤੀ ਸਭਿਆਚਾਰ ਦੇ ਚੰਗੇ ਮੰਦੇ ਹੋਣ ਦੀ ਗੱਲ ਕਰਦਾ ਹੈ ਤਦ ਉਹ ਅਸਲ ਵਿੱਚ ਵਿਰਾਸਤ ਦੇ ਰੋਣੇ ਰੋਂਦਾ ਹੈ। ਵਿਰਾਸਤ ਹਮੇਸ਼ਾ ਬੀਤੇ ਵਕਤ ਦੇ ਸਭਿਆਚਾਰ ਦੀ ਕਹਾਣੀ ਕਹਿੰਦੀ ਹੈ। ਹਰ ਸਮੇਂ ਦਾ ਆਪਣਾ ਸਭਿਆਚਾਰ ਹੁੰਦਾ ਹੈ। ਸਭਿਆਚਾਰ ਕਦੀ ਮਾੜਾ/ਚੰਗਾ ਨਹੀਂ ਹੁੰਦਾ ਇਹ ਤਾਂ ਵਿਅਕਤੀ ਦੀ ਸੋਚ ਹੀ ਹੁੰਦੀ ਹੈ ਜੋ ਉਸਨੂੰ ਮਾੜੇ ਅਤੇ ਚੰਗੇ ਵਿੱਚ ਵੰਡਦੀ ਹੈ। ਸਮਾਜ ਆਪਣੀਆਂ ਲੋੜਾਂ ਅਨੁਸਾਰ ਵਿਵਹਾਰ ਕਰਦਾ ਰਹਿੰਦਾ ਹੈ ਇਸਨੂੰ ਹੀ ਸਭਿਆਚਾਰ ਬੋਲਿਆ ਜਾਂਦਾ ਹੈ। ਹਰ ਇਲਾਕੇ, ਹਰ ਦੇਸ਼ ਹਰ ਕੌਮ, ਹਰ ਭਾਈਚਾਰੇ ਦੇ ਸਭਿਆਚਾਰ ਵਿੱਚ ਫ਼ਰਕ ਹੋਣਾ ਆਮ ਗੱਲ ਹੁੰਦੀ ਹੈ। ਪਰ ਫੇਰ ਵੀ ਇਸਦਾ ਰਲਵਾਂ ਮਿਲਵਾਂ ਰੂਪ ਹੀ ਸਮੂਹਕ ਸਭਿਆਚਾਰ ਦਾ ਪ੍ਰਗਟਾਵਾ ਅਤੇ ਪਰਿਭਾਸ਼ਾ ਹੋ ਨਿੱਬੜਦਾ ਹੈ। ਸਭਿਆਚਾਰ ਦੇ ਸ਼ਬਦ ਰੂਪੀ ਅਰਥ ਹਨ: ਸਭਿਅਤਾ+ਆਚਾਰ ਜਾਂ ਆਚਰਨ ਜਿਸ ਦਾ ਭਾਵ ਸਭਿਅਤਾ ਦਾ ਆਚਰਨ ਹੀ ਸਭਿਆਚਾਰ ਅਖਵਾਉਂਦਾ ਹੈ। ਸਭਿਆਚਾਰਕ ਹੋਣ ਦਾ ਦਾਅਵਾ ਕਰਕੇ ਕੋਈ ਚੰਗਾ ਹੋਣ ਦਾ ਸਰਟੀਫਿਕੇਟ ਨਹੀਂ ਪ੍ਰਾਪਤ ਕਰ ਸਕਦਾ। ਸਮਾਜ ਦਾ ਤ੍ਰਿਸਕਾਰਿਆ ਜਾਣ ਵਾਲਾ ਵਰਗ ਵੀ ਸਮਾਜ ਦਾ ਹੀ ਇੱਕ ਅੰਗ ਹੁੰਦਾ ਹੈ। ਇਤਿਹਾਸ ਜਦ ਫ਼ੈਸਲਾ ਕਰਦਾ ਹੈ ਤਦ ਉਹ ਕਿਸੇ ਵਿਸ਼ੇਸ਼ ਸਮੇਂ ਦੇ ਸਭਿਆਚਾਰ ਦਾ ਫ਼ੈਸਲਾ ਸਮੂਹਕ ਰੂਪ ਵਿੱਚ ਹੀ ਕਰਦਾ ਹੈ। ਵਕਤ ਇੱਕ ਇਹੋ ਜਿਹਾ ਹੁਕਮਰਾਨ ਹੁੰਦਾ ਹੈ ਜੋ ਨਿੱਤ ਨਵੀਆਂ ਚੀਜ਼ਾਂ ਵਸਤਾਂ ਅਤੇ ਭਾਵਨਾਵਾਂ ਪੈਦਾ ਕਰਦਾ ਹੈ ਅਤੇ ਪੁਰਾਣੀਆਂ ਹੋਈ ਜਾ ਰਹੀਆਂ ਨੂੰ ਖ਼ਤਮ ਕਰਦਾ ਰਹਿੰਦਾ ਹੈ ਜੋ ਖ਼ਤਮ ਹੋ ਜਾਂਦਾ ਹੈ, ਸਭ ਵਿਰਾਸਤ ਦਾ ਰੂਪ ਹੋ ਜਾਂਦਾ ਹੈ, ਜੋ ਕੁੱਝ ਨਵਾਂ ਉਪਜਦਾ ਹੈ ਸਭਿਆਚਾਰ ਦਾ ਰੂਪ ਬਣ ਜਾਂਦਾ ਹੈ। ਇਸ ਤਰਾਂ ਸਭਿਆਚਾਰ ਜੀਵਤ ਰੂਪ ਵਿੱਚ ਹੀ ਹੁੰਦਾ ਹੈ ਅਤੇ ਵਿਰਾਸਤ ਮੁਰਦਾ ਰੂਪ ਹੁੰਦੀ ਹੈ ਜਿਸ ਦੀਆਂ ਕੁੱਝ ਯਾਦਾਂ ਮਹਿਕ ਵੰਡਦੀਆਂ ਹਨ ਅਤੇ ਕੁੱਝ ਯਾਦਾਂ ਸੜਿਹਾਂਦ ਪੈਦਾ ਕਰਦੀਆਂ ਹਨ।

ਕਿਸੇ ਵੀ ਸਮੇਂ ਦੇ ਸਭਿਆਚਾਰ ਦੀ ਗੱਲ ਕਰੋ ਦੋਨੋਂ ਪੱਖ ਚੰਗੇ ਅਤੇ ਮਾੜੇ ਮੌਜੂਦ ਹੁੰਦੇ ਹਨ। ਪੁਰਾਣੇ ਸਮਿਆਂ ਦੀ ਵਿਰਾਸਤ ਦੱਸਦੀ ਹੈ ਕਿ ਜਿਵੇਂ ਸ੍ਰੀ ਰਾਮ ਦੇ ਜ਼ਮਾਨੇ ਵਿੱਚ ਇੱਕ ਪਾਸੇ ਲਾਲਚਾਂ ਦੀ ਬਾਤ ਪੈਂਦੀ ਹੈ ਦੂਸਰੇ ਪਾਸੇ ਆਪਣੀ ਔਲਾਦ ਲਈ ਕੁਰਸੀ ਪੱਕੀ ਕਰਨ ਵਾਸਤੇ ਦੂਸਰੇ ਦੀ ਔਲਾਦ ਨੂੰ ਬਣਵਾਸ ਦੀ ਸਜਾ ਦਿਵਾਈ ਜਾਂਦੀ ਹੈ। ਇੱਕ ਪਾਸੇ ਬਾਪ ਦੇ ਹੁਕਮ ਦੀ ਪਾਲਣਾ ਦੀ ਮਰਿਯਾਦਾ ਨਿਭਾਈ ਜਾਂਦੀ ਹੈ ਦੂਸਰੇ ਪਾਸੇ ਲਾਲਚ ਲਈ ਮਰਿਯਾਦਾ ਤੋੜੀ ਜਾਂਦੀ ਹੈ। ਇਸ ਤਰਾਂ ਹੀ ਗੁਰੂ ਕੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਕਤ ਕੋਈ ਹਾਅ ਦਾ ਨਾਅਰਾ ਮਾਰਦਾ ਹੈ ਕੋਈ ਬੱਚਿਆਂ ਨੂੰ ਸੱਪ ਦੀ ਔਲਾਦ ਦੇ ਖ਼ਿਤਾਬ ਦੇ ਰਿਹਾ ਹੈ। ਸੋ ਇਸ ਤਰਾਂ ਹੀ ਸਮਾਜ ਦੇ ਵਰਤਾਰੇ ਆਪੋ ਆਪਣੇ ਸਮੇਂ ਦਾ ਸਭਿਆਚਾਰ ਸਿਰਜਦੇ ਰਹਿੰਦੇ ਹਨ।

ਅੱਜ ਦੇ ਸਮੇਂ ਦੇ ਰਾਜੇ ਧਰਮ ਵਿਹੂਣੇ ਹੋ ਕੇ ਲੋਕਾਂ ਨੂੰ ਲੁੱਟ ਰਹੇ ਹਨ ਅਤੇ ਦੂਸਰੇ ਪਾਸੇ ਕਿਰਤੀ ਲੋਕ ਧਰਤੀ ਦਾ ਧੌਲ਼ ਬਲਦ ਬਣ ਕੇ ਸਬਰ ਦੇ ਆਸਰੇ ਆਪਣੀ ਲੁੱਟ ਕਰਵਾ ਕੇ ਵੀ ਦਿਨ ਕੱਟੀ ਕਰੀ ਜਾ ਰਹੇ ਹਨ। ਇੱਕ ਵਰਗ ਸੱਤ ਪੁਸ਼ਤਾਂ ਦਾ ਧਨ ਜੋੜ ਕੇ ਵੀ ਬੇਸਬਰਾ ਹੋਇਆ ਪਿਆ ਹੈ ਦੂਸਰਾ ਵਰਗ ਗ਼ਰੀਬੀ ਦੀ ਜ਼ਿੱਲਤ ਵਿੱਚ ਨਿੱਤ ਦਿਨ ਨਿੱਤ ਦੀ ਰੋਟੀ ਵਾਸਤੇ ਜੂਝਦਾ ਰਹਿੰਦਾ ਹੈ। ਸਰਕਾਰਾਂ ਦੇ ਯਾਰ ਅਤੇ ਰਖਵਾਲੇ ਸਰਕਾਰੀ ਮੁਲਾਜ਼ਮ ਲੋੜਾਂ ਤੋਂ ਕਿਤੇ ਵੱਧ ਤਨਖ਼ਾਹਾਂ ਲੈ ਕੇ ਵੀ ਆਮ ਲੋਕਾਂ ਨੂੰ ਲੁੱਟਣੋਂ ਨਹੀਂ ਹਟਦੇ ਅਤੇ ਫਿਰ ਵੀ ਨਿੱਤ ਨਵੇਂ ਤਨਖ਼ਾਹ ਕਮਿਸ਼ਨਾਂ ਦੀ ਮੰਗ ਕਰਦੇ ਹਨ, ਦੂਸਰੇ ਪਾਸੇ ਕਿਰਤੀ ਵਰਗ ਨਿੱਤ ਦਿਨ ਟੈਕਸਾਂ ਅਤੇ ਮਹਿੰਗਾਈ ਦੀ ਚੱਕੀ ਵਿੱਚ ਪੀਸਿਆ ਜਾ ਰਿਹਾ ਹੈ। ਅੱਜ ਭਾਵੇਂ ਲੁਟੇਰਾ ਮੁਲਾਜ਼ਮ ਅਤੇ ਰਾਜਨੀਤਕ ਗੱਠਜੋੜ ਧਰਮਾਤਮਾ ਹੋਣ ਦਾ ਸਰਟੀਫਿਕੇਟ ਵੀ ਆਪ ਹੀ ਹਾਸਲ ਕਰੀ ਜਾ ਰਿਹਾ ਹੈ ਅਤੇ ਇਸ ਨੂੰ ਪੜਿਆਂ ਲਿਖਿਆਂ ਦਾ ਵਿਕਸਿਤ ਸਮਾਜ ਵਾਲੇ ਸਭਿਆਚਾਰ ਦੇ ਦਾਅਵੇ ਕਰ ਰਿਹਾ ਹੈ। ਦੋਸਤੋ, ਸਮੇਂ ਅਤੇ ਇਤਿਹਾਸ ਨੇ ਜਦ ਵੀ ਇਸ ਸਮੇਂ ਦੇ ਸਭਿਆਚਾਰ ਦੀ ਬਾਤ ਪਾਵੇਗਾ ਤਦ ਉਹ ਇਸ ਧਰਮਾਤਮਾ ਵਰਗ ਦੀਆਂ ਧੱਜੀਆਂ ਉਡਾਵੇਗਾ। ਅੱਜ ਦੇ ਸਮੇਂ ਨੂੰ ਹਿਟਲਰਾਂ, ਚੰਗੇਜ ਖਾਨਾਂ, ਸਿਕੰਦਰਾਂ ਤੋਂ ਵੀ ਬੁਰਾ ਗਰਦਾਨੇਗਾ। ਸੋ ਦੋਸਤੋ, ਕੋਈ ਪੜ ਲਿਖ ਕੇ ਅਤੇ ਸਰਕਾਰਾਂ ਦਾ ਯਾਰ ਬਣ ਕੇ ਲੋਟੂ ਟੋਲਿਆਂ ਦੇ ਪੱਖ ਵਿੱਚ ਭੁਗਤ ਕੇ ਸਭਿਆਚਾਰਕ ਹੋਣ ਦੇ ਦਾਅਵੇ ਅਸਲ ਵਿੱਚ ਲੋਟੂ ਸਭਿਆਚਾਰ ਦਾ ਪ੍ਰਤੀਕ ਹੀ ਹੈ। ਲੋਕ ਪੱਖੀ ਸਭਿਆਚਾਰ ਦੇ ਵਾਰਸਾਂ ਦੀ ਪਛਾਣ ਨਿਤਾਣੇ, ਨਿਮਾਣੇ, ਨਿਉਟਿਆਂ ਦੀ ਬਾਂਹਾਂ ਬਣਨ ਵਾਲੇ ਹੀ ਹੁੰਦੇ ਹਨ। ਸਾਡਾ ਸਭਿਆਚਾਰ ਜਦ ਵਿਰਾਸਤ ਦਾ ਰੂਪ ਹੋ ਕੇ ਇਤਿਹਾਸ ਬਣ ਜਾਵੇਗਾ ਤਦ ਹੀ ਅਸਲ ਪਤਾ ਲੱਗੇਗਾ ਕਿ ਅੱਜ ਦੇ ਸਮੇਂ ਦਾ ਸਭਿਆਚਾਰ ਕਿਹੋ ਜਿਹਾ ਸੀ।






# ਸ਼੍ਰੋਮਣੀ ਕਮੇਟੀ ਸਥਾਪਨਾ ਸ਼ਤਾਬਦੀ: ਅਕਾਲ ਤਖ਼ਤ ਵਿਖੇ ਅਖੰਡ ਪਾਠ ਆਰੰਭ ਸ਼ਤਾਬਦੀ ਸਮਾਗਮਾਂ ਨੂੰ ਸਮਰਪਿਤ ਹੋਵੇਗਾ, ਅਗਲਾ ਵਰਾ

## ✪ ਸ਼੍ਰੋਮਣੀ ਕਮੇਟੀ ਸਥਾਪਤ ਕਰ ਚੁੱਕੀ ਹੈ 111 ਵੱਧ ਵਿੱਦਿਅਕ ਅਦਾਰੇ ✪ ਅੰਗਰੇਜ਼ੀ ਸਿਸਟਮ ਤੇ ਮਹੰਤਾਂ ਦੇ ਪ੍ਰਬੰਧ ਤੋਂ ਅਜ਼ਾਦ ਕਰਵਾ ਕੇ ਪੰਥ ਨੇ ਸਿਰਜੀ ਸੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ/ਪ੍ਰਗਟ ਸਿੰਘ ਜੰਡਿਆਲਾ ਗੁਰੂ**: ਸ਼੍ਰੋਮਣੀ ਕਮੇਟੀ ਦੀ ਸਥਾਪਨਾ ਸ਼ਤਾਬਦੀ ਦੇ ਸਬੰਧ ਵਿੱਚ ਅਕਾਲ ਤਖ਼ਤ ਵਿਖੇ ਅਖੰਡ ਪਾਠ ਆਰੰਭ ਕੀਤੇ ਗਏ ਅਤੇ ਇਸ ਨੂੰ ਸਮਰਪਿਤ ਮੁੱਖ ਸਮਾਗਮ 17 ਨਵੰਬਰ ਤੋਂ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਤੋਂ ਆਰੰਭ ਕਰ ਦਿੱਤੇ ਹਨ। ਇਸ ਨੂੰ ਸਮਰਪਿਤ ਸਮਾਗਮਾਂ ਦੀ ਆਰੰਭਤਾ ਚਿੱਤਰ ਪ੍ਰਦਰਸ਼ਨੀ ਨਾਲ ਕੀਤੀ ਗਈ । ਜ਼ਿਕਰਯੋਗ ਹੈ ਕਰੋਨਾ ਮਹਾਂਮਾਰੀ ਦਾ ਪਰਛਾਵਾਂ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੇ ਸ਼ਤਾਬਦੀ ਸਮਾਗਮਾਂ ’ਤੇ ਵੀ ਪਿਆ ਹੈ, ਜਿਸ ਕਾਰਨ ਇਸ ਵਰੇ ਦੀ ਥਾਂ ਅਗਲਾ ਵਰਾ 2021 ਸ਼ਤਾਬਦੀ ਵਰੇ ਨੂੰ ਸਮਰਪਿਤ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਿੱਖਾਂ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਕਮੇਟੀ ਨੇ ਆਪਣੇ ਸੌ ਸਾਲ ਦੇ ਸਫ਼ਰ ਦੌਰਾਨ ਇਤਿਹਾਸਕ ਪ੍ਰਾਪਤੀਆਂ ਕੀਤੀਆਂ ਹਨ। ਇਸ ਦੌਰਾਨ ਕੌਮੀ ਮਸਲਿਆਂ ਦੀ ਪੈਰਵੀ ਅਤੇ ਸਿਹਤ, ਸਿੱਖਿਆ ਦੇ ਖੇਤਰ ਵਿੱਚ ਜ਼ਿਕਰਯੋਗ ਕੰਮ ਕੀਤਾ ਹੈ। ਇਸ ਤੋਂ ਇਲਾਵਾ ਲੋਕ ਭਲਾਈ ਦੇ ਕਾਰਜ ਵੀ ਸਿੱਖ ਸੰਸਥਾ ਨੇ ਕੀਤੇ ਹਨ। ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਸ਼੍ਰੋਮਣੀ ਕਮੇਟੀ ਨਿਰੰਤਰ ਯਤਨਸ਼ੀਲ ਰਹੀ ਹੈ ਅਤੇ ਭਵਿੱਖ ਵਿੱਚ ਵੀ ਕਾਰਜਸ਼ੀਲ ਰਹੇਗੀ। ਉਨਾਂ ਕਿਹਾ ਕਿ ਸ਼ਤਾਬਦੀ ਮੌਕੇ ਮੁੱਖ ਸਮਾਗਮ ਵਿੱਚ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਸ਼ਿਰਕਤ ਕਰਨਗੀਆਂ।

ਜ਼ਿਕਰਯੋਗ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀਆਂ ਇਮਾਰਤਾਂ ਦਾ ਨਵ-ਉਸਾਰੀ ਤੇ ਨਵ-ਨਿਰਮਾਣ ਦਾ ਕਾਰਜ ਵੱਡੀ ਪੱਧਰ ’ਤੇ ਹੋਇਆ। 1839 ਈ: ਵਿਚ ਉਨਾਂ ਦੀ ਮੌਤ ਨਾਲ ਸਿੱਖ ਰਾਜ ਦੀ ਸ਼ਾਮ ਪੈਣੀ ਸ਼ੁਰੂ ਹੋ ਗਈ ਸੀ। ਅਖੀਰ 1849 ਈ: ਵਿਚ ਸਿੱਖ ਰਾਜ ਦਾ ਸੂਰਜ ਡੁੱਬ ਗਿਆ। ਇਸ ਕਾਰਨ ਗੁਰਦੁਆਰਾ ਪ੍ਰਬੰਧ ਵਿਚ ਵੀ ਗਿਰਾਵਟ ਆਰੰਭ ਹੋ ਗਈ। ਅੰਗਰੇਜ਼ਾਂ ਨੇ ਸਭ ਤੋਂ ਪਹਿਲਾਂ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮੁੱਖ ਪ੍ਰਬੰਧਕ-ਸਰਬਰਾਹ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ ਨਿਯੁਕਤ ਕੀਤਾ। ਅੰਗਰੇਜ਼ ਰਾਜ ਸਮੇਂ ਹੀ ਗੁਰਦੁਆਰਿਆਂ ਦੇ ਮਹੰਤ, ਪੁਜਾਰੀ ਥਾਪਣ ਦੀ ਪਿਰਤ ਪੈ ਗਈ। ਇਸ ਨਾਲ ਗੁਰਦੁਆਰਾ ਪ੍ਰਬੰਧ ਸੰਗਤੀ ਪ੍ਰਬੰਧ ਦੀ ਥਾਂ ਮਹੰਤਸ਼ਾਹੀ ਪ੍ਰਬੰਧ ਅਧੀਨ ਆਉਣਾ ਸ਼ੁਰੂ ਹੋ ਗਿਆ। ਗੁਰੂ ਘਰਾਂ ਦੇ ਨਿਵਾਸ ਅਸਥਾਨ ਮਨਮਤ ਤੇ ਐਸ਼ੋ-ਆਰਾਮ ਦੇ ਅੱਡੇ ਬਣ ਗਏ । ਇਨਾਂ ਕੁਕਰਮਾਂ ਨੂੰ ਠੱਲ ਪਾਉਣ ਲਈ ਚੇਤਨ ਗੁਰਸਿੱਖਾਂ ਨੇ ਸਿੱਖ ਸੰਗਤ ਨੂੰ ਇਕੱਤਰ ਕਰਨ ਲਈ ਜਥੇਬੰਦਕ ਰੂਪ ਧਾਰਨਾ ਸ਼ੁਰੂ ਕੀਤਾ। ਇਸਦੇ ਲਈ ਸਿੰਘ ਸਭਾ ਲਹਿਰ, ਚੀਫ਼ ਖ਼ਾਲਸਾ ਦੀਵਾਨ ਸੰਸਥਾਵਾਂ ਹੋਂਦ ਵਿਚ ਆਈਆਂ। ਮਹੰਤਾਂ-ਪੁਜਾਰੀਆਂ ਦੀ ਬੁਰਛਾਗਰਦੀ ਸਮੇਂ ਗੁਰਦੁਆਰਿਆਂ ’ਚ ਅਖੌਤੀ ਨੀਵੀਂ ਜਾਤ ਦੇ ਲੋਕਾਂ ਨੂੰ ਆਉਣ ਦੀ ਸਖ਼ਤ ਮਨਾਹੀ ਸੀ।

12 ਅਕਤੂਬਰ, 1920 ਨੂੰ ਖ਼ਾਲਸਾ ਬਰਾਦਰੀ ਦਾ ਸਾਲਾਨਾ ਦੀਵਾਨ ਅੰਮ੍ਰਿਤਸਰ ‘ਚ ਹੋਇਆ ਜਿਸ ਵਿਚ ਬਹੁਤ ਸਾਰੇ ਅਖੌਤੀ ਨੀਵੀਂ ਜਾਤੀ ਨਾਲ ਸਬੰਧਤ ਸਿੱਖ ਗੁਰੂ-ਬਖਸ਼ਿਸ਼ ਅੰਮ੍ਰਿਤ ਦੀ ਪਾਹੁਲ ਪ੍ਰਾਪਤ ਕਰ ਕੇ ਨਾਨਕ ਨਿਰਮਲ ਪੰਥ ਦੇ ਮੈਂਬਰ ਬਣੇ। ਨਵੇਂ ਸਜੇ ਸਿੰਘ ਗੁਰੂ ਅਰਜਨ ਦੇਵ ਜੀ ਦੁਆਰਾ ਸਿਰਜਤ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਵਾਸਤੇ ਆਏ ਤਾਂ ਪੁਜਾਰੀ ਨੱਕ-ਮੂੰਹ ਵੱਟਣ ਲੱਗੇ। ਜਦ ਇਨਾਂ ਸਿੰਘਾਂ ਦਾ ਜਥਾ ਅਕਾਲ ਤਖ਼ਤ ਸਾਹਿਬ ’ਤੇ ਅਰਦਾਸ ਬੇਨਤੀ ਲਈ ਹਾਜ਼ਰ ਹੋਇਆ ਤਾਂ ਅਕਾਲ ਤਖ਼ਤ ਦੇ ਪੁਜਾਰੀ ਹਰਨ ਹੋ ਗਏ। ਸਿੰਘਾਂ ਨੇ ਫ਼ੈਸਲਾ ਕੀਤਾ ਕਿ ਗੁਰੂ ਦਾ ਤਖ਼ਤ ਸੁੰਞਾ ਨਹੀਂ ਰਹਿਣਾ ਚਾਹੀਦਾ ਅਤੇ ਸੇਵਾ-ਸੰਭਾਲ ਵਾਸਤੇ 25 ਸਿੰਘਾਂ ਦਾ ਜਥਾ ਨਿਯਤ ਕਰ ਦਿੱਤਾ। ਦੂਸਰੇ ਪਾਸੇ ਜ਼ਿਲੇ ਦੇ ਪ੍ਰਸ਼ਾਸਕੀ ਅਧਿਕਾਰੀ ਨੇ ਹਾਲਾਤ ਨੂੰ ਦੇਖਦੇ ਹੋਏ 9 ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਹਮਾਇਤੀਆਂ ਨੇ ਅਕਾਲ ਤਖ਼ਤ ਸਾਹਿਬ ਤੋਂ ਆਦੇਸ਼ ਜਾਰੀ ਕਰਵਾਇਆ ਅਤੇ 15 ਨਵੰਬਰ, 1920 ਨੂੰ ਸਿੱਖਾਂ ਦਾ ਪ੍ਰਤੀਨਿਧ ਇਕੱਠ ਬੁਲਾਇਆ ਗਿਆ। ਪ੍ਰਤੀਨਿਧ ਇਕੱਠ ਵਿਚ 175 ਮੈਂਬਰਾਂ ਦੀ ਕਮੇਟੀ ਬਣਾਈ ਗਈ, ਜਿਸ ਦਾ ਨਾਂ ‘ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ’ ਰੱਖਿਆ ਗਿਆ। ਪ੍ਰਤੀਨਿਧ ਇਕੱਠ ਦੀ ਸੁਧਾਈ ਵਾਸਤੇ ਗੁਰਮਤਿ ਮਰਿਆਦਾ ਅਨੁਸਾਰ ਪੰਜ ਪਿਆਰਿਆਂ ਦੀ ਚੋਣ ਕੀਤੀ ਗਈ। ਸੰਤ ਤੇਜਾ ਸਿੰਘ ਐੱਮਏ (ਮਸਤੂਆਣਾ), ਭਾਈ ਜੋਧ ਸਿੰਘ ਐੱਮਏ, ਬਾਵਾ ਹਰਿਕਿਸ਼ਨ ਸਿੰਘ ਐੱਮਏ, ਜਥੇਦਾਰ ਤੇਜਾ ਸਿੰਘ (ਸੈਂਟਰਲ ਖ਼ਾਲਸਾ ਦੀਵਾਨ) ਅਤੇ ਬਲਵੰਤ ਸਿੰਘ ਰਾਈਸ। ਇਸ ਕਮੇਟੀ ਦੀ ਪਲੇਠੀ ਮੀਟਿੰਗ 12 ਦਸੰਬਰ, 1920 ਨੂੰ ਅਕਾਲ ਤਖ਼ਤ ਸਾਹਿਬ ’ਤੇ ਹੋਈ। ਪਹਿਲੀ ਇਕੱਤਰਤਾ ਸਮੇਂ ਹੀ ਸ਼੍ਰੋਮਣੀ ਕਮੇਟੀ ਦਾ ਵਿਧਾਨ ਬਣਾਉਣ ਲਈ ਇਕ ਸਬ-ਕਮੇਟੀ ਬਣਾਈ ਗਈ। ਤੀਹ ਅਪ੍ਰੈਲ, 1921 ਨੂੰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੀ ਰਜਿਸਟ੍ਰੇਸ਼ਨ ਕਰਵਾਈ ਗਈ।

ਚੁਣੀ ਹੋਈ ਕਮੇਟੀ ਵੱਲੋਂ ਦਰਬਾਰ ਸਾਹਿਬ ਤਰਨ ਤਾਰਨ ਦਾ ਪ੍ਰਬੰਧ ਲੈਣ ਲਈ ਮਹੰਤਾਂ ਨਾਲ ਗੱਲਬਾਤ ਚੱਲ ਰਹੀ ਸੀ ਤਾਂ ਪੁਜਾਰੀਆਂ ਨੇ ਗੋਲ਼ੀ ਚਲਾ ਦਿੱਤੀ ਜਿਸ ਵਿਚ ਭਾਈ ਹਜ਼ਾਰਾ ਸਿੰਘ ਸ਼ਹੀਦ ਹੋ ਗਏ, ਜੋ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਪਹਿਲੇ ਸ਼ਹੀਦ ਅਖਵਾਏ। ਵੀਹ ਫਰਵਰੀ, 1921 ਨੂੰ ਨਨਕਾਣਾ ਸਾਹਿਬ ਦਾ ਸਾਕਾ ਵਾਪਰ ਗਿਆ ਜਿਸ ਵਿਚ ਅਨੇਕਾਂ ਸਿੰਘ ਮਹੰਤ ਨਰੈਣ ਦਾਸ ਦੇ ਗੁੰਡਿਆਂ ਦੀਆਂ ਗੋਲ਼ੀਆਂ, ਗੰਡਾਸੀਆਂ ਤੇ ਡਾਂਗਾਂ ਦੇ ਸ਼ਿਕਾਰ ਹੋਏ। ਕੁਝ ਸਿੱਖਾਂ ਨੂੰ ਮਹੰਤ ਦੇ ਗੁੰਡਿਆਂ ਨੇ ਜੰਡ ਨਾਲ ਬੰਨ ਕੇ ਜਿਊਂਦੇ ਸਾੜ ਦਿੱਤਾ। ਇਸ ਦੁਖਦਾਈ ਘਟਨਾ ਪਿੱਛੋਂ 21 ਫਰਵਰੀ, 1921 ਨੂੰ ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਅਧੀਨ ਆਇਆ।

8 ਅਗਸਤ, 1921 ਨੂੰ ਗੁਰੂ ਕੇ ਬਾਗ, ਘੂਕੇ ਵਾਲੀ ਅੰਮ੍ਰਿਤਸਰ ਦਾ ਮਾਮਲਾ ਮੋਰਚੇ ਦਾ ਰੂਪ ਧਾਰਨ ਕਰ ਗਿਆ। ਚਾਬੀਆਂ ਦਾ ਮੋਰਚਾ, ਗੁਰਦੁਆਰਾ ਫੇਰੂ ਦਾ ਮੋਰਚਾ, ਜੈਤੋ ਦਾ ਮੋਰਚਾ, ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਦੀ ਕਹਾਣੀ ਰੂਪਮਾਨ ਕਰਦੇ ਹਨ। ਅਖੀਰ ਅੰਗਰੇਜ਼ ਸਾਮਰਾਜ ਨੂੰ ਸੰਗਠਿਤ ਸਿੱਖ ਸ਼ਕਤੀ ਅੱਗੇ ਗੋਡੇ ਟੇਕਣੇ ਪਏ। ਸੰਨ 1925 ’ਚ ਸਿੱਖ ਗੁਰਦੁਆਰਾ ਕਾਨੂੰਨ ਬਣ ਜਾਣ ਨਾਲ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵਿਸ਼ਵ ਦੀ ਪਹਿਲੀ ਲੋਕਤੰਤਰੀ ਢੰਗ ਨਾਲ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਕਰਨ ਵਾਲੀ ਸ਼੍ਰੋਮਣੀ ਸੰਸਥਾ ਬਣੀ।

14 ਦਸੰਬਰ, 1920 ਨੂੰ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਇਆ। ਅਕਾਲੀ ਲਹਿਰ ਨੇ ਗੁਰਦੁਆਰਾ ਚੋਣਾਂ ਵਿਚ ਪਹਿਲੀ ਵਾਰ ਸਿੱਖ ਬੀਬੀਆਂ ਨੂੰ ਵੋਟ ਦਾ ਅਧਿਕਾਰ ਦਿਵਾਇਆ। ਸ਼੍ਰੋਮਣੀ ਕਮੇਟੀ ਦੇ ਆਪਣੇ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੈਕਸ਼ਨ 85, ਸੈਕਸ਼ਨ 87, ਧਰਮ ਪ੍ਰਚਾਰ ਕਮੇਟੀ, ਸਿੱਖ ਇਤਿਹਾਸ ਰੀਸਰਚ ਬੋਰਡ, ਐਜੂਕੇਸ਼ਨ ਕਮੇਟੀ, ਟਰੱਸਟ ਵਿਭਾਗ ਆਦਿ ਵੱਖ-ਵੱਖ ਵਿੰਗ ਅਤੇ ਵਿਭਾਗ ਹਨ। ਸ਼੍ਰੋਮਣੀ ਕਮੇਟੀ ਅਧੀਨ ਸੈਕਸ਼ਨ 85 ’ਚ ਵੱਡੇ 85 ਇਤਿਹਾਸਕ ਗੁਰਦੁਆਰੇ ਆਉਂਦੇ ਹਨ ਅਤੇ ਸੈਕਸ਼ਨ 87 ਅਧੀਨ 639 ਛੋਟੇ ਇਤਿਹਾਸਕ ਗੁਰਦੁਆਰੇ ਸ਼ਾਮਲ ਹਨ ਜਿਸ ਵਿਚ ਚੁਣੀਆਂ ਕਮੇਟੀ, ਨਾਮਜ਼ਦ ਕਮੇਟੀ ਅਤੇ ਲੋਕਲ ਕਮੇਟੀਆਂ ਸ਼ਾਮਲ ਹਨ। ਸ਼੍ਰੋਮਣੀ ਕਮੇਟੀ ਨੇ ਸੌ ਸਾਲਾਂ ਵਿੱਚ 111 ਵਿੱਦਿਅਕ ਸੰਸਥਾਵਾਂ ਸਥਾਪਤ ਕੀਤੀਆਂ, ਜਿਨਾਂ ਵਿੱਚ 2 ਯੂਨੀਵਰਸਿਟੀਆਂ ਸਮੇਤ ਮੈਡੀਕਲ ਤੇ ਇੰਜਨੀਅਰਿੰਗ ਕਾਲਜ, ਡਿਗਰੀ ਕਾਲਜ ਅਤੇ ਸਕੂਲ ਸ਼ਾਮਲ ਹਨ।

**ਬਾਕੀ ਸਫ਼ਾ 28 ’ਤੇ**

# ਸ਼੍ਰੋਮਣੀ ਕਮੇਟੀ ਦੇ ਸੌ ਸਾਲ ਬਨਾਮ ਸਿੱਖ ਪੰਥ ਦੀ ਅਣਦੇਖੀ



**- ਬਘੇਲ ਸਿੰਘ ਧਾਲੀਵਾਲ**
**99142-58142**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ ਇੱਕ ਸਦੀ ਦਾ ਜੀਵਨ ਹੰਢਾ ਲਿਆ ਹੈ। ਇਸ ਇੱਕ ਸੌ ਸਾਲ ਦੇ ਵਿੱਚ ਸ਼੍ਰੋਮਣੀ ਕਮੇਟੀ ਨੇ ਬਹੁਤ ਉਤਰਾਅ ਚੜਾਅ ਦੇਖ ਲਏ ਹਨ। ਜੇਕਰ ਇਸ ਦੀ ਕਾਰਜਸ਼ੈਲੀ ਦੀ ਗੱਲ ਕੀਤੀ ਜਾਵੇ, ਤਾਂ ਇਹ ਗੱਲ ਪਹਿਲਾਂ ਵੀ ਬਹੁਤ ਵਾਰ ਲਿਖੀ ਜਾ ਚੁੱਕੀ ਹੈ ਕਿ ਸ਼੍ਰੋਮਣੀ ਕਮੇਟੀ ਜਿਸ ਕਾਰਜ ਲਈ ਬਣਾਈ ਗਈ ਸੀ , ਉਸ ਆਸ਼ੇ ਤੋਂ ਪਾਸਾ ਵੱਟ ਚੁੱਕੀ ਹੈ। ਜੇਕਰ ਇਹ ਕਿਹਾ ਜਾਵੇ ਕਿ ਆਪਣੇ ਮੁੱਢਲੇ ਸਾਲਾਂ ਨੂੰ ਛੱਡ ਕੇ ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਦੇ ਪ੍ਰਬੰਧ ਵੱਲ ਘੱਟ ਤੇ ਰਾਜਨੀਤਕ ਪ੍ਰਬੰਧਾਂ ਵਿੱਚ ਜ਼ਿਆਦਾ ਮਸਰੂਫ਼ ਰਹੀ ਹੈ ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ, ਕਿਉਂਕਿ ਸ਼੍ਰੋਮਣੀ ਕਮੇਟੀ ਅੰਦਰ ਜਿਸ ਤਰਾਂ ਪਰਿਵਾਰਵਾਦ ਭਾਰੂ ਹੈ ਤੇ ਜਿਸ ਤਰਾਂ ਕਮੇਟੀ ਦਾ ਸਿਆਸੀਕਰਨ ਕਰਕੇ ਉਸ ਨੂੰ ਨਿੱਜੀ ਸਿਆਸੀ ਮੁਫਾਦਾਂ ਲਈ ਵਰਤਿਆ ਜਾ ਰਿਹਾ ਹੈ, ਤੇ ਗੁਰੂ ਦੀ ਗੋਲਕ ਦਾ ਦੁਰਉਪਯੋਗ ਹੋ ਰਿਹਾ ਹੈ, ਇਹ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ ਤੋਂ ਬਿਲਕੁਲ ਉਲਟ ਵਰਤਾਰਾ ਹੈ, ਜਿਹੜਾ ਕਿਸੇ ਆਮ ਸਿੱਖ ਤੋਂ ਵੀ ਲੁਕਿਆ ਨਹੀਂ ਰਿਹਾ ਹੈ। ਭਾਵੇਂ ਸਿੱਖਾਂ ਨੇ ਗੁਰਦੁਆਰਾ ਪ੍ਰਬੰਧ ਨੂੰ ਮਹੰਤਾਂ ਤੋਂ ਅਜ਼ਾਦ ਕਰਵਾ ਕੇ ਸ਼੍ਰੋਮਣੀ ਕਮੇਟੀ ਦੀ ਹੋਂਦ ਕਾਇਮ ਕੀਤੀ ਸੀ, ਪਰ 1919 ਦੀ ਜਲਿਆਂਵਾਲੇ ਬਾਗ ਦੀ ਘਟਨਾ ਤੋਂ ਬਾਅਦ ਜਿਸ ਤਰਾਂ ਉਸ ਮੌਕੇ ਦੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਅੰਗਰੇਜ਼ ਜ਼ਾਲਮ ਅਫ਼ਸਰ ਜਨਰਲ ਡਾਇਰ ਨੂੰ ਸਨਮਾਨਿਆ, ਉਸ ਤੋਂ ਪ੍ਰਤੱਖ ਹੁੰਦਾ ਹੈ ਕਿ ਉਸ ਮੌਕੇ ਜਥੇਦਾਰ ਸਿੱਖਾਂ ਦੀ ਨੁਮਾਇੰਦਗੀ ਨਹੀਂ ਸੀ ਕਰਦਾ, ਬਲਕਿ ਸਮੇਂ ਦੀਆਂ ਤਾਕਤਾਂ ਦੀ ਵਫ਼ਾਦਾਰੀ ਨਿਭਾਅ ਰਿਹਾ ਸੀ। ਜੇ ਉਸ ਸਮੇਂ ਨੂੰ ਮੌਜੂਦਾ ਸਮੇਂ ਨਾਲ ਮੇਲ਼ ਕੇ ਦੇਖਿਆ ਜਾਵੇ ਤਾਂ ਕੁਝ ਵੀ ਫ਼ਰਕ ਨਜ਼ਰ ਨਹੀਂ ਆਉਂਦਾ, ਬਲਕਿ ਨਿਘਾਰ ਗਹਿਰਾ ਹੋਇਆ ਪ੍ਰਤੀਤ ਹੁੰਦਾ ਹੈ। ਜੂਨ, 1984 ਦੇ ਭਾਰਤੀ ਫ਼ੌਜ ਦੇ ਅਕਾਲ ਤਖ਼ਤ ਸਾਹਿਬ ’ਤੇ ਹਮਲੇ ਤੋ ਬਾਅਦ ਢਹਿ ਢੇਰੀ ਹੋਏ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਕੌਮ ਦੇ ਨਾਮ ਸੰਦੇਸ਼ ਜਾਰੀ ਕਰਕੇ ਹਕੂਮਤ ਦੇ ਅਧੀਨਗੀ ਦਾ ਅਹਿਸਾਸ ਕਰਵਾਉਂਦਿਆਂ ਇਹ ਸਪੱਸ਼ਟ ਸੁਨੇਹਾ ਸਿੱਖ ਕੌਮ ਨੂੰ ਦਿੱਤਾ ਸੀ ਕਿ ਜਿਵੇਂ ਹਕੂਮਤਾਂ ਦੇ ਰੰਗ ਬਦਲਣ ਤੋਂ ਸਿਵਾਏ ਹੋਰ ਕੁਝ ਨਹੀਂ ਬਦਲਿਆ, ਠੀਕ ਉਸੇ ਤਰਾਂ ਹੀ ਅਕਾਲ ਤਖ਼ਤ ਸਾਹਿਬ ਦੇ ਸੇਵਾਦਾਰਾਂ ਦੀ ਜ਼ਹਿਨੀਅਤ ਵਿੱਚੋਂ ਵੀ ਗ਼ੁਲਾਮੀ ਦਾ ਭੈਅ ਨਿਕਲ ਨਹੀਂ ਸਕਿਆ, ਜਿਸ ਕਰਕੇ ਅਕਾਲ ਤਖ਼ਤ ਸਾਹਿਬ ਤੇ ਸੇਵਾ ਨਿਭਾਉਣ ਵਾਲੇ ਸਿੱਖਾਂ ਦੀ ਸੋਚ ਅੰਗਰੇਜ਼ੀ ਰਾਜ ਦੇ ਸਮੇਂ ਨਾਲ ਮੇਲ਼ ਖਾਣੀ ਸੁਭਾਵਕ ਹੈ। ਸੋ ਜਥੇਦਾਰ ਅਰੂੜ ਸਿੰਘ ਤੋਂ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਨਿਯੁਕਤ ਕੀਤੇ ਜਾਂਦੇ ਰਹੇ ਜਥੇਦਾਰਾਂ ਸਮੇਤ ਮੌਜੂਦਾ ਜਥੇਦਾਰ ਤੱਕ ਦਾ ਕਿਰਦਾਰ ਸ਼ੱਕੀ ਹੈ, ਇਸ ਦਾ ਕਾਰਨ ਸਪਸ਼ਟ ਹੈ ਕਿ 1925 ਦਾ ਗੁਰਦੁਆਰਾ ਐਕਟ ਜਿੱਥੇ ਸਿੱਖਾਂ ਵਿੱਚ ਬਣਦਿਆਂ ਹੀ ਧੜੇਬੰਦੀ ਪੈਦਾ ਕਰ ਗਿਆ, ਓਥੇ ਸਿੱਖਾਂ ਦੇ ਗੁਰਦੁਆਰਾ ਪ੍ਰਬੰਧ ਨੂੰ ਮੁਕੰਮਲ ਅਤੇ ਸਦੀਵੀ ਤੌਰ ’ਤੇ ਦਿੱਲੀ ਦਾ ਗ਼ੁਲਾਮ ਬਣਾ ਗਿਆ। ਹੁਣ ਸਿੱਖ ਚਾਹ ਕੇ ਵੀ ਇਸ ਚੁੰਗਲ ਵਿਚੋਂ ਨਿਕਲ ਨਹੀਂ ਸਕਦੇ। ਜੇ ਇਹ ਕਿਹਾ ਜਾਵੇ ਕਿ ਅੰਗਰੇਜ਼ ਹਾਕਮ ਜਾਣ ਤੋਂ ਚਿਰੋਕਣਾ ਸਮਾਂ ਪਹਿਲਾਂ ਹੀ ਸਿੱਖਾਂ ਦੀ ਤਾਕਤ ਨੂੰ ਕਮਜ਼ੋਰ ਕਰਕੇ ਗੁਰਦੁਆਰਾ ਪ੍ਰਬੰਧ ਨੂੰ ਅਜ਼ਾਦ ਕਰਨ ਦੀ ਬਜਾਏ ਮੁਲਕ ਦੇ ਬਣਨ ਵਾਲੇ ਹਾਕਮਾਂ ਦੇ ਸਦੀਵੀ ਅਧੀਨ ਕਰ ਗਿਆ, ਤਾਂ ਕੁੱਝ ਗ਼ਲਤ ਨਹੀਂ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਦਾ ਚੋਣ ਸਿਸਟਮ ਕਦੇ ਵੀ ਸਿੱਖਾਂ ਨੂੰ ਇੱਕ ਨਹੀਂ ਹੋਣ ਦੇਵੇਗਾ, ਸਗੋਂ ਇਸ ਸਿਸਟਮ ਨੇ ਧੜੇਬੰਦੀਆਂ ਦੀ ਕਦੇ ਵੀ ਨਾ ਮਿਟਣ ਵਾਲੀ ਐਸੀ ਲਕੀਰ ਖਿੱਚ ਦਿੱਤੀ ਹੈ, ਜਿਹੜੀ ਹੁਣ ਲਕੀਰ ਤੋ ਭਿਆਨਕ ਦਰਾੜ ਬਣ ਚੁੱਕੀ ਹੈ। ਪ੍ਰੋਫੈਸਰ ਸਾਹਿਬ ਸਿੰਘ ਲਿਖਦੇ ਹਨ ਕਿ 9 ਜੁਲਾਈ, 1925 ਦੇ ਦਿਨ ਜਦੋਂ ਇਹ ਗੁਰਦੁਆਰਾ ਕਾਨੂੰਨ ਬਣਿਆ ਸੀ, ਉਸ ਦਿਨ ਹੀ ਧੜੇਬੰਦੀ ਪੈਦਾ ਹੋ ਗਈ ਸੀ। ਮਈ 1926 ਵਿੱਚ ਸਿੱਖਾਂ ਦੀ ਜਿਸ ਤਰਾਂ ਦੀ ਧੜੇਬੰਦੀ ਨੇ ਵਿਰਾਟ ਰੂਪ ਧਾਰ ਕੇ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਖ਼ੂਨ ਦੀ ਹੋਲੀ ਖੇਡੀ, ਉਹ ਸਿੱਖਾਂ ਲਈ ਬੇਹੱਦ ਨਿਰਾਸ਼ਾ ਵਾਲਾ ਕਾਰਨਾਮਾ ਸੀ, ਪਰ ਮੌਜੂਦਾ ਸਮੇਂ ਅੰਦਰ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਅਜਿਹੇ ਕਾਰਨਾਮੇ ਆਏ ਦਿਨ ਸਾਹਮਣੇ ਆ ਰਹੇ ਹਨ, ਜਿਸ ਤੇ ਅਫ਼ਸੋਸ ਹੀ ਪ੍ਰਗਟ ਕੀਤਾ ਜਾ ਸਕਦਾ ਹੈ। ਗੱਲ ਇੱਥੇ ਹੀ ਖ਼ਤਮ ਨਹੀਂ ਹੁੰਦੀ ਅਤੇ ਨਾ ਹੀ ਚੋਣ ਸਿਸਟਮ ਨਾਲ ਪੈਦਾ ਹੋਈ ਧੜੇਬੰਦੀ ਤੱਕ ਹੀ ਸੀਮਤ ਹੈ, ਸਗੋਂ ਸਿੱਖ ਦੁਸ਼ਮਣ ਤਾਕਤਾਂ ਦੀ ਗੁਰਦੁਆਰਾ ਪ੍ਰਬੰਧ ਅੰਦਰ ਹੋਰ ਵੀ ਖ਼ਤਰਨਾਕ ਹੱਦ ਤੱਕ ਦਖ਼ਲਅੰਦਾਜ਼ੀ ਘਰ ਕਰ ਚੁੱਕੀ ਹੈ, ਜਿਸ ਨੂੰ ਦੂਰ ਕਰਨ ਲਈ ਨਾ ਹੀ ਸਿੱਖ ਸੁਹਿਰਦਤਾ ਨਾਲ ਸੋਚਦੇ ਹਨ ਅਤੇ ਨਾ ਹੀ ਇੱਕ ਪਲੇਟਫ਼ਾਰਮ ਤੇ ਇਕੱਠੇ ਹੁੰਦੇ ਦਿਖਾਈ ਦਿੰਦੇ ਹਨ। ਗੁਰਦੁਆਰਾ ਪ੍ਰਬੰਧ ਵਿੱਚ ਆਏ ਨਿਘਾਰ ਨੂੰ ਖ਼ਤਮ ਕਰਨ ਲਈ ਸਿੱਖਾਂ ਨੂੰ ਉਹ ਹੀ ਚੋਣ ਪ੍ਰਕਿਰਿਆ ਵਿੱਚੋਂ ਲੰਘਣਾ ਪਵੇਗਾ, ਜਿਹੜੀ ਸਿੱਖਾਂ ਨੂੰ ਆਪਣੇ ਅੰਦਰੂਨੀ ਧਾਰਮਿਕ ਮਸਲਿਆਂ ਵਿੱਚ ਦਖ਼ਲਅੰਦਾਜ਼ੀ ਨਾਲ ਮਾਨਸਿਕ ਗ਼ੁਲਾਮੀ ਦਾ ਅਹਿਸਾਸ ਕਰਵਾਉਂਦੀ ਹੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਦੇ ਵੀ ਸਿੱਖਾਂ ਦੀ ਮਰਜ਼ੀ ਨਾਲ ਨਹੀਂ, ਬਲਕਿ ਕੇਂਦਰ ਦੀ ਮਰਜ਼ੀ ਨਾਲ ਹੁੰਦੀਆਂ ਹਨ ਤੇ ਫਿਰ ਕੇਂਦਰ ਦੀ ਮਰਜ਼ੀ ਨਾਲ ਹੋਈਆਂ ਚੋਣਾਂ ਵਿੱਚ ਸਿੱਖ ਕਮੇਟੀ ਆਪਣੀ ਮਰਜ਼ੀ ਦੀ ਤਾਂ ਹੀ ਚੁਣ ਸਕਦੇ ਹਨ, ਜੇਕਰ ਪੰਥਕ ਏਕਤਾ ਹੋਵੇ, ਜਿਹੜੀ ਪਿੱਛੇ ਝਾਤ ਮਾਰਦਿਆਂ ਅਤੇ ਮੌਜੂਦਾ ਹਾਲਤਾਂ ਨੂੰ ਦੇਖਦਿਆਂ ਸੰਭਵ ਨਹੀਂ ਜਾਪਦੀ। ਜਿਸ ਤਰਾਂ ਪੰਜਾਬ ਦੀ ਸਰਕਾਰ ਬਣਨ ਲਈ ਕੇਂਦਰ ਦੀ ਸਹਿਮਤੀ ਜ਼ਰੂਰੀ ਹੈ, ਠੀਕ ਉਸ ਤਰਾਂ ਹੀ ਸ਼੍ਰੋਮਣੀ ਕਮੇਟੀ ਵਿੱਚ ਵੀ ਉਹ ਲੋਕ ਹੀ ਜਿੱਤ ਕੇ ਕਾਬਜ਼ ਹੋ ਜਾਂਦੇ ਹਨ, ਜਿਹੜੇ ਚੋਣਾਂ ਤੋ ਪਹਿਲਾਂ ਕੇਂਦਰ ਦੀ ਵਫ਼ਾਦਾਰੀ ਦੀ ਕਸਮ ਚੁੱਕਦੇ ਹਨ। ਸ਼੍ਰੋਮਣੀ ਕਮੇਟੀ ਦੇ ਸੌ ਸਾਲਾ ਇਤਿਹਾਸ ਵਿੱਚ ਮੁੱਢਲੇ ਸਾਲਾਂ ਨੂੰ ਛੱਡ ਕੇ ਇਹ ਕਿਧਰੇ ਵੀ ਦਿਖਾਈ ਨਹੀਂ ਦਿੰਦਾ, ਜਿੱਥੇ ਗੁਰਦੁਆਰਾ ਪ੍ਰਬੰਧਕ ਕਮੇਟੀ ਨਿਡਰਤਾ ਨਾਲ ਸਿੱਖੀ ਸਿਧਾਂਤਾਂ ਤੇ ਪਹਿਰਾ ਦੇ ਰਹੀ ਹੋਵੇ, ਬਲਕਿ ਇਹ ਵਾਰ ਵਾਰ ਦੇਖਣ ਨੂੰ ਮਿਲਦਾ ਹੈ ਕਿ ਵਿਰੋਧੀ ਤਾਕਤਾਂ ਦੇ ਇਸ਼ਾਰਿਆਂ ’ਤੇ ਸ਼੍ਰੋਮਣੀ ਕਮੇਟੀ ’ਤੇ ਕਾਬਜ਼ ਲੋਕ ਖ਼ੁਦ ਹੀ ਸਿੱਖੀ ਸਿਧਾਂਤਾਂ ਦਾ ਸ਼ਰੇਆਮ ਇਸ ਤਰਾਂ ਘਾਣ ਕਰਦੇ ਹਨ, ਜਿਵੇਂ ਉਹ ਸਿੱਖ ਨਹੀਂ, ਸਗੋਂ ਮਸੰਦਾਂ, ਮਹੰਤਾਂ ਦੇ ਪੀੜੀ ਦਰ ਪੀੜੀ ਚੱਲੇ ਆ ਰਹੇ ਵਾਰਸ ਹੋਣ। ਇਹ ਵੀ ਸੱਚ ਹੈ ਕਿ ਜਦੋਂ ਸਿੱਖ ਇਸ ਸਿਸਟਮ ਵਿੱਚ ਫਸ ਹੀ ਚੁੱਕੇ ਹਨ, ਤਾਂ ਇਲਾਜ ਵੀ ਇਸ ਦੇ ਵਿੱਚ ਰਹਿ ਕੇ ਹੀ ਕੀਤਾ ਜਾ ਸਕਦਾ ਹੈ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਇਲਾਜ ਕਰਨ ਦੀ ਦੁਹਾਈ ਦੇਣ ਵਾਲੇ ਖ਼ੁਦ ਹੀ ਹਉਮੈ ਦੇ ਮਰੀਜ਼ ਹੋ ਕੇ ਕਈ ਦਰਜਨਾਂ ਧੜਿਆਂ ਵਿੱਚ ਇਸ ਕਦਰ ਵੰਡੇ ਹੋਏ ਹਨ, ਕਿ ਉਹ ਆਪਸੀ ਏਕਤਾ ਕਰਨ ਨਾਲੋਂ ਹਾਰ ਜਾਣਾ ਪਸੰਦ ਕਰਦੇ ਹਨ ਅਤੇ ਦੁਸ਼ਮਣ ਤਾਕਤਾਂ ਨੂੰ ਮਾਤ ਦੇਣ ਦੀ ਬਜਾਏ ਇੱਕ ਦੂਸਰੇ ਨੂੰ ਮਾਤ ਦੇਣ ਤੇ ਸਾਰੀ ਤਾਕਤ ਝੋਕ ਦੇਣ ਵਿੱਚ ਮਾਣ ਮਹਿਸੂਸ ਕਰਦੇ ਹਨ, ਜਿਸ ਕਰਕੇ ਵਾਰ ਵਾਰ ਉਨਾਂ ਹੱਥਾਂ ਵਿੱਚ ਹੀ ਗੁਰਦੁਆਰਾ ਪ੍ਰਬੰਧ ਦੀ ਤਾਕਤ ਮਹਿਫ਼ੂਜ਼ ਰਹਿ ਜਾਂਦੀ ਹੈ, ਜਿਹੜੇ ਸਿੱਖ ਦੁਸ਼ਮਣ ਤਾਕਤਾਂ ਦੇ ਹੱਥਾਂ ਵਿਚ ਖੇਡ ਕੇ ਸਿੱਖੀ ਨੂੰ ਖੋਰਾ ਲਾਉਣ ਦੇ ਜ਼ਿੰਮੇਵਾਰ ਹੀ ਨਹੀਂ, ਸਗੋਂ ਬੱਜਰ ਗੁਨਾਹਗਾਰ ਹਨ। ਪੰਥਕ ਧਿਰਾਂ ਦਾ ਲੰਮੇ ਸਮੇਂ ਤੋਂ ਇਹ ਵਰਤਾਰਾ ਆਮ ਸਿੱਖਾਂ ਨੂੰ ਨਿਰਾਸ਼ ਕਰਦਾ ਆ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਸੌ ਸਾਲ ਪੂਰੇ ਹੋਣ ਤੇ ਇਹ ਸੋਚਣਾ ਸਿੱਖਾਂ ਦਾ ਇਖ਼ਲਾਕੀ ਫ਼ਰਜ਼ ਬਣਦਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੇ ਹੁਣ ਤੱਕ ਦੇ ਕਾਰਜਕਾਲ ਵਿਚ ਆਪਣੇ ਫ਼ਰਜ਼ਾਂ ਪ੍ਰਤੀ ਕਿੰਨੀ ਕੁ ਸੰਜੀਦਾ ਰਹੀ ਹੈ। ਜਦੋਂ ਧਨਾਢ ਸਿੱਖ ਆਗੂਆਂ ਦੇ ਦਲਾਂ ਦੀ ਦਲਦਲ ਵਿਚੋਂ ਨਿਕਲ ਕੇ ਸਿੱਖ ਖ਼ੁਦ ਸੌ ਸਾਲਾਂ ਦਾ ਲੇਖਾ ਜੋਖਾ ਕਰਨ ਦੀ ਸਮਝ ਪੈਦਾ ਕਰ ਲੈਣਗੇ ਤਾਂ ਇਸ ਮਹਾਨ ਸੰਸਥਾ ਤੇ ਕਾਬਜ਼ ਲੋਕਾਂ ਵੱਲੋਂ ਆਪਣੀਆਂ ਚੌਧਰਾਂ ਖ਼ਾਤਰ ਸਿੱਖੀ ਸਿਧਾਂਤਾਂ ਪ੍ਰਤੀ ਅਪਣਾਈ ਗੈਰ ਸੰਜੀਦਾ ਪਹੁੰਚ ਦੀ ਸਜ਼ਾ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚੋਂ ਬਾਹਰ ਕਰਕੇ ਦੇ ਸਕਣ ਦੇ ਸਮਰੱਥ ਵੀ ਹੋ ਜਾਣਗੇ, ਪ੍ਰੰਤੂ ਉਹਦੇ ਲਈ ਰਵਾਇਤੀ ਆਗੂਆਂ ਦਾ ਖਹਿੜਾ ਛੱਡ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ ਸਿੱਖਾਂ ਨੂੰ ਜਥੇਬੰਦ ਹੋਣਾ ਪਵੇਗਾ, ਫਿਰ ਹੀ ਇਸ ਮਹਾਨ ਸੰਸਥਾ ਦੀਆਂ ਸੌ ਸਾਲਾ ਸ਼ਤਾਬਦੀਆਂ ਮਨਾਉਣਾ ਸਾਰਥਕ ਸਿੱਧ ਹੋ ਸਕਣਗੀਆਂ।

# ਕੀ ਮੌਜੂਦਾ ਮੋਰਚੇ ਸਫਲ ਹੋਣਗੇ ?

**- ਅਵਤਾਰ ਸਿੰਘ**

ਲਗਭਗ ਇੱਕ ਮਹੀਨੇ ਤੋਂ ਪੰਜਾਬ ਵਿੱਚ ਮੋਰਚੇ ਲੱਗੇ ਹੋਏ ਹਨ। ਗੱਲ ਤਾਂ ਕਿਸਾਨੀ ਨੂੰ ਅਮੀਰ ਵਪਾਰੀਆਂ ਦੇ ਅਧੀਨ ਕਰਨ ਵਾਲੇ ਨਵੇਂ ਕਨੂੰਨਾਂ ਤੋਂ ਸ਼ੁਰੂ ਹੋਈ ਸੀ ਪਰ ਵਧਦੀ-ਵਧਦੀ ਹੁਣ ਇਹ ਪੰਜਾਬ ਦੇ ਸਿਆਸੀ ਹੱਕਾਂ ਹਿੱਤਾਂ ਜਾਂ ਕਹਿ ਲਵੋ ਕਿ ਖ਼ੁਦਮੁਖ਼ਤਾਰੀ ਵਾਲੇ ਪਾਸੇ ਚੱਲਣ ਲੱਗੀ ਹੈ। ਬੇਸ਼ੱਕ ਹਾਲ ਦੀ ਘੜੀ ਖ਼ੁਦਮੁਖ਼ਤਾਰੀ ਵਾਲੇ ਪਾਸੇ ਵੱਡੀ ਸਰਗਰਮੀ ਆਰੰਭ ਨਹੀਂ ਹੋਈ ਪਰ ਇਸ ਸਬੰਧੀ ਬਹੁਤ ਸਾਰੀਆਂ ਥਾਵਾਂ 'ਤੇ ਗੱਲ ਸ਼ੁਰੂ ਹੋ ਗਈ ਹੈ। ਗੱਲ ਦਾ ਸ਼ੁਰੂ ਹੋਣਾ ਵੀ ਅਸੀਂ ਸਮਝਦੇ ਹਾਂ ਕਿ ਇੱਕ ਪ੍ਰਾਪਤੀ ਹੈ ਕਿਉਂਕਿ ਸਰਗਰਮੀ ਤੋਂ ਪਹਿਲਾਂ ਨਿਸ਼ਾਨੇ ਬਾਰੇ ਨਿੱਠ ਕੇ ਵਿਚਾਰ ਹੋਣਾ ਚਾਹੀਦਾ ਹੈ। ਵਿਚਾਰ ਖ਼ੁਦਮੁਖ਼ਤਾਰੀ ਬਾਰੇ, ਜਜ਼ਬੇ ਅਤੇ ਚੇਤਨਾ ਦੇ ਪੈਦਾ ਹੋਣ ਤੋਂ ਬਿਨਾ ਨਹੀਂ ਹੋਵੇਗਾ। ਕਿਸਾਨੀ ਮੋਰਚੇ ਦਾ ਇੱਕ ਸਕਾਰਾਤਮਕ ਪਹਿਲੂ ਇਹੋ ਹੀ ਹੈ ਕਿ ਇਸ ਨੇ ਪੰਜਾਬ ਵਿੱਚ ਸਿਆਸੀ ਖ਼ੁਦਮੁਖ਼ਤਾਰੀ ਦੀ ਤਰੰਗ ਛੇੜ ਦਿੱਤੀ ਹੈ। ਹੁਣ ਜਦੋਂ ਇੱਕ ਮਹੀਨੇ ਤੋਂ ਵੱਧ ਹੋ ਗਿਆ ਹੈ ਮੋਰਚੇ ਲੱਗਿਆਂ ਨੂੰ ਤਾਂ ਬਹੁਤ ਸਾਰੇ ਸੁਹਿਰਦ ਵੀਰ ਅਕਸਰ ਇਹ ਪੁੱਛ ਲੈਂਦੇ ਹਨ ਕਿ ਕੀ ਮੋਰਚੇ ਸਫਲ ਹੋਣਗੇ ? ਇਨਾਂ ਨਾਲ ਸਾਨੂੰ ਕੁਝ ਮਿਲੂ ?

ਸਵਾਲ ਉਨਾਂ ਦਾ ਜਾਇਜ਼ ਹੈ ਪਰ ਜਵਾਬ ਏਨਾ ਸੌਖਾ ਨਹੀਂ ਹੈ। ਅਸੀਂ ਉਨਾਂ ਸ਼ਹੀਦਾਂ ਦੇ ਵਾਰਸ ਹਾਂ ਜਿਨਾਂ ਨੇ ਹੱਕ ਹਾਸਲ ਕਰਨ ਲਈ 75 ਸਾਲ ਲਗਾਤਾਰ ਘੋੜਿਆਂ ਦੀਆਂ ਕਾਠੀਆਂ ਉੱਤੇ ਗੁਜ਼ਾਰੇ। ਸਿਰਫ਼ ਮੋਰਚਾ ਲਗਾ ਕੇ ਇੱਕ ਮਹੀਨੇ ਬਾਅਦ ਇਹ ਪੁੱਛਣ ਬਹਿ ਜਾਣਾ ਕਿ ਕੁਝ ਮਿਲੂ ਇਹ ਸਵਾਲ ਸਾਡੇ ਵਿਰੋਧੀ ਦੀ ਵਰਤਮਾਨ ਸ਼ਕਤੀ, ਨੀਅਤ ਅਤੇ ਰਾਜਨੀਤੀ ਦੇ ਸਾਹਮਣੇ ਕਾਫ਼ੀ ਛੋਟਾ ਹੈ। ਮੋਰਚੇ ਹਮੇਸ਼ਾ ਬੁਲੰਦ ਕਿਰਦਾਰ ਅਤੇ ਉੱਚੀਆਂ ਇਖ਼ਲਾਕੀ ਕਦਰਾਂ ਕੀਮਤਾਂ ਨਾਲ ਜਿੱਤੇ ਜਾਂਦੇ ਹਨ। ਬੁਲੰਦ ਇਖ਼ਲਾਕ ਕਦੇ ਵੀ ਧਰਮੀ ਹੋਣ ਤੋਂ ਬਿਨਾ ਪੈਦਾ ਨਹੀਂ ਹੁੰਦਾ। ਜਿਹੜੇ 75 ਸਾਲ ਘੋੜਿਆਂ ਦੀਆਂ ਕਾਠੀਆਂ 'ਤੇ ਜ਼ਿੰਦਗੀ ਬਤੀਤ ਕਰਦੇ ਰਹੇ ਉਹ ਰੂਹਾਨੀਅਤ ਦੀਆਂ ਉੱਤਮ ਮੰਜ਼ਲਾਂ ਦੇ ਰਾਹੀ ਸਨ। ਗੰਦੀ ਸਿਆਸਤ ਦੀ ਮੈਲ ਨੇ ਉਨਾਂ ਦੇ ਕਿਰਦਾਰ ਨੂੰ ਪਲੀਤ ਨਹੀਂ ਸੀ ਕੀਤਾ। ਉਹ ਸਿਰਫ਼ ਤੇ ਸਿਰਫ਼ ਰਾਜਨੀਤਕ ਨਹੀਂ ਸਨ। ਉਹ ਧਾਰਮਿਕ ਪੁਰਸ਼ ਸਨ। ਅਜਿਹੇ ਧਾਰਮਿਕ ਪੁਰਸ਼ ਜਦੋਂ ਬਘੇਲ ਸਿੰਘ ਬਣਕੇ , ਹੱਥ ਵਿੱਚ ਤਲਵਾਰ ਲੈ ਕੇ ਲਾਲ ਕਿਲੇ ਦੇ ਅੱਗਿਓਂ ਲੰਘਦੇ ਹਨ ਤਾਂ ਲਾਲ ਕਿਲਾ ਵੀ ਉਨਾਂ ਨੂੰ ਝੁਕ ਕੇ ਸਲਾਮ ਕਰਦਾ ਹੈ। ਇਹ ਇਤਿਹਾਸ ਨੇ ਦੇਖਿਆ ਹੈ । ਭਾਈ ਬਘੇਲ ਸਿੰਘ ਅਤੇ ਉਨਾਂ ਦੇ ਸਾਥੀ ਸਿੰਘ ਸਿਰਫ਼ ਯੋਧੇ ਹੀ ਨਹੀਂ ਸਨ ਬਲਕਿ ਉੱਤਮ ਦਰਜੇ ਦੇ ਸੰਤ ਸਨ। ਅੱਜ ਸਾਡੀ ਕੌਮ ਦਾ ਵੱਡਾ ਹਿੱਸਾ ਅਜਿਹਾ ਰਾਜਨੀਤੀਵਾਨ ਬਣਿਆ ਹੋਇਆ ਹੈ ਜਿਸ ਕੋਲ ਉੱਤਮ ਰਾਜਨੀਤੀਵਾਨਾਂ ਵਾਲਾ ਨਾ ਤਾਂ ਸੰਜਮ ਹੈ, ਨਾ ਪ੍ਰੌੜਤਾ, ਨਾ ਗਹਿਰਾਈ ਅਤੇ ਨਾ ਹੀ ਸਹਿਜ। ਸਾਡੇ ਲਈ ਅੱਜ ਵੀ ਸੁਖਬੀਰ ਸਿੰਘ ਬਾਦਲ ਅਤੇ ਰਵਨੀਤ ਬਿੱਟੂ ਵਰਗੇ ਲੋਕ ਮਾਡਲ ਬਣੇ ਹੋਏ ਹਨ। ਸਿੱਖ ਕੌਮ ਦੀ ਮੁਕਤੀ ਸੁਖਬੀਰ ਜਾਂ ਰਵਨੀਤ ਵਾਲੇ ਸਿਆਸੀ ਮਾਡਲ ਰਾਹੀਂ ਸੰਭਵ ਨਹੀਂ ਹੈ। ਉਹ ਭਾਈ ਬਘੇਲ ਸਿੰਘ ਵਾਲੇ ਮਾਡਲ ਰਾਹੀਂ ਹੀ ਸੰਭਵ ਹੋ ਸਕੇਗੀ। ਅੱਜ ਜੇ ਕੌਮ ਦਾ ਵੱਡਾ ਹਿੱਸਾ ਸੁਖਬੀਰ ਸਿੰਘ ਬਾਦਲ ਵਾਲੇ ਰਸਤੇ 'ਤੇ ਚੱਲਕੇ ਛੇਤੀ ਨਾਲ ਕੌਮ ਦੀ ਮੁਕਤੀ ਦੀ ਇੱਛਾ ਕਰ ਰਿਹਾ ਹੈ ਤਾਂ ਉਹ ਨਾ ਮੋਰਚੇ ਚਲਾ ਸਕਦਾ ਹੈ ਅਤੇ ਨਾ ਹੀ ਜਿੱਤ ਸਕਦਾ ਹੈ। ਜੇ ਕੌਮ ਅਕਾਲੀ ਦਲ ਜਾਂ ਕਾਂਗਰਸ ਦੀ ਰਾਜਨੀਤੀ ਦੇ ਮਾਡਲ ਰਾਹੀਂ ਕੁਝ ਪ੍ਰਾਪਤ ਕਰਨ ਦੀ ਇੱਛਾ ਕਰ ਰਹੀ ਹੈ ਤਾਂ ਇਸ ਵਿੱਚ ਕੌਮ ਦੇ ਧਾਰਮਿਕ ਰਹਿਬਰਾਂ ਦਾ ਵੱਡਾ ਕਸੂਰ ਹੈ।

ਸਿੱਖਾਂ ਦਾ ਮਸਲਾ ਏਨਾ ਰਾਜਨੀਤਕ ਨਹੀਂ ਹੈ ਜਿੰਨਾ ਧਾਰਮਿਕ ਹੈ। ਬਹੁਤ ਲੰਬੇ ਸਮੇਂ ਤੋਂ ਸਾਡੀਆਂ ਜ਼ਿੰਮੇਵਾਰ ਧਾਰਮਿਕ ਸੰਸਥਾਵਾਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਚੁੱਕੀਆਂ ਹਨ। ਉਨਾਂ ਨੇ ਮਾਨਸਿਕ ਤੌਰ 'ਤੇ ਬੇਜਾਰ ਹੋਈ ਕੌਮ ਦੀਆਂ ਰਗਾਂ ਵਿੱਚ ਜੀਵਨ ਦਾ ਰਾਗ ਛੇੜਨ ਲਈ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ। ਜੇ ਕੌਮ ਧਾਰਮਿਕ ਤੌਰ ਤੇ ਆਪਣੇ ਗੁਰੂ-ਪੈਗ਼ੰਬਰਾਂ ਦੀ ਚਰਨ ਛੋਹ ਨਾਲ ਓਤ-ਪੋਤ ਹੁੰਦੀ ਤਾਂ ਪੰਜਾਬ ਵਿੱਚ ਕਦੇ ਅਕਾਲੀ ਅਤੇ ਕਦੇ ਕਾਂਗਰਸ ਦੀ ਖੇਡ ਨਾ ਚਲਦੀ। ਜੇ ਪ੍ਰਕਾਸ਼ ਸਿੰਘ ਬਾਦਲ ਜਾਂ ਕੈਪਟਨ ਅਮਰਿੰਦਰ ਸਿੰਘ ਵਰਗੇ ਲੋਕ ਅੱਜ ਪੰਜਾਬ ਦੇ ਹਾਕਮ ਬਣੇ ਹੋਏ ਹਨ ਤਾਂ ਇਸਦਾ ਅਸਲ ਕਾਰਨ ਇਹ ਹੈ ਕਿ ਸਿੱਖ ਕੌਮ ਦਾ ਵੱਡਾ ਹਿੱਸਾ ਧਾਰਮਿਕ ਤੌਰ ਤੇ ਨਿਤਾਣਾ ਹੋ ਗਿਆ ਹੈ। ਗੁਰੂ ਸਾਹਿਬ ਨਾਲ ਸਾਡਾ ਰਿਸ਼ਤਾ ਉਹ ਨਹੀਂ ਰਹਿ ਗਿਆ ਜੋ 75 ਸਾਲ ਘੋੜਿਆਂ ਦੀਆਂ ਕਾਠੀਆਂ 'ਤੇ ਲੜਨ ਵਾਲੇ ਸੰਤ-ਸਿਪਾਹੀਆਂ ਦਾ ਸੀ।

ਫਿਰ ਅਜਿਹੇ ਸੰਤ ਸਿਪਾਹੀ ਹੀ ਲਾਲ ਕਿਲੇ ਨੂੰ ਝੁਕਣ ਲਈ ਮਜਬੂਰ ਕਰ ਸਕਦੇ ਹਨ ਅਤੇ ਅਜਿਹੇ ਸੰਤ ਸਿਪਾਹੀ ਹੀ ਨਵਾਬੀਆਂ ਠੁਕਰਾ ਸਕਦੇ ਹਨ। ਅਸੀਂ ਤਾਂ ਹਰ ਪਲ ਨਵਾਬੀਆਂ ਦੇ ਪਿੱਛੇ ਤਰਲੇ ਕੱਢਦੇ ਫਿਰਦੇ ਹਾਂ। ਦੁਸ਼ਮਣ ਨੂੰ ਇਸ ਦਾ ਖ਼ੂਬ ਗਿਆਨ ਹੈ।

ਸੋ ਮੋਰਚੇ ਜੇ ਜਿੱਤਣੇ ਹਨ ਤਾਂ ਗੁਰੂ ਦੀ ਲਿਵ ਨਾਲ ਜੁੜ ਕੇ ਸੰਤ ਅਤੇ ਸਿਪਾਹੀ ਬਣਨਾ ਹੋਵੇਗਾ। ਬੁਲੰਦ ਕਿਰਦਾਰ ਵਾਲੇ ਹੀ ਮੋਰਚੇ ਜਿੱਤ ਸਕਦੇ ਹਨ। ਹਾਂ ਇੱਕ ਗੱਲ ਪੱਕੀ ਹੈ ਕਿ ਗੁਰੂ ਸਾਹਿਬ ਦੀ ਬਖਸ਼ਿਸ਼ ਸਦਕਾ, ਚੱਕਰਵਰਤੀ ਰਾਜਾ ਬਣਨ ਲਈ ਨਰਿੰਦਰ ਮੋਦੀ ਨੇ ਜਿਹੜਾ ਘੋੜਾ ਭਾਰਤ ਵਿੱਚ ਖੁੱਲਾ ਛੱਡਿਆ ਹੈ ਉਸ ਦੀ ਲਗਾਮ ਜੇ ਕੋਈ ਥੰਮ ਸਕਦਾ ਹੈ ਉਹ ਗੁਰੂ ਨਾਨਕ ਨਾਮ ਲੇਵਾ ਹੀ ਹੈ।

# ਪੰਜਾਬ ਦੇ ਕਿਸਾਨਾਂ ਲਈ ਸਰਕਾਰ ਨਾਲ ਗੱਲਬਾਤ ਤੋਂ ਬਾਅਦ ਅਗਲਾ ਰਾਹ ਕੀ ਬਚਦਾ...

**- ਅੰਮ੍ਰਿਤਸਰ ਟਾਈਮਜ਼ ਬਿਊਰੋ**

ਭਾਰਤ ਦੇ ਕਿਸਾਨੀ ਵਿਰੋਧੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰ ਰਹੇ ਪੰਜਾਬ ਦੇ ਕਿਸਾਨਾਂ ਦਾ ਇਕ ਵੱਡਾ ਵਫ਼ਦ ਭਾਰਤ ਸਰਕਾਰ ਦੇ ਅਹਿਲਕਾਰਾਂ (ਮੰਤਰੀਆਂ) ਨਾਲ ਮੁਲਾਕਾਤ ਕਰਕੇ ਪੰਜਾਬ ਪਰਤਿਆ ਹੈ। ਦੋਵੇਂ ਧਿਰਾਂ ਕਹਿ ਰਹੀਆਂ ਹਨ ਕਿ ਮੁਲਾਕਾਤ ਕਾਫ਼ੀ ਸੁਖਾਵੇਂ ਮਾਹੌਲ ਵਿਚ ਹੋਈ ਪਰ ਮੁਲਾਕਾਤ ਵਿਚੋਂ ਕੱਢਣ-ਪਾਉਣ ਨੂੰ ਕੁੱਝ ਨਹੀਂ ਨਿਕਲਿਆ। ਦੋਵੇਂ ਧਿਰਾਂ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਦਿੱਲੀ ਵਿਚ ਹੋਈ ਪਹਿਲੀ ਮੁਲਾਕਾਤ ਤੋਂ ਬਾਅਦ ਬਣਿਆ ਤਲਖ਼ੀ ਵਾਲਾ ਮਾਹੌਲ ਘਟਿਆ ਹੈ ਅਤੇ ਗੱਲਬਾਤ ਦੀ ਗੱਡੀ ਲੀਹ 'ਤੇ ਚੜ ਗਈ ਹੈ। ਇਸ ਦੇ ਚਲਦਿਆਂ ਅਗਲੇ ਦਿਨਾਂ ਬਿਵਚ ਹੋਰ ਬੈਠਕਾਂ ਹੋਣ ਦੀ ਸੰਭਾਵਨਾ ਬਣ ਗਈ ਹੈ।

ਇਸ ਬੈਠਕ ਵਿਚ ਕਿਸ ਦਾ ਪਾਸਾ ਭਾਰੀ ਰਿਹਾ ਦਿੱਲੀ ਵਿਚ ਭਾਰਤ ਦੇ ਖੇਤੀ ਮੰਤਰੀ ਨਰਿੰਦਰ ਤੋਮਰ ਅਤੇ ਰੇਲ ਮੰਤਰੀ ਪਿਯੂਸ਼ ਗੋਇਲ ਨਾਲ ਕਿਸਾਨ ਆਗੂਆਂ ਦੀ ਮੁਲਾਕਾਤ ੯ ਘੰਟੇ ਤਕ ਚੱਲਦੀ ਰਹੀ। ਇਸ ਮੁਲਾਕਾਤ ਦੌਰਾਨ ਜਿੱਥੇ ਸਰਕਾਰ ਕਿਸਾਨ ਆਗੂਆਂ ਨੂੰ ਇਹ ਜਤਾਉਣ ਦੀ ਕੋਸ਼ਿਸ਼ ਕਰਦੀ ਰਹੀ ਕਿ ਮੋਦੀ ਸਰਕਾਰ ਹਰ ਕਦਮ ਕਿਸਾਨਾਂ ਦੇ ਭਲੇ ਲਈ ਚੁੱਕ ਰਹੀ ਹੈ ਅਤੇ ਇਹ ਕਾਨੂੰਨ ਵੀ ਕਿਸਾਨਾਂ ਦੇ ਭਲੇ ਵਾਸਤੇ ਹੀ ਬਣਾਏ ਗਏ ਹਨ, ਤਾਂ ਦੂਜੇ ਪਾਸੇ ਕਿਸਾਨ ਆਗੂਆਂ ਨੇ ਸਰਕਾਰ ਦੇ ਅਹਿਲਕਾਰਾਂ ਨੂੰ ਸਪਸ਼ਟ ਕਿਹਾ ਕਿ ਇਹ ਕਾਨੂੰਨ ਕਿਸਾਨ ਮਾਰੂ ਹਨ ਅਤੇ ਇਹਨਾਂ ਨੂੰ ਵਾਪਸ ਲੈ ਕੇ ਹੀ ਗੱਲ ਅੱਗੇ ਤੁਰ ਸਕਦੀ ਹੈ। ਕਿਸਾਨ ਆਗੂਆਂ ਨੇ ਇਹ ਵੀ ਮੰਗ ਰੱਖੀ ਕਿ ਫ਼ਸਲਾਂ 'ਤੇ ਮਿਲਦੇ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਨੂੰ ਕਾਨੂੰਨੀ ਘੇਰੇ ਵਿਚ ਲਿਆਂਦਾ ਜਾਵੇ।

ਦੋਵੇਂ ਧਿਰਾਂ ਆਪਣੀਆਂ ਇਹਨਾਂ ਦਲੀਲਾਂ 'ਤੇ ਅੜੀਆਂ ਰਹੀਆਂ ਤੇ ਇਹਨਾਂ ਮਸਲਿਆਂ ਬਾਰੇ ਕੋਈ ਵੀ ਸਹਿਮਤੀ ਬਣਦੀ ਨਜ਼ਰ ਨਹੀਂ ਆਈ। ਸਰਕਾਰ ਨੇ ਇਸ ਬੈਠਕ ਵਿਚ ਸਪਸ਼ਟ ਸੁਨੇਹਾ ਦਿੱਤਾ ਕਿ ਉਹ ਇਹਨਾਂ ਕਾਨੂੰਨਾਂ ਤੋਂ ਪਿੱਛੇ ਹਟਣ ਨੂੰ ਤਿਆਰ ਨਹੀਂ ਹੈ।

ਬੈਠਕ ਵਿਚ ਅਗਲਾ ਮਸਲਾ ਪੰਜਾਬ ਵਿਚ ਰੇਲ ਸੇਵਾ ਬਹਾਲ ਕਰਨ ਦਾ ਵਿਚਾਰਿਆ ਗਿਆ। ਕਿਸਾਨ ਆਗੂਆਂ ਨੇ ਭਾਰਤ ਸਰਕਾਰ ਨੂੰ ਕਿਹਾ ਕਿ ਪੰਜਾਬ ਵਿਚ ਮਾਲ ਗੱਡੀਆਂ ਦੀ ਆਵਾਜਾਈ ਬਹਾਲ ਕੀਤੀ ਜਾਵੇ ਕਿਉਂਕਿ ਕਿਸਾਨ ਰੇਲ ਪਟੜੀਆਂ ਨੂੰ ਖ਼ਾਲੀ ਕਰ ਚੁੱਕੇ ਹਨ। ਪਰ ਰੇਲ ਮੰਤਰੀ ਨੇ ਪੁਰਾਣੀ ਰਟ ਫੜਦਿਆਂ ਕਿਹਾ ਕਿ ਜਦੋਂ ਤਕ ਸਵਾਰੀ ਗੱਡੀਆਂ ਦੀ ਬਹਾਲੀ ਲਈ ਰਾਹ ਪੱਧਰਾ ਨਹੀਂ ਹੁੰਦਾ ਉਦੋਂ ਤਕ ਮਾਲ ਗੱਡੀਆਂ ਵੀ ਬਹਾਲ ਨਹੀਂ ਕੀਤੀਆਂ ਜਾਣਗੀਆਂ।

ਸਿਆਸੀ ਕੂਟਨੀਤੀ ਦੇ ਮੱਦੇਨਜ਼ਰ ਇਸ ਬੈਠਕ ਵਿਚ ਭਾਰਤ ਸਰਕਾਰ ਜਿੱਤਦੀ ਨਜ਼ਰ ਆ ਰਹੀ ਹੈ। ਪਹਿਲਾ ਪਹਿਲੂ ਤਾਂ ਇਹ ਹੈ ਕਿ ਜਿਨਾਂ ਮੰਗਾਂ ਲਈ ਪੰਜਾਬ ਦੇ ਕਿਸਾਨ ਸੜਕਾਂ 'ਤੇ ਬੈਠੇ ਹਨ, ਉਨਾਂ ਮੰਗਾਂ ਨੂੰ ਮੰਨਣ ਲਈ ਸਰਕਾਰ ਕਿਸੇ ਵੀ ਪਾਸਿਓਂ ਗੰਭੀਰ ਨਹੀਂ ਨਜ਼ਰ ਆ ਰਹੀ। ਉਲਟਾ ਸਰਕਾਰ ਨੇ ਕਿਸਾਨਾਂ ਦੀ ਮੰਗ ਨੂੰ ਖੇਤੀ ਕਾਨੂੰਨਾਂ ਤੋਂ ਪਾਸੇ ਕਰਕੇ ਰੇਲਾਂ ਚਲਾਉਣ ਲਈ ਅਰਜੋਈ ਕਰਨ ਵੱਲ ਸੇਧਿਤ ਕਰ ਦਿੱਤਾ ਹੈ। ਇਸ ਮਸਲੇ 'ਤੇ ਵੀ ਭਾਰਤ ਸਰਕਾਰ ਆਪਣੀ ਅੜੀ ਪਗਾਉਣ ਲਈ ਬਜ਼ਿਦ ਨਜ਼ਰ ਆ ਰਹੀ ਹੈ।

ਕੀ ਪੰਜਾਬ ਦੇ ਕਿਸਾਨੀ ਸੰਘਰਸ਼ ਨੂੰ ਭਾਰਤੀ ਰੇਲਾਂ ਮੰਧੋਲ ਦੇਣਗੀਆਂ ?

ਦਿੱਲੀ ਦੀ ਬੈਠਕ ਵਿਚ ਕਿਸਾਨ ਆਗੂਆਂ ਨੇ ਭਾਵੇਂ ਕਿ ਸਰਕਾਰ ਦੀ ਸਵਾਰੀ ਗੱਡੀਆਂ ਚਲਾਉਣ ਦੀ ਗੱਲ ਨੂੰ ਮੰਨਣੋਂ ਇਨਕਾਰ ਕਰ ਦਿੱਤਾ ਪਰ ਗੱਲ ਇਹ ਕਹਿ ਕੇ ਮੁਕਾਈ ਗਈ ਕਿ ੧੯ ਨਵੰਬਰ ਨੂੰ ਚੰਡੀਗੜ ਵਿਚ ਕਿਸਾਨ ਆਗੂਆਂ ਦੀ ਹੋਣ ਵਾਲੀ ਬੈਠਕ ਵਿਚ ਇਸ ਮਸਲੇ ਨੂੰ ਵਿਚਾਰਿਆ ਜਾਵੇਗਾ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ ਕਿਸਾਨ ਆਗੂ ੧੯ ਨਵੰਬਰ ਨੂੰ ਪੰਜਾਬ ਵਿਚ ਸਵਾਰੀ ਗੱਡੀਆਂ ਚਲਾਉਣ ਲਈ ਵੀ ਰੇਲ ਪਟੜੀਆਂ ਖੋਲ ਸਕਦੇ ਹਨ। ਕਿਸਾਨ ਜਥੇਬੰਦੀਆਂ ਦੇ ਕੁੱਝ ਆਗੂ ਇਸ ਗੱਲ ਲਈ ਦਬਾਅ ਪਾ ਰਹੇ ਹਨ। ਜੇ ਪੰਜਾਬ ਵਿਚ ਬਿਨਾਂ ਭਾਰਤੀ ਕਾਨੂੰਨ ਵਾਪਸ ਹੋਏ ਭਾਰਤ ਦੀਆਂ ਰੇਲਾਂ ਚੱਲਦੀਆਂ ਹਨ ਤਾਂ ਇਹ ਕਿਸਾਨ ਸੰਘਰਸ਼ ਦੀ ਵੱਡੀ ਹਾਰ ਹੋਵੇਗੀ।

ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਮੁਤਾਬਕ ਜੰਮੂ ਕਸ਼ਮੀਰ ਅਤੇ ਲੱਦਾਖ ਦੀਆਂ ਸਰਹੱਦਾਂ 'ਤੇ ਤੈਨਾਤ ਲੱਖਾਂ ਭਾਰਤੀ ਫ਼ੌਜੀਆਂ ਨੂੰ ਸਮਾਨ ਦੀ ਸਪਲਾਈ ਲਈ ਰੇਲਾਂ ਬੰਦ ਹੋਣ ਕਾਰਨ ਵੱਡੀ ਦਿੱਕਤ ਆਈ ਹੈ। ਫ਼ੌਜ ਨੂੰ ਸਮਾਨ ਦੀ ਸਪਲਾਈ ਲਈ ਸੜਕੀ ਆਵਾਜਾਈ ਦੀ ਵਰਤੋਂ ਕਰਨੀ ਪੈ ਰਹੀ ਹੈ ਜੋ ਰੇਲ ਆਵਾਜਾਈ ਤੋਂ ਕਾਫ਼ੀ ਮਹਿੰਗਾ ਪੈਂਦਾ ਹੈ।

ਉਂਜ ਭਾਰਤੀ ਫ਼ੌਜ ਦਾ ਕਹਿਣਾ ਹੈ ਕਿ ਉਨਾਂ ਨੂੰ ਰੇਲਾਂ ਦੀ ਸਪਲਾਈ ਰੁਕਣ ਦਾ ਕੋਈ ਵੱਡਾ ਫ਼ਰਕ ਨਹੀਂ ਪੈ ਰਿਹਾ ਕਿਉਂਕਿ ਫ਼ੌਜ ਲਈ ਲੋੜੀਂਦੀ ਸਮਗਰੀ ਫ਼ੌਜ ਦੇ ਕੈਂਪਾਂ ਵਿਚ ਪਹਿਲਾਂ ਹੀ ਪਹੁੰਚ ਚੁੱਕੀ ਹੈ। ਸ਼ਾਇਦ ਇਸੇ ਲਈ ਭਾਰਤ ਸਰਕਾਰ ਪੰਜਾਬ ਵਿਚ ਮਾਲ ਗੱਡੀਆਂ ਭੇਜਣ ਲਈ ਕੋਈ ਬਹੁਤ ਕਾਹਲੀ ਨਹੀਂ ਵਿਖਾ ਰਹੀ ਪਰ ਜੇ ਸਰਹੱਦੀ ਖੇਤਰਾਂ ਲਈ ਸਪਲਾਈ ਲੰਮਾ ਸਮਾਂ ਰੁਕੀ ਰਹਿੰਦੀ ਹੈ ਤਾਂ ਭਾਰਤ ਸਰਕਾਰ ਲਈ ਵੱਡੀਆਂ ਮੁਸ਼ਕਿਲਾਂ ਜ਼ਰੂਰ ਖੜੀਆਂ ਹੋਣਗੀਆਂ।

ਜੇ ਸਰਕਾਰ ਕਾਨੂੰਨਾਂ ਤੋਂ ਪਿੱਛੇ ਨਹੀਂ ਹਟਦੀ ਤਾਂ ਕਿਸਾਨ ਜਥੇਬੰਦੀਆਂ ਦੀ ਰਣਨੀਤੀ ਕੀ ?

ਭਾਰਤ ਸਰਕਾਰ ਜੇ ਇਹਨਾਂ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਖ਼ਤਮ ਨਹੀਂ ਕਰਦੀ ਅਤੇ ਕਿਸਾਨ ਆਗੂ ੧੯ ਨਵੰਬਰ ਨੂੰ ਸਵਾਰੀ ਗੱਡੀਆਂ ਚਲਾ ਦਿੰਦੇ ਹਨ ਤਾਂ ਕਿਸਾਨ ਜਥੇਬੰਦੀਆਂ ਦਾ ਅਗਲਾ ਪ੍ਰੋਗਰਾਮ ਦਿੱਲੀ ਨੂੰ ਘੇਰਨ ਦਾ ਹੈ। ਇਸ ਲਈ ਭਾਵੇਂ ਕਿ ਕਿਸਾਨ ਆਗੂਆਂ ਨੇ ਭਾਰਤ ਦੀਆਂ ਹੋਰ ਕਿਸਾਨ ਜਥੇਬੰਦੀਆਂ ਨਾਲ ਸੰਪਰਕ ਕਰਕੇ ਪੂਰੇ ਭਾਰਤ ਵਿਚ ਕਿਸਾਨੀ ਸੰਘਰਸ਼ ਖੜਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਮੋਦੀ ਸਰਕਾਰ ਦੇ ਸਿਆਸੀ ਦਬਾਅ ਕਰਕੇ ਅਤੇ ਭਾਰਤ ਵਿਚ ਭਾਰਤੀ ਰਾਸ਼ਟਰਵਾਦੀ ਸਿਆਸਤ ਦੇ ਅੰਨੇ ਉਭਾਰ ਕਰਕੇ ਹੋਰ ਖ਼ਿੱਤਿਆਂ ਵਿਚ ਉਸ ਤਰਾਂ ਦਾ ਕਿਸਾਨੀ ਸੰਘਰਸ਼ ਖੜਾ ਨਹੀਂ ਹੋ ਸਕਿਆ ਜੋ ਭਾਰਤ ਸਰਕਾਰ ਨੂੰ ਦਬਾਅ ਵਿਚ ਲਿਆ ਸਕੇ। ਦਿੱਲੀ ਘੇਰਨ ਦਾ ਪ੍ਰੋਗਰਾਮ ਇਸ ਲਈ ਫ਼ਿਲਹਾਲ ਪੰਜਾਬੀਆਂ ਦੀ ਵੱਡੀ ਸ਼ਮੂਲੀਅਤ ਵਾਲਾ ਹੀ ਰਹਿੰਦਾ ਨਜ਼ਰ ਆ ਰਿਹਾ ਹੈ। ਪੰਜਾਬ ਤੋਂ ਵੀ ਦਿੱਲੀ ਦੇ ਰਾਹ ਵਿਚ ਹਰਿਆਣਾ ਪੈਂਦਾ ਹੈ ਜਿੱਥੇ ਭਾਜਪਾ ਦੀ ਸਰਕਾਰ ਹੈ। ਹਾਸਲ ਜਾਣਕਾਰੀਆਂ ਮੁਤਾਬਿਕ ਭਾਰਤ ਸਰਕਾਰ ਹਰਿਆਣਾ ਸਰਕਾਰ ਦੀ ਮਦਦ ਨਾਲ ਪੰਜਾਬ ਦੇ ਕਿਸਾਨਾਂ ਨੂੰ ਪੰਜਾਬ-ਹਰਿਆਣਾ ਦੀਆਂ ਹੱਦਾਂ 'ਤੇ ਹੀ ਰੋਕ ਲਵੇਗੀ ਤੇ ਕਿਸਾਨਾਂ ਦਾ ਵੀ ਇਹ ਮੰਨ ਹੈ ਕਿ

ਬਾਕੀ ਸਫ਼ਾ 28 'ਤੇ

# 'ਦੀਪਕ'



**- ਮਾਸਟਰ ਸੰਜੀਵ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**
**9478561356**

ਮਨੁੱਖ ਦਾ ਸਾਰਾ ਜੀਵਨ ਭਾਵਨਾਵਾਂ ਅਤੇ ਉਤਸ਼ਾਹ 'ਤੇ ਕੇਂਦਰਿਤ ਰਹਿੰਦਾ ਹੈ। ਸਾਡੇ ਅੰਦਰ ਭਾਵਨਾਵਾਂ ਦੀ ਮਿੱਠੀ-ਮਿੱਠੀ ਤੇ ਕੋਮਲ ਤਰੰਗ-ਧੁਨ ਚੱਲਦੀ ਰਹਿੰਦੀ ਹੈ। ਇਹ ਕੋਮਲ, ਨਾਜ਼ੁਕ, ਮਿਠਾਸ ਭਰੀਆਂ ਅਤੇ ਆਸਵੰਦ ਭਾਵਨਾਵਾਂ ਜੀਵਨ ਨੂੰ ਗਤੀ ਦਿੰਦੀਆਂ ਰਹਿੰਦੀਆਂ ਹਨ। ਉਤਸ਼ਾਹ ਵੀ ਜੀਵਨ ਜਿਊਣ ਦਾ ਧੁਰਾ ਹੈ। ਉਤਸ਼ਾਹ ਮਨੁੱਖਾ ਜੀਵਨ ਵਿੱਚ ਇੱਕ ਨਵੀਂ ਰੂਹ ਫ਼ੂਕ ਦਿੰਦਾ ਹੈ। ਜੇਕਰ ਥੋੜਾ ਗਹੁ ਨਾਲ ਵਾਚੀਏ ਤਾਂ ਮਹਿਸੂਸ ਹੁੰਦਾ ਹੈ ਕਿ ਸਾਡੀਆਂ ਸੱਧਰਾਂ-ਭਾਵਨਾਵਾਂ ਤੇ ਉਤਸ਼ਾਹ ਸਾਨੂੰ ਅਨੰਤ, ਅਦਭੁਤ ਤੇ ਅਨਮੋਲ ਊਰਜਾ, ਅੰਦਰੂਨੀ ਖ਼ੁਸ਼ੀ-ਖੇੜਾ, ਸਕੂਨ ਅਤੇ ਅਗਲੇਰੀ ਤਾਂਘ ਪ੍ਰਦਾਨ ਕਰਦੇ ਹਨ। ਇਸ ਲਈ ਸਾਡੇ ਅੰਦਰ ਭਾਵਨਾਵਾਂ ਅਤੇ ਉਤਸ਼ਾਹ ਦਾ ਹੋਣਾ ਜੀਵਨ ਜਿਊਣ ਲਈ ਬਹੁਤ ਜ਼ਰੂਰੀ ਹੈ। ਭਾਵਨਾਵਾਂ ਅਤੇ ਉਤਸ਼ਾਹ ਵਿਹੂਣਾ ਜੀਵਨ ਜ਼ਿੰਦਾ ਲਾਸ਼ ਬਣ ਕੇ ਰਹਿ ਜਾਂਦਾ ਹੈ। ਅਜਿਹੇ ਜੀਵਨ ਉੱਤੇ ਜ਼ਿੰਦਗੀ ਦੀਆਂ ਚੰਗੀਆਂ - ਬੁਰੀਆਂ ਘਟਨਾਵਾਂ ਦਾ ਬਹੁਤਾ ਪ੍ਰਭਾਵ ਨਹੀਂ ਪੈਂਦਾ। ਸ਼ਾਇਦ ਇਹ ਵੀ ਜੀਵਨ ਦੀ ਕੋਈ ਉੱਚ-ਸਥਿਤੀ ਹੋਵੇ, ਪਰ ਭਾਵਨਾਵਾਂ ਤੇ ਉਤਸ਼ਾਹ ਜੀਵਨ ਵਿਚ ਸਕਾਰਾਤਮਕਤਾ ਲਿਆਉਂਦੇ ਹਨ। ਭਾਵਨਾਵਾਂ ਅਤੇ ਉਤਸ਼ਾਹ ਨਾਲ ਰਮਿਆ ਜੀਵਨ ਦੂਸਰਿਆਂ ਨੂੰ ਵੀ ਖ਼ੁਸ਼ੀ, ਸਕੂਨ, ਉਤਸ਼ਾਹ, ਨਵੀਂ ਉਮੰਗ-ਤਰੰਗ ਤੇ ਸਫ਼ਲਤਾ ਵੰਡਦਾ ਰਹਿੰਦਾ ਹੈ। ਮੈਂ ਤਾਂ ਕਹਾਂਗਾ ਕਿ ਭਾਵਨਾਵਾਂ ਤੇ ਉਤਸ਼ਾਹ ਜੀਵਨ ਦਾ ਦੀਪਕ ਹੈ, ਜੋ ਸਕਾਰਾਤਮਕਤਾ, ਆਸ, ਅਨੰਦ ਅਤੇ ਖੇੜਾ ਖ਼ੁਦ ਨੂੰ ਵੀ ਪ੍ਰਦਾਨ ਕਰਦਾ ਹੈ ਅਤੇ ਆਪਣੇ ਆਸ-ਪਾਸ ਵੀ ਵੰਡਦਾ ਹੈ। ਇਸ ਲਈ ਸਾਨੂੰ ਸਭ ਨੂੰ ਆਪਣੇ ਆਲ਼ੇ-ਦੁਆਲੇ ਦੇ ਲੋਕਾਂ, ਘਰ-ਪਰਿਵਾਰ ਦੇ ਮੈਂਬਰਾਂ, ਸੰਗੀ-ਸਾਥੀਆਂ, ਕਰਮਚਾਰੀਆਂ ਤੇ ਸਹਿ-ਕਰਮੀਆਂ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਉਨਾਂ ਅੰਦਰ ਪਣਪ ਰਹੇ ਅਦਵਿੱਤੀਯਾ ਉਤਸ਼ਾਹ ਨੂੰ ਸਵੀਕਾਰ ਕਰਦੇ ਹੋਏ , ਉਸ ਉਤਸ਼ਾਹ ਨੂੰ ਚੰਗਾ ਹੁਲਾਰਾ ਦੇਣਾ ਚਾਹੀਦਾ ਹੈ। ਕਦੇ ਭੁੱਲ ਕੇ ਵੀ ਦੂਸਰਿਆਂ ਦੀਆਂ ਮਨੋਂ-ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣੀ ਚਾਹੀਦੀ। ਸਗੋਂ ਦੂਸਰਿਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਨਾਂ ਦੇ ਸਕਾਰਾਤਮਕ ਉਤਸ਼ਾਹ ਨੂੰ ਤੇ ਉਨਾਂ ਦੇ ਵਲਵਲਿਆਂ ਨੂੰ ਕਦੇ ਵੀ ਖੰਡਿਤ ਨਹੀਂ ਕਰਨਾ ਚਾਹੀਦਾ। ਸ਼ਾਇਦ ਇਹ ਸੱਚੀ ਮਾਨਵਤਾ, ਸੱਚੀ ਪੂਜਾ ਅਤੇ ਸੱਚੀ ਅਪਣੱਤ ਵੀ ਹੋਵੇ। ਕਿਉਂ ਜੋ, ਸਾਡੇ ਵੱਲੋਂ ਕਿਸੇ ਪ੍ਰਾਣੀ ਦੀਆਂ ਮਨੋ-ਭਾਵਨਾਵਾਂ ਤੇ ਉਤਸ਼ਾਹ ਨੂੰ ਖੰਡਤ ਕਰਨ ਤੋਂ ਬਾਅਦ, ਸ਼ਾਇਦ ਉਹ ਜੀਵ ਜ਼ਿੰਦਗੀ ਵਿੱਚ ਪਿੱਛੇ ਰਹਿ ਜਾਵੇ ਜਾਂ ਕਾਮਯਾਬੀ ਪੱਖੋਂ ਕਾਫ਼ੀ ਅੱਗੇ ਵੀ ਵੱਧ ਸਕਦਾ ਹੈ। ਉਹ ਭਾਵੇਂ ਕਿਸੇ ਵੀ ਸਥਿਤੀ 'ਤੇ ਪਹੁੰਚੇ, ਪਰ ਇਹ ਜ਼ਰੂਰ ਹੋ ਸਕਦਾ ਹੈ ਕਿ ਉਸ ਅੰਦਰੋਂ ਸਕਾਰਾਤਮਕ ਭਾਵਨਾਵਾਂ ਤੇ ਉਤਸ਼ਾਹ ਖ਼ਤਮ ਹੋ ਗਏ ਹੋਣ। ਹੋ ਸਕਦਾ ਹੈ ਅਜਿਹਾ ਜੀਵਨ ਇੱਕ ਜ਼ਿੰਦਾ ਲਾਸ਼ ਬਣ ਗਿਆ ਹੋਵੇ, ਪਰ ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਵਲਵਲਿਆਂ, ਆਪਣੀਆਂ ਮਨੋ-ਭਾਵਨਾਵਾਂ, ਆਪਣੇ ਉਤਸ਼ਾਹ ਤੇ ਆਪਣੀਆਂ ਮਨੋ-ਬਿਰਤੀਆਂ ਦੇ ਨਾਲ਼- ਨਾਲ਼ ਦੂਸਰਿਆਂ ਦੀਆਂ ਭਾਵਨਾਵਾਂ, ਉਤਸ਼ਾਹ ਤੇ ਵਲਵਲਿਆਂ ਦੀ ਵੀ ਕਦਰ ਕਰੀਏ, ਉਨਾਂ ਨੂੰ ਜ਼ਰੂਰ ਸਮਝੀਏ ਅਤੇ ਸਮਰੱਥਾ ਅਨੁਸਾਰ ਉਸ ਦਾ ਸਨਮਾਨ ਕਰੀਏ, ਤਾਂ ਜੋ ਕਿਸੇ ਦਾ ਯਥਾਸੰਭਵ ਮਾਣ - ਸਤਿਕਾਰ ਹੋ ਸਕੇ ਤੇ ਆਦਰ-ਮਾਣ ਬਣਿਆ ਵੀ ਰਹੇ ਅਤੇ ਜੀਵਨ ਦਾ 'ਦੀਪਕ' ਜੋ ਕਿ ਭਾਵਨਾਵਾਂ ਅਤੇ ਉਤਸ਼ਾਹ ਨਾਲ ਜਗਮਗਾਉਂਦਾ ਹੈ, ਉਹ ਹਰ ਮਾਨਵ ਅੰਦਰ ਜਗਮਗਾਉਂਦਾ ਰਹੇ।

**'ਭਾਵਨਾਵਾਂ ਅਤੇ ਉਤਸ਼ਾਹ ਨੂੰ ,**
**ਆਓ ! ਵੰਡੀਏ, ਸਤਿਕਾਰੀਏ ਅਤੇ**
**ਰੱਖੀਏ ਸੰਭਾਲ ਕੇ ,**
**ਇਨਾਂ ਦਾ ਨਾ ਘਾਣ ਕਰੀਏ ,**
**ਨਾ ਕਰੀਏ ਕਿਸੇ ਨੂੰ ਬੇ-ਹਾਲਕੇ ।'**

# ਕਰੋਨਾ ਸੰਕਟ ਦੌਰਾਨ ਭਾਰਤੀ ਲੋਕਾਂ ਸਿਰ ਵਧਿਆ ਕਰਜ਼ਾ

**✪ ਮੋਦੀ ਸਰਕਾਰ ਨੇ ਭਾਰਤੀ ਆਰਥਿਕਤਾ ਨੂੰ ਠੁੰਮਣਾ ਦੇਣ ਲਈ ਲਗਾਤਾਰ ਕਾਰਪੋਰੇਟ ਜਗਤ ਨੂੰ 'ਇਨਸੈਂਟਿਵ' ਦੇਣ ਦੇ ਬਹਾਨੇ ਉਨਾਂ ਦੇ ਖਜ਼ਾਨੇ ਭਰੇ**

**✪ ਅੰਤਰਰਾਸ਼ਟਰੀ ਲੇਬਰ-ਆਰਗੇਨਾਈਜ਼ੇਸ਼ਨ ਅਨੁਸਾਰ 400 ਮਿਲੀਅਨ ਭਾਰਤੀ ਕੋਵਿਡ-19 ਕਾਰਨ ਗਰੀਬੀ ਰੇਖਾ ਦੇ ਹੇਠਾਂ**



- ਗੁਰਮੀਤ ਸਿੰਘ ਪਲਾਹੀ
9815802070

ਲੋਕਾਂ ਸਿਰ ਕਰਜ਼ਾ ਵਧਦਾ ਜਾ ਰਿਹਾ ਹੈ। ਬੱਚਤ ਖ਼ਤਮ ਹੋ ਗਈ ਹੈ। ਕੋਵਿਡ-19 ਦੇ ਮੱਦੇਨਜ਼ਰ ਮਾਨਵੀ ਸੰਕਟ ਲਗਾਤਾਰ ਵਧ ਰਿਹਾ ਹੈ। ਆਰਥਿਕ ਮੰਦੀ ਅਤੇ ਮਹਾਂਮਾਰੀ ਕਾਰਨ ਭਾਰਤੀ ਅਰਥ ਵਿਵਸਥਾ ਲੀਰੋ-ਲੀਰ ਹੋ ਗਈ ਹੈ ਅਤੇ ਆਮ ਲੋਕਾਂ ਦਾ ਵਾਲ-ਵਾਲ ਕਰਜ਼ੇ ਨਾਲ ਵਿੰਨਿਆ ਗਿਆ ਹੈ। ਦੇਸ਼ ਦੀ ਆਰਥਿਕਤਾ ਨੂੰ ਪਹਿਲਾਂ ਨੋਟਬੰਦੀ, ਫਿਰ ਜੀ.ਐਸ.ਟੀ. ਅਤੇ ਫਿਰ ਮਹਾਂਮਾਰੀ ਨੇ ਖੋਰਾ ਲਾਇਆ। ਪਰ ਹਾਕਮ ਧਿਰ ਦੀ ਗ਼ੈਰ-ਸੰਜੀਦਗੀ ਵੇਖੋ ਕਿ ਕੰਧ ਉੱਤੇ ਲਿਖਿਆ ਪੜਨ ਦੀ ਬਜਾਏ ਨੋਟਬੰਦੀ ਦੇ ਫ਼ਾਇਦੇ ਗਿਣਾ ਰਹੀ ਹੈ ਅਤੇ ਦੱਸ ਰਹੀ ਹੈ ਕਿ ਨੋਟਬੰਦੀ ਨਾਲ ਕਾਲਾ ਧਨ ਘਟਿਆ, ਕਰ ਭੁਗਤਾਨ ਵਧਿਆ, ਪਾਰਦਰਸ਼ਤਾ ਨੂੰ ਬੜਾਵਾ ਮਿਲਿਆ ਹੈ।

ਮਹਾਂਮਾਰੀ ਨਾਲ ਆਰਥਿਕਤਾ ਦੇ ਢਹਿ-ਢੇਰੀ ਹੋਣ ਦੀ ਗੱਲ ਮੰਨਦਿਆਂ, ਮੋਦੀ ਸਰਕਾਰ ਭਾਰਤੀ ਆਰਥਿਕਤਾ ਨੂੰ ਠੁੰਮਣਾ ਦੇਣ ਲਈ ਲਗਾਤਾਰ ਕਾਰਪੋਰੇਟ ਜਗਤ ਨੂੰ 'ਇਨਸੈਂਟਿਵ' ਦੇਣ ਦੇ ਬਹਾਨੇ ਉਹਨਾਂ ਦੇ ਖ਼ਜ਼ਾਨੇ ਭਰ ਰਹੀ ਹੈ। ਸਰਕਾਰ ਨੂੰ ਇਸ ਗੱਲ ਦੀ ਰਤਾ ਵੀ ਫ਼ਿਕਰ ਨਹੀਂ ਹੈ ਕਿ ਕੋਵਿਡ-20 19 ਦੌਰਾਨ ਜਿਨਾਂ ਇੱਕ ਲੱਖ 26 ਹਜ਼ਾਰ ਤੋਂ ਜ਼ਿਆਦਾ ਜੀਆਂ ਦੀ ਮੌਤ ਹੋ ਚੁੱਕੀ ਹੈ, ਉਨਾਂ ਦੇ ਪਰਿਵਾਰਾਂ ਦੀ ਤਲੀ ਉੱਤੇ ਇੱਕ ਧੇਲੀ-ਧੇਲੀ ਰੱਖਣੀ ਹੈ ਕਿ ਨਹੀਂ, ਜਿਨਾਂ ਦੇ ਕਮਾਊ ਇਸ ਮਹਾਂਮਾਰੀ ਨੇ ਹਥਿਆ ਲਏ ਹਨ। ਕਿਸੇ ਨੂੰ ਨਹੀਂ ਪਤਾ ਕਿ ਮਹਾਂਮਾਰੀ ਖ਼ਤਮ ਹੋਣ ਤੋਂ ਪਹਿਲਾਂ ਕਿੰਨੇ ਹੋਰ ਲੋਕ ਇਸ
ਨਾਲ ਮਾਰੇ ਜਾਣਗੇ।

ਮਹਾਂਮਾਰੀ ਨਾਲ ਪੈਦਾ ਹੋਏ ਆਰਥਿਕ ਸੰਕਟ ਨਾਲ ਨਜਿੱਠਣ ਲਈ ਸਰਕਾਰ ਨੇ ਮੰਨੇ-ਅਮੰਨੇ ਢੰਗ ਨਾਲ ਕਈ ਕਦਮ ਚੁੱਕੇ, ਪ੍ਰੰਤੂ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਲੋਕਾਂ ਦਾ ਕੀ ਸੰਕਟ ਖ਼ਤਮ ਹੋ ਗਿਆ ? ਕੀ ਸਰਕਾਰ ਨੇ ਜਾਣਨ ਜਾਂ ਵੇਖਣ ਦੀ ਕੋਸ਼ਿਸ਼ ਕੀਤੀ ਕਿ ਗ਼ਰੀਬੀ ਰੇਖਾਂ ਤੋਂ ਹੇਠਲੇ ਲੋਕ ਲਗਾਤਾਰ ਗੰਭੀਰ ਆਰਥਿਕ ਸੰਕਟ ਵਿੱਚ ਫਸੇ ਹੋਏ ਹਨ।

ਹੁਣੇ ਜਿਹੇ ਇੰਡੀਅਨ ਜਨਰਲ ਆਫ ਲੇਬਰ ਇਕਨਾਮਿਕਸ ਵਿੱਚ 'ਲੀਵਜ, ਲਾਇਵਲੀਹੁੱਡ ਐਂਡ ਦੀ ਇਕੌਨੋਮੀ: ਇੰਡੀਆ ਇਨ ਪੈਨਡੈਮਿਕ' ਵਿਸ਼ੇ 'ਤੇ ਮਹਾਂਮਾਰੀ ਕਾਰਨ ਲੌਕਡਾਊਨ ਸਬੰਧੀ ਰਿਪੋਰਟ ਛਪੀ ਹੈ। ਪ੍ਰਸਿੱਧ ਅਰਥ ਸ਼ਾਸਤਰੀ ਦੀਪਕ ਨਈਅਰ ਨੇ ਰਿਪੋਰਟ ਵਿੱਚ ਲਿਖਿਆ ਹੈ ਕਿ ਲਾਕਡਾਊਨ ਵਿੱਚ ਲਗਭਗ ਦੋ-ਤਿਹਾਈ ਹਿੱਸੇ ਨੂੰ ਬੰਦ ਕਰ ਦਿੱਤਾ ਗਿਆ। ਇਸ ਨਾਲ ਦੇਸ਼ ਦੀ ਆਰਥਿਕਤਾ ਤਾਰ-ਤਾਰ ਹੋ ਗਈ। ਇਸ ਕਾਰਨ ਢਾਈ ਤੋਂ ਤਿੰਨ ਕਰੋੜ ਪ੍ਰਵਾਸੀ ਆਪਣੇ ਘਰਾਂ ਤੋਂ ਦੂਰ ਬਿਨਾਂ ਕੰਮ, ਸਰਕਾਰ ਜਾਂ ਧਾਰਮਿਕ ਸੰਮਤੀਆਂ ਵੱਲੋਂ ਵਰਤਾਏ ਗਏ ਭੋਜਨ ਦੇ ਆਸਰੇ, ਕੁਝ ਭੁੱਖ ਪਿਆਸੇ, ਬਿਮਾਰ ਮਾਨਵੀ ਸੰਕਟ 'ਚ ਗ੍ਰਸੇ ਗਏ। ਨਿਰਮਾਣ, ਵਿਉਪਾਰ, ਹੋਟਲ, ਰੈਸਟੋਰੈਂਟ, ਪਰਿਵਹਿਨ, ਕਾਰੋਬਾਰ, ਜਿੱਥੇ ਵੀ ਉਹ ਕੰਮ ਕਰਦੇ ਸਨ ਅਤੇ ਜਿੱਥੇ ਉਹਨਾਂ ਦਾ ਇਹਨਾਂ ਕੰਮਾਂ ਨੂੰ ਚਲਾਉਣ ਲਈ 40 ਪ੍ਰਤੀਸ਼ਤ ਯੋਗਦਾਨ ਹੈ, ਪੂਰੀ ਤਰਾਂ ਬੰਦ ਹੋ ਗਿਆ। ਇਸ ਨਾਲ 15 ਕਰੋੜ ਲੋਕ, ਜੋ ਦੇਸ਼ ਵਿੱਚ ਕੁਲ ਕੰਮ ਕਰਨ ਵਾਲੇ ਮਜ਼ਦੂਰਾਂ ਦਾ ਇੱਕ ਤਿਹਾਈ ਹੈ ਅਤੇ ਜਿਨਾਂ ਨੂੰ ਕੋਈ ਸਮਾਜਿਕ ਸੁਰੱਖਿਆ ਵੀ ਨਹੀਂ ਮਿਲਦੀ, ਉਹ ਰੋਟੀ ਤੱਕ ਤੋਂ ਵੀ ਵੰਚਿਤ ਹੋ ਗਏ। ਕੇਂਦਰ ਸਰਕਾਰ ਇਨਾਂ ਹਾਲਤਾਂ ਵਿੱਚ ਉਸ ਵੇਲੇ ਬੇਵੱਸ ਹੋ ਗਈ, ਜਦੋਂ ਸੂਬਾ ਸਰਕਾਰਾਂ ਨੇ ਇਹਨਾਂ ਮਜ਼ਦੂਰਾਂ ਨੂੰ ਆਪਣੇ ਸੂਬਿਆਂ ਵਿੱਚ ਵੜਨ 'ਤੇ ਰੋਕਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ। ਕੀ ਇਹ ਆਪਣੇ ਹੀ ਦੇਸ਼ ਵਿੱਚ ਬੇਗਾਨੇ ਬਣਨ ਦੀ ਉਹੋ ਜਿਹੀ ਸਥਿਤੀ ਨਹੀਂ, ਜਿਹੋ ਜਿਹੀ ਸਥਿਤੀ ਦੇਸ਼ ਦੀ ਵੰਡ ਵੇਲੇ ਪੰਜਾਬ ਤੇ ਬੰਗਾਲ ਸਰਹੱਦਾਂ 'ਤੇ ਖ਼ਾਸ ਕਰਕੇ ਉਹਨਾਂ ਲੋਕਾਂ ਨੂੰ ਵੇਖਣੀ ਪਈ ਸੀ, ਜਿਨਾਂ ਪੱਲੇ ਕੁਝ ਵੀ ਨਹੀਂ ਸੀ।

ਸਰਕਾਰ ਦੇ ਸਮਝਣ ਵਾਲੀਆਂ ਕੁਝ ਇਹੋ ਜਿਹੀਆਂ ਗੱਲਾਂ ਹਨ, ਜਿਹਨਾਂ ਤੋਂ ਸਰਕਾਰ ਜਾਣ ਬੁੱਝ ਕੇ ਅੱਖਾਂ ਮੀਟ ਰਹੀ ਹੈ। ਪਹਿਲੀ ਇਹ ਕਿ ਦੇਸ਼ ਦੇ ਪੇਂਡੂ 75 ਫ਼ੀਸਦੀ ਪਰਿਵਾਰ ਅਤੇ ਸ਼ਹਿਰੀ 50 ਫ਼ੀਸਦੀ ਪਰਿਵਾਰ ਆਪਣੀ ਉਪਜੀਵਕਾ ਆਪਣੇ ਸਾਧਨਾਂ ਨਾਲ ਕਮਾਉਂਦੇ ਹਨ, ਨੌਕਰੀਆਂ ਨਹੀਂ ਕਰਦੇ। ਸਰਕਾਰ ਵੱਲ ਉਹਨਾਂ ਦੀ ਝਾਕ ਨਹੀਂ ਹੈ। ਸਰਕਾਰ ਦੀਆਂ ਸਕੀਮਾਂ, ਸਬਸਿਡੀਆਂ ਤਕ ਉਹਨਾਂ ਦੀ ਪਹੁੰਚ ਨਹੀਂ ਹੈ। ਇਹਨਾਂ ਵਿੱਚ ਛੋਟੇ, ਸੂਖਮ ਅਤੇ ਮੱਧ ਵਰਗ ਦੇ ਉਹ ਛੋਟੇ ਕਾਰੋਬਾਰੀ ਵੀ ਹਨ, ਜੋ ਦੇਸ਼ ਦੇ ਉਤਪਾਦਨ ਵਿੱਚ 32 ਫ਼ੀਸਦੀ ਅਤੇ ਰੋਜ਼ਗਾਰ ਵਿੱਚ 24 ਫ਼ੀਸਦੀ ਯੋਗਦਾਨ ਪਾਉਂਦੇ ਹਨ। ਸਰਕਾਰ ਇਹਨਾਂ ਦੀ ਸਥਿਤੀ ਸਮਝਣ ਵਿੱਚ ਅਸਮਰਥ ਹੈ, ਇਹਨਾਂ ਲੋਕਾਂ ਉੱਤੇ ਪਹਿਲਾਂ ਨੋਟਬੰਦੀ, ਫਿਰ ਜੀ.ਐਸ.ਟੀ. ਅਤੇ ਹੁਣ ਮਹਾਂਮਾਰੀ ਕਾਰਨ ਵਿਨਾਸ਼ਕਾਰੀ ਪ੍ਰਭਾਵ ਪਿਆ ਹੈ। ਇਹ ਛੋਟੇ-ਛੋਟੇ ਕਾਰੋਬਾਰ ਬੰਦ ਹੋ ਗਏ। ਇਨਾਂ ਨਾਲ ਸਬੰਧਤ ਕਿਰਤੀ ਲੋਕ ਸੜਕਾਂ 'ਤੇ ਆ ਗਏ। ਕਰਜ਼ੇ ਲੈਣ ਲਈ ਮਜਬੂਰ ਹੋ ਗਏ। ਕੀਤੀਆਂ ਬੱਚਤਾਂ ਨੂੰ ਖੋਰਾ ਲੱਗ ਗਿਆ। ਇਹਨਾਂ ਗ਼ਰੀਬਾਂ ਅਤੇ ਛੋਟੇ ਕਾਰੋਬਾਰੀਆਂ ਦੀ ਹੋਂਦ ਖ਼ਤਰੇ ਵਿੱਚ ਪੈ ਗਈ। ਬਿਲਕੁਲ ਉਸੇ ਤਰਾਂ ਜਿਵੇਂ ਛੋਟੇ ਕਿਸਾਨਾਂ ਦੀ ਹੋਂਦ ਨੂੰ ਸਰਕਾਰ ਵੱਲੋਂ ਤਿੰਨ ਖੇਤੀ ਵਿਰੋਧੀ 'ਕਾਲੇ ਕਾਨੂੰਨ' ਲਾਗੂ ਕਰਕੇ ਕਰ ਦਿੱਤਾ ਗਿਆ ਹੈ।

ਸਰਕਾਰ ਦੇ ਧਿਆਨ ਵਿੱਚ ਆਉਣ ਵਾਲੀ ਗੱਲ ਇਹ ਵੀ ਹੈ ਕਿ ਇਹਨਾਂ ਗ਼ਰੀਬ-ਗ਼ੁਰਬੇ ਲੋਕਾਂ ਵਿੱਚ ਉਹ ਲੋਕ ਹਨ, ਜੋ ਦਿਹਾੜੀ ਕਰਦੇ ਹਨ, ਠੇਲਾ ਚਲਾਉਂਦੇ ਹਨ, ਰੇਹੜੀ ਲਾਉਂਦੇ ਹਨ, ਰਿਕਸ਼ਾ ਚਲਾਉਂਦੇ ਹਨ, ਘਰਾਂ ਵਿੱਚ ਸਫ਼ਾਈ ਆਦਿ ਦਾ ਕੰਮ ਕਰਦੇ ਹਨ। ਗਾਇਕਾਂ ਨਾਲ ਸਾਜੀ ਹਨ ਅਤੇ ਹੋਰ ਅਸੰਗਠਿਤ ਖੇਤਰ ਵਿੱਚ ਕੰਮ 'ਤੇ ਲੱਗੇ ਹੋਏ ਹਨ। ਕੇਂਦਰ ਤੇ ਰਾਜ ਸਰਕਾਰਾਂ ਆਪਣੇ ਵੱਲੋਂ ਦਾਅਵੇ ਕਰਦੀਆਂ ਹਨ ਤੇ ਟੀ.ਵੀ., ਚੈਨਲਾਂ ਰਾਹੀਂ ਇਹ ਦਰਸਾਉਂਦੀਆਂ ਨਹੀਂ ਥੱਕਦੀਆਂ ਕਿ ਇਹਨਾਂ ਲੋਕਾਂ ਦੇ ਰੁਜ਼ਗਾਰ ਲਈ ਸਰਕਾਰ ਨੇ ਪ੍ਰਬੰਧ ਕੀਤੇ ਹਨ, ਇਹਨਾਂ ਨੂੰ ਛੋਟੀ-ਮੋਟੀ ਰਾਹਤ ਦੇਣ ਦਾ ਯਤਨ ਕੀਤਾ ਹੈ ਪਰ ਜ਼ਮੀਨੀ ਪੱਧਰ ਦੀਆਂ ਰਿਪੋਰਟਾਂ ਹਨ ਕਿ ਇਹਨਾਂ ਨੂੰ ਓਨਾ ਲਾਭ ਨਹੀਂ ਮਿਲਿਆ, ਜਿੰਨਾ ਮਿਲਣਾ ਚਾਹੀਦਾ ਸੀ। ਇਸ ਦਾ ਇੱਕ ਕਾਰਨ ਇਹ ਹੈ ਕਿ ਸਰਕਾਰੀ ਕਾਗ਼ਜ਼ੀ ਕਾਰਵਾਈ ਪੂਰੀ ਨਹੀਂ ਹੁੰਦੀ ਤੇ ਇਹ ਲੋਕ ਰੋਜ਼ੀ ਰੋਟੀ ਕਮਾਉਣ ਲਈ ਦੋ ਚਾਰ ਘੰਟਿਆਂ ਦਾ ਕੰਮ ਲੱਭਣ ਤੱਕ, ਇਸ ਚੱਕਰ ਵਿੱਚ ਪੈਂਦੇ ਨਹੀਂ। ਇਹ ਉਹ ਲੋਕ ਹਨ ਜੋ ਜ਼ਿਆਦਾਤਰ ਛੋਟੇ ਸੇਠਾਂ, ਫਾਈਨੈਂਸਰਾਂ ਜਾਂ ਗਲੀਆਂ-ਮੁਹੱਲਿਆਂ ਵਿੱਚ ਪੈਸੇ ਦਾ ਲੈਣ ਦੇਣ ਕਰਨ ਵਾਲਿਆਂ ਤੋਂ ਵੱਡੇ ਵਿਆਜ 'ਤੇ ਕਰਜ਼ੇ ਲੈਂਦੇ ਹਨ। ਸਰਕਾਰ ਨੇ ਬੈਂਕਾਂ ਵਿੱਚੋਂ ਕਰਜ਼ੇ ਲੈਣ ਦੀਆਂ ਜੋ ਸਕੀਮਾਂ ਇਹਨਾਂ ਛੋਟੇ ਕਿੱਤੇ ਕਰਨ ਵਾਲਿਆਂ ਲਈ ਚਾਲੂ ਕੀਤੀਆਂ ਉਹਨਾਂ ਤੱਕ ਇਹਨਾਂ ਦੀ ਪਹੁੰਚ ਨਹੀਂ ਹੋ ਸਕੀ। ਹਾਂ, ਕੁਝ ਹਿੱਸਾ ਮੱਧਵਰਗੀ ਪਰਿਵਾਰ ਇਸਦਾ ਫ਼ਾਇਦਾ ਲੈ ਸਕੇ ਹਨ। ਪਰ ਅਸੰਗਠਿਤ ਖੇਤਰ ਦਾ ਇਹ ਮਜ਼ਦੂਰੀ ਕਰਨ ਵਾਲਾ ਵਰਗ ਲਗਾਤਾਰ ਲੁੱਟਿਆ ਜਾ ਰਿਹਾ ਹੈ, ਛੋਟੇ ਪੱਧਰ ਉੱਤੇ ਵੀ ਸ਼ੋਸ਼ਣ ਦਾ ਸ਼ਿਕਾਰ ਹੋ ਰਿਹਾ ਹੈ। ਬਿਮਾਰੀ ਲਈ ਲਿਆ ਕਰਜ਼ਾ, ਮੌਤ ਤਕ ਵੀ ਮੁੱਕਣ ਦਾ ਨਾਂਅ ਨਹੀਂ ਲੈਂਦਾ। ਸਰਕਾਰ ਵੱਲੋਂ ਮਹਾਂਮਾਰੀ ਦੇ ਦਿਨਾਂ ਵਿੱਚ ਜਦੋਂ ਮਾਲਕ ਮਕਾਨਾਂ, ਜਿੱਥੇ ਉਹ ਸ਼ਹਿਰਾਂ ਵਿੱਚ ਇੱਕ ਕੋਠੜੀ ਵਿੱਚ ਦੱਸ ਵੀਹ ਦੀ ਗਿਣਤੀ ਤਕ ਨਿਵਾਸ ਕਰਦੇ ਸਨ, ਨੂੰ ਉਨਾਂ ਦਾ ਕਿਰਾਇਆ ਮੁਆਫ਼ ਕਰਨ ਦੀ ਗੱਲ ਕਹੀ ਤਾਂ ਬਹੁਤੇ ਮਕਾਨ ਮਾਲਕਾਂ ਨੇ ਨਾਂਹ ਕੀਤੀ ਅਤੇ ਇਹ ਮਜ਼ਦੂਰ ਸਿਰ 'ਤੇ ਗਠੜੀ ਰੱਖ ਕੇ ਭੁੱਖਣ-ਭਾਣੇ ਆਪਣੇ ਪਿਤਰੀ ਘਰਾਂ ਵੱਲ ਜਾਣ ਲਈ ਮਜਬੂਰ ਹੋ ਗਏ ਜਾਂ ਕਰ ਦਿੱਤੇ ਗਏ। ਇਹੋ ਜਿਹੇ ਹਾਲਾਤ ਵਿੱਚ ਦੇਸ਼ ਦੀ ਸਰਕਾਰ ਨੇ ਇਹਨਾਂ ਮਜ਼ਦੂਰਾਂ ਦੀ ਸਾਰ ਤਕ ਨਹੀਂ ਲਈ। ਉਹਨਾਂ ਕਾਰੋਬਾਰੀਆਂ ਜਾਂ ਕਾਰਖ਼ਾਨੇਦਾਰਾਂ ਨੇ ਵੀ ਨਹੀਂ, ਜਿਹਨਾਂ ਲਈ ਉਹ ਦਿਨ-ਰਾਤ ਕੰਮ ਕਰਦੇ ਰਹੇ ਸਨ।

ਸਰਕਾਰ ਦੇ ਸਮਝਣ ਵਾਲੀ ਗੱਲ ਇਹ ਵੀ ਹੈ ਕਿ ਇਹਨਾਂ ਅਸੰਗਠਿਤ ਵਰਗ ਦੇ ਮਜ਼ਦੂਰਾਂ ਜਾਂ ਛੋਟੀ-ਮੋਟੀ ਨੌਕਰੀ ਕਰਨ ਵਾਲਿਆਂ ਕੋਲ ਕੋਈ ਬਦਲ ਨਹੀਂ ਹੈ। ਉਹ ਆਪਣਾ ਕੰਮ ਬਦਲ ਨਹੀਂ ਸਕਦੇ, ਕਿਉਂਕਿ ਬਜ਼ਾਰ ਵਿੱਚ ਕੋਈ ਨੌਕਰੀ ਨਹੀਂ ਹੈ। ਲਏ ਹੋਏ ਕਰਜ਼ੇ ਦਾ ਵਿਆਜ ਤਕ ਵਾਪਸ ਕਰਨ ਦਾ ਸਾਧਨ ਉਹਨਾਂ ਕੋਲ ਕੋਈ ਨਹੀਂ ਹੈ।

ਕਰਜ਼ਾ ਵਧ ਰਿਹਾ ਹੈ। ਲੌਕਡਾਊਨ ਸੀ ਤਾਂ ਕੁਝ ਖਾਣ ਵਾਲੀਆਂ ਚੀਜ਼ਾਂ ਸਰਕਾਰ-ਦਰਬਾਰ ਤੋਂ ਮੁਫ਼ਤ ਮਿਲ ਜਾਂਦੀਆਂ ਸਨ, ਹੁਣ ਉਹ ਵੀ ਨਹੀਂ ਮਿਲ ਰਹੀਆਂ। ਖਾਣ ਵਾਲੀਆਂ ਚੀਜ਼ਾਂ ਦੇ ਭਾਅ, ਉਸ ਸਮੇਂ ਤੋਂ ਹੋਰ ਵੀ ਵਧ ਗਏ ਹਨ, ਜਦੋਂ 'ਜ਼ਰੂਰੀ ਚੀਜ਼ਾਂ ਸਬੰਧੀ' ਖੇਤੀ ਕਾਨੂੰਨ ਪਾਸ ਹੋਇਆ ਹੈ, ਜਿਸ ਤਹਿਤ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਨੂੰ ਜ਼ਰੂਰੀ ਚੀਜ਼ਾਂ ਦੀ ਲਿਸਟ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਹੈ। ਇਹੋ ਜਿਹੇ ਹਾਲਾਤ ਕਾਰਨ ਦੇਸ਼ ਵਿੱਚ ਰਾਤਾਂ ਨੂੰ ਭੁੱਖੇ ਸੌਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਵਾਧਾ ਸੁਭਾਵਿਕ ਹੈ।

ਬਾਕੀ ਸਫ਼ਾ 28 'ਤੇ

# ਮਹਾਂਮਾਰੀ ਦੇ ਦੌਰਾਨ ਵਿਦਿਆਰਥੀਆਂ ਦੇ ਸਿੱਖਣ ਦੇ ਪੱਧਰ ਵਿਚ ਗੈਪ

- ਵਿਜੈ ਗਰਗ

ਕਰੋਨਾ ਮਹਾਂਮਾਰੀ ਦੌਰਾਨ ਸਿੱਖਿਆ ਦਾ ਸੰਕਟ ਯੂਨੀਵਰਸਿਟੀ ਪੱਧਰ ਤੋਂ ਲੈ ਕੇ ਸਕੂਲ ਪੱਧਰ ਤੱਕ ਬਣਿਆ ਹੋਇਆ ਹੈ, ਉਹ ਸਮਾਜ ਦੇ ਹਰ ਵਰਗ ਲਈ ਚਿੰਤਾ ਦਾ ਵਿਸ਼ਾ ਹੈ। ਇੱਕ ਪਾਸੇ ਬਣੇ-ਬਣਾਏ ਸਿੱਖਿਆ ਪ੍ਰਬੰਧ ਨੂੰ ਆਨਲਾਈਨ ਐਜੂਕੇਸ਼ਨ ਵਿੱਚ ਤਬਦੀਲ ਕਰਨ ਦੇ ਯਤਨ ਹੋ ਰਹੇ ਹਨ ਅਤੇ ਦੂਸਰੇ ਪਾਸੇ ਪਿਛਲੇ ਦੋ ਦਹਾਕਿਆਂ ਤੋਂ ਜਿਸ ਕਿਸਮ ਦਾ ਇੱਕਜੁੱਟ ਸਮੂਹਕ ਸਿਲੇਬਸ ਨੌਵੀਂ ਤੋਂ ਬਾਰਵੀਂ ਤੱਕ ਬਣਿਆ ਹੋਇਆ ਸੀ, ਬਿਨਾਂ ਕਿਸੇ ਵਿਚਾਰ ਚਰਚਾ ਤੋਂ 30 ਫ਼ੀਸਦੀ ਸਿਲੇਬਸ ਘਟਾ ਦਿੱਤਾ ਗਿਆ ਹੈ, ਜਿਸ ਦੇ ਆਉਣ ਵਾਲੇ ਸਾਲਾਂ ਵਿੱਚ ਵਿਦਿਆਰਥੀਆਂ ਦੀਆਂ ਸਿੱਖਿਆ ਦੀ ਸਿੱਖਣ ਪ੍ਰਕਿਰਿਆ ਉੱਪਰ ਨਾ-ਪੱਖੀ ਪ੍ਰਭਾਵ ਹੋਣਗੇ।

ਇਸ ਤੋਂ ਵੀ ਭਿਆਨਕ ਜਿਸ ਕਿਸਮ ਨਾਲ ਆਰਥਿਕ ਮੰਦਵਾੜਾ ਕਿਰਤ ਕਰਨ ਵਾਲੇ ਮਾਪਿਆਂ ਉੱਪਰ ਭਾਰੀ ਪਿਆ, ਉਨਾਂ ਦੇ ਬੱਚਿਆਂ ਦਾ ਭਵਿੱਖ ਅਨਿਸ਼ਚਿਤ ਹੋ ਚੁੱਕਾ ਹੈ। ਵੱਡੀ ਪੱਧਰ 'ਤੇ ਦੇਸ਼ ਵਿੱਚ ਪਰਵਾਸੀ ਮਜ਼ਦੂਰਾਂ ਦਾ ਪਰਵਾਸ ਹੋਇਆ ਹੈ ਅਤੇ ਵੱਖ-ਵੱਖ ਪਿੰਡਾਂ, ਸ਼ਹਿਰਾਂ ਅਤੇ ਸੂਬਿਆਂ ਤੋਂ ਇੱਧਰ-ਉੱਧਰ ਮਾਪਿਆਂ ਦੇ ਨਾਲ ਬੱਚੇ ਆਪਣੇ ਪਿੰਡਾਂ ਨੂੰ ਚਲੇ ਗਏ। ਆਉਣ ਵਾਲੇ ਸਮੇਂ ਵਿੱਚ ਇਨਾਂ ਦੇ ਸਿੱਖਿਆਂ ਤੋਂ ਬਾਹਰ ਹੋ ਜਾਣਦੇ ਮੌਕੇ ਬਹੁਤ ਵੱਧ ਗਏ ਹਨ ਅਤੇ ਹੁਣ ਹਰ ਕਿਸਮ ਦੀ ਵਿੱਦਿਅਕ ਅਤੇ ਸਕੂਲੀ ਗਤੀਵਿਧੀ ਉਨਾਂ ਦੇ ਜੀਵਨ ਦਾ ਹਿੱਸਾ ਨਹੀਂ ਰਹੇਗੀ। ਜਿਸ ਕਿਸਮ ਦਾ ਰਾਈਟ-ਟੂ-ਐਜੂਕੇਸ਼ਨ ਤੱਤ ਰੂਪ ਵਿੱਚ ਲੱਖਾਂ ਬੱਚਿਆਂ ਦੇ ਸਿੱਖਿਆ ਦੇ ਅਧਿਕਾਰ ਦੇ ਰੂਪ ਵਿੱਚ ਸਾਹਮਣੇ ਆਇਆ ਸੀ, ਉਹ ਵੀ ਕਰੋਨਾ ਦੀ ਭੇਟ ਚੜ ਗਿਆ ਜਾਪਦਾ ਹੈ। ਭਾਰਤ ਵਿੱਚ 12 ਕਰੋੜ ਦੇ ਕਰੀਬ ਬੱਚੇ ਮਿਡ-ਡੇਅ ਮੀਲ ਉੱਪਰ ਨਿਰਭਰ ਹਨ। 9 ਪਰਵਾਸ ਕਰਨ ਅਤੇ ਸਕੂਲ ਬੰਦ ਹੋਣ ਨਾਲ ਇਹ ਲੱਖਾਂ ਬੱਚੇ ਦੁਪਹਿਰ ਦੇ ਖਾਣੇ ਤੋਂ ਵੰਚਿਤ ਹੋ ਗਏ ਹਨ। ਜਿਹੜੇ ਯੂਨੇਸਕੋ ਦੇ ਖ਼ਦਸ਼ਿਆ ਮੁਤਾਬਿਕ ਕੁਪੋਸ਼ਨ ਦਾ ਸ਼ਿਕਾਰ ਹੋ ਜਾਣਗੇ। ਆਕਸਫੋਮ ਦੀ ਤਾਜ਼ਾ ਰਿਪੋਰਟ ਅਨੁਸਾਰ ਦੁਨੀਆ ਭਰ ਵਿੱਚ ਦਸੰਬਰ ਦੇ ਮਹੀਨੇ ਤੋਂ ਭੁੱਖਮਰੀ ਕਾਰਨ 10 ਹਜ਼ਾਰ ਦੀ ਰੋਜ਼ਾਨਾ ਮੌਤ ਹੋਣ ਦਾ ਖ਼ਦਸ਼ਾ ਹੈ, ਜਿਨਾਂ ਵਿੱਚ ਬੱਚਿਆਂ ਦੀ ਗਿਣਤੀ ਜ਼ਿਆਦਾ ਹੋਵੇਗੀ। ਆਕਸਫੋਮ ਨੇ ਤਾਂ ਇਸ ਨੂੰ 'ਹੰਗਰ ਵਾਇਰਸ' ਦਾ ਨਾਂ ਦਿੱਤਾ ਹੈ। ਇਸ ਦੇ ਨਾਲ ਹੀ ਲੱਖਾਂ ਸਕੂਲਾਂ ਦੇ ਬੰਦ ਹੋਣ, ਮਾਪਿਆਂ ਦੇ ਰੁਜ਼ਗਾਰ ਖੁੱਸਣ ਅਤੇ ਕਈ ਕਿਸਮ ਦੀਆਂ ਨਵੀਆਂ ਦੁਸ਼ਵਾਰੀਆਂ ਉਤਪੰਨ ਹੋਣ ਨਾਲ ਬੱਚਿਆਂ ਵਿੱਚ ਮਾਨਸਿਕ ਤਣਾਅ ਦੇ ਵਧਣ ਨਾਲ ਕਈ ਨਵੀਆਂ ਮਨੋਂਵਿਵਸਥਾ ਦੇ ਵਿਗਾੜ ਵਾਲੀਆਂ ਬਿਮਾਰੀਆਂ ਉਤਪੰਨ ਹੋਣਗੀਆਂ। ਇੱਥੋਂ ਤੱਕ ਕਿ ਬੱਚਿਆਂ ਵਿੱਚ ਹਿੰਸਾ, ਬਾਲ ਮਜ਼ਦੂਰੀ ਅਤੇ ਸਰੀਰਕ ਸ਼ੋਸ਼ਣ ਦੇ ਸ਼ਿਕਾਰ ਹੋਣ ਦੀਆਂ ਸੰਭਾਵਨਾਵਾਂ ਵੀ ਵਧਣਗੀਆਂ। ਇਸ ਸਥਿਤੀ ਤੋਂ ਪਹਿਲਾਂ ਕੌਮੀ ਫੈਮਿਲੀ ਹੈਲਥ ਦੇ ਸਰਵੇਖਣ ਮੁਤਾਬਿਕ ਦੁਨੀਆ ਦੇ 132 ਮੁਲਕਾਂ 'ਚੋਂ ਭਾਰਤ 114ਵੇਂ ਸਥਾਨ ਉੱਪਰ ਆਉਂਦਾ ਹੈ, ਜਿਸ ਵਿੱਚ ਬੱਚਿਆਂ ਦੇ ਕੁਪੋਸ਼ਣ ਦੀ ਦਰ ਸਭ ਤੋਂ ਵੱਧ ਹੈ ਅਤੇ 78 ਲੱਖ ਤੋਂ ਵੱਧ ਬੱਚੇ ਕਿਸੇ ਨਾ ਕਿਸੇ ਪੱਖ ਤੋਂ ਅਪਾਹਜ ਅਤੇ ਵਿਕਲਾਂਗਤਾ ਨਾਲ ਪੀੜਤ ਹਨ।

ਪੇਂਡੂ ਖੇਤਰ ਵਿੱਚ ਇਹ ਗਿਣਤੀ ਇਸ ਤੋਂ ਵੀ ਕੀਤੇ ਜ਼ਿਆਦਾ ਹੈ ਅਤੇ ਭਾਰਤ ਦੀ ਕਰੀਬ 70 ਫ਼ੀਸਦੀ ਆਬਾਦੀ ਪੇਂਡੂ ਹੈ। ਇਸ ਕਰ ਕੇ ਇਹ ਸਵਾਲ ਅਹਿਮ ਬਣਦਾ ਹੈ ਕਿ ਬਹੁਗਿਣਤੀ ਅਜਿਹੇ ਮਾਪੇ ਕਿਸ ਤਰਾਂ ਬੱਚਿਆਂ ਨੂੰ ਪੜਾਉਣ ਅਤੇ ਆਨਲਾਈਨ ਸਿੱਖਿਆ ਦੇ ਸਹਾਇਕ ਹੋ ਸਕਦੇ ਹਨ। ਸਿੱਖਿਆ ਨਾਲ ਜੁੜੇ ਉੱਪਰਲੇ ਅਦਾਰਿਆਂ ਨੇ ਸਿਰਫ਼ ਤੇ ਸਿਰਫ਼ ਸਿਲੇਬਸ ਪੂਰਾ ਕਰਵਾਉਣਾ ਅਤੇ ਇਮਤਿਹਾਨ ਦੀ ਤਿਆਰੀ ਕਰਨਾ ਹੀ ਮੁੱਖ ਮੰਤਵ ਬਣਾ ਲਿਆ ਜਾਪਦਾ ਹੈ। ਇਸ ਸੰਕਟ ਦੇ ਦੌਰ ਵਿੱਚ ਜਦੋਂ ਸਕੂਲ ਬੰਦ ਪਏ ਹਨ, ਉਸ ਸਮੇਂ ਡਿਜੀਟਲ ਉਪਕਰਨਾਂ ਦਾ ਨਵਾਂ ਬੋਝ ਮਾਪਿਆਂ 'ਤੇ ਪਾਉਣਾ ਅਤੇ ਇੱਥੋਂ ਤੱਕ ਕਈ ਕਿਸਮ ਦੇ ਇੰਟਰਨੈੱਟ ਕੁਨੈਕਸ਼ਨਾਂ ਦੇ ਨਵੇਂ ਆਰਥਿਕ ਬੋਝ ਸਦਕਾ ਸਾਧਾਰਨ ਲੋਕਾਂ ਲਈ ਨਵੀਆਂ ਸਮੱਸਿਆਵਾਂ ਉਤਪੰਨ ਹੋ ਰਹੀਆਂ ਹਨ, ਨਾਲ ਹੀ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਆਨਲਾਈਨ ਐਜੂਕੇਸ਼ਨ ਦਾ ਬੱਚਿਆਂ 'ਤੇ ਪੈਣ ਵਾਲੇ ਮਨੋਵਿਗਿਆਨਿਕ ਅਤੇ ਸਮਾਜਿਕ ਦੁਰ- ਪ੍ਰਭਾਵ ਭਵਿੱਖ ਵਿੱਚ ਇੱਕ ਗੰਭੀਰ ਚੁਨੌਤੀ ਬਣ ਕੇ ਉੱਭਰਨਗੇ।

ਯੂਨੇਸਕੋ ਵੱਲੋਂ ਗਲੋਬਲ ਐਜੂਕੇਸ਼ਲ ਰਿਪੋਰਟ 2020 ਜੋ ਜੂਨ ਮਹੀਨੇ ਵਿੱਚ ਜਾਰੀ ਕੀਤੀ ਗਈ ਹੈ, ਅਨੁਸਾਰ ਕਰੋਨਾ ਕਾਰਨ ਵਿੱਦਿਅਕ ਸੰਸਥਾਵਾਂ ਇੰਨੇ ਵੱਡੇ ਪੱਧਰ 'ਤੇ ਬੰਦ ਕਰ ਦਿੱਤੀਆਂ ਕਿ 91 ਪ੍ਰਤੀਸ਼ਤ ਵਿਦਿਆਰਥੀ ਸਕੂਲਾਂ ਤੋਂ ਬਾਹਰ ਹੋ ਗਏ। ਤਾਲਾਬੰਦੀ ਦੌਰਾਨ ਮੁਲਕਾਂ ਵੱਲੋਂ ਅਪਣਾਈ ਡਿਜੀਟਲ ਪੜਾਈ ਦੀ ਪ੍ਰਕਿਰਿਆ ਦੌਰਾਨ ਵਿਸ਼ਵ ਦੇ 50 ਫ਼ੀਸਦੀ ਵਿਦਿਆਰਥੀ ਕੰਪਿਊਟਰ ਅਤੇ ਆਨਲਾਈਨ ਉਪਕਰਨਾਂ ਦੁਆਰਾ ਪੜਾਈ ਕਰਨ ਤੋਂ ਵਾਂਝੇ ਰਹਿ ਗਏ ਹਨ। ਇਸ ਰਿਪੋਰਟ ਨੇ ਦੁਨੀਆ ਦੀਆਂ ਸਰਕਾਰਾਂ ਨੂੰ ਕੋਸਿਆ ਹੈ ਕਿ ਉਨਾਂ ਦੀ ਵਿਦਿਆਰਥੀਆਂ ਦੀ ਸਿੱਖਿਆ ਪ੍ਰਤੀ ਪਹੁੰਚ ਨਖਿੱਧ ਰਹੀ ਹੈ, ਜਿਸ ਕਾਰਨ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਅਤੇ ਚਿੰਤਾਵਾਂ ਗੰਭੀਰ ਹੱਦ ਤੱਕ ਪਹੁੰਚ ਗਈਆਂ ਹਨ।

ਸਿੱਖਿਆ ਸ਼ਾਸਤਰੀ ਅਨੁਸਾਰ ਅਸੀਂ ਸਿੱਖਿਆ ਖੇਤਰ ਦੀਆਂ ਸਥਾਈ ਖ਼ਾਮੀਆਂ ਨੂੰ ਹੱਲ ਕਰਨ ਲਈ ਤਕਨਾਲੋਜੀ ਰਾਹੀਂ ਅਸਥਾਈ ਹੱਲ ਲੱਭਣ ਦੀ ਆਦਤ ਪਾ ਲਈ ਹੈ। ਇਸ ਕਿਸਮ ਨਾਲ, ਲੋਕਾਂ ਨੂੰ ਇਹ ਸੋਚਣ ਦੇ ਰਾਹ ਤੋਰ ਦਿੱਤਾ ਹੈ ਕਿ ਤਕਨਾਲੋਜੀ ਰਾਹੀਂ ਹਰ ਸਮੱਸਿਆਵਾਂ ਨਾਲ ਨਜਿੱਠ ਲਵਾਂਗੇ ਪਰ ਹਕੀਕਤ ਇਹ ਹੈ ਕਿ ਇਸ ਨਾਲ ਕਾਰਪੋਰੇਟ ਘਰਾਣੇ ਹੋਰ ਤਾਕਤਵਰ ਹੋ ਜਾਣਗੇ ਕਿਉਂਕਿ ਉਨਾਂ ਦਾ ਸਾਮਾਨ ਜੋ ਕਿ ਤਕਨਾਲੋਜੀ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਲੈਪਟਾਪ, ਮੋਬਾਈਲ, ਵਾਈ-ਫਾਈ ਆਦਿ ਜਨ-ਸਮੂਹ ਤੱਕ ਨੂੰ ਖ਼ਰੀਦਣਾ ਪੈ ਰਿਹਾ ਹੈ। ਅੰਕੜੇ ਇਹ ਵੀ ਦਰਸਾ ਰਹੇ ਹਨ ਕਿ ਜਿੱਥੇ ਕਰੋਨਾ ਸੰਕਟ ਦੌਰਾਨ ਆਰਥਿਕਤਾ ਬੁਰੀ ਤਰਾਂ ਪ੍ਰਭਾਵਿਤ ਹੋਈ, ਉੱਥੇ ਡਿਜੀਟਲ ਉਪਕਰਨਾਂ ਦੀ ਮੰਗ ਵਧਣ ਕਾਰਨ ਇਨਾਂ ਦੀ ਵਿੱਕਰੀ ਵਿੱਚ ਅਥਾਹ ਵਾਧਾ ਹੋਇਆ ਅਤੇ ਸਾਫ਼ਟਵੇਅਰ ਕੰਪਨੀਆਂ ਦਾ ਮੁਨਾਫ਼ਾ ਪਿਛਲੇ ਚਾਰ ਮਹੀਨਿਆਂ ਵਿੱਚ ਕਈ ਗੁਣਾਂ ਵਧਿਆ ਹੈ। ਇਸ ਦਿਸ਼ਾ ਵੱਲ ਹੀ ਵਿਸ਼ਵ ਬੈਂਕ ਨੇ 3 ਬਿਲੀਅਨ ਡਾਲਰ ਦੇ 'ਸਟਾਰ ਪ੍ਰਾਜੈਕਟ' ਅਧੀਨ ਦੇਸ਼ ਦੇ ਛੇ ਸੂਬਿਆਂ ਦੀ ਸਕੂਲੀ ਸਿੱਖਿਆ ਵਿੱਚ ਸੁਧਾਰ ਕਰਨ ਲਈ ਕਾਰਪੋਰੇਟ ਘਰਾਨਿਆਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦੀ ਭੂਮਿਕਾ ਵਧਾਉਣ ਦੇ ਫ਼ੈਸਲੇ ਲਏ ਹਨ।

ਜਾਪਾਨ ਵਰਗੇ ਵਿਗਿਆਨ ਅਤੇ ਤਕਨਾਲੋਜੀ ਵਿੱਚ ਵਿਕਸਿਤ ਮੁਲਕ ਦੀ ਮਿਸਾਲ ਲੈਣੀ ਬਣਦੀ ਹੈ, ਜਿਸ ਨੇ ਇਸ ਮਹਾਂਮਾਰੀ ਦੌਰਾਨ ਵੀ ਸਕੂਲੀ ਬੱਚਿਆਂ ਨੂੰ ਡਿਜੀਟਲ ਉਪਕਰਨਾਂ ਤੋਂ ਦੂਰ ਰੱਖ ਕੇ ਚੰਗਾ ਸਾਹਿਤ ਪੜਨ ਅਤੇ ਰਚਨਾਤਮਿਕ ਕਿਰਿਆਵਾਂ ਨਾਲ ਜੋੜੀ ਰੱਖਿਆ। ਸਿੱਖਿਆ ਵਿੱਚ ਤਕਨਾਲੋਜੀ ਦੀ ਵਰਤੋਂ ਪ੍ਰਤੀ ਤਤਪਰਤਾ ਦਿਖਾਉਣ ਤੋਂ ਪਹਿਲਾਂ ਇਸ ਵੇਲੇ ਜ਼ਰੂਰਤ ਇਸ ਗੱਲ ਦੀ ਹੈ ਕਿ ਜਿਸ ਕਿਸਮ ਨਾਲ ਸਕੂਲੀ ਸੰਕਟ ਉਤਪੰਨ ਹੋ ਰਿਹਾ ਹੈ, ਇਸ ਨਾਲ ਲਾਜ਼ਮੀ ਤੌਰ 'ਤੇ ਲੱਖਾਂ ਵਿਦਿਆਰਥੀਆਂ ਦੀ ਸੰਵੇਦਨਾ ਅਤੇ ਸੂਝ ਪ੍ਰਭਾਵਿਤ ਹੋਵੇਗੀ। ਸਮਾਜ ਦੇ ਸਮੁੱਚੇ ਵਰਗਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਕੂਲੀ ਵਿਦਿਆਰਥੀਆਂ ਨੂੰ ਭਵਿੱਖ ਦੇ ਵਾਰਿਸ ਸਮਝਦੇ ਹੋਏ ਸਦੀਆਂ ਤੋਂ ਸਕੂਲ ਅਤੇ ਸਮਾਜ ਦੇ ਆਪਸੀ ਵਿਕਾਸ ਦੇ ਰਸਤੇ ਨੂੰ ਮੁੜ ਉਸਾਰਨ ਲਈ ਇੱਕਜੁੱਟ ਹੋ ਕੇ ਸੋਚਣ, ਜਿਸ ਕਿਸਮ ਨਾਲ ਨਵ-ਉਦਾਰਵਾਦੀ ਨੀਤੀਆਂ, ਨਿੱਜੀਕਰਨ ਅਤੇ ਹਰ ਪੱਧਰ 'ਤੇ ਸਿੱਖਿਆ ਅੰਦਰ ਕਾਰਪੋਰੇਟ ਘਰਾਨਿਆਂ ਦੀ ਦਖ਼ਲਅੰਦਾਜ਼ੀ ਵੱਧ ਰਹੀ ਹੈ, ਇਹ ਸਮੁੱਚੇ ਸਿੱਖਿਆ ਖੇਤਰ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਨੂੰ ਕਮਜ਼ੋਰ ਕਰਨ ਦਾ ਵੱਡਾ ਕਾਰਨ ਬਣੇਗੀ। ਮਹਾਂਮਾਰੀ ਦੇ ਸਮੁੱਚੇ ਸਿੱਖਿਆ ਖੇਤਰ ਅਤੇ ਵਿਦਿਆਰਥੀ ਜੀਵਨ 'ਤੇ ਪਾਏ ਦੁਸ਼-ਪ੍ਰਭਾਵਾਂ ਦੀ ਚੁਨੌਤੀ ਨੂੰ ਸੰਜੀਦਗੀ ਨਾਲ ਨਜਿੱਠਣ ਦੀ ਲੋੜ ਹੈ।




cost plus
# 30 to 80
cents discount

at
## TA Petro fuel station




TA TravelCenters of America

PETRO Stopping Centers®

**We also offer Line of Credit for Fuel Card**

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com

# ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

## ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ





ਅਜਮੇਰ ਸਿੰਘ

ਨੋਟ: ਕਿਤਾਬ ਨਵੰਬਰ ਦੇ ਤੀਜੇ ਹਫਤੇ ਤਕ ਛਪ ਕੇ ਤਿਆਰ ਹੋ ਜਾਵੇਗੀ

# ਗੁਰੂ ਗੋਬਿੰਦ ਸਿੰਘ ਜੀ ਦਾ ਪੈਗ਼ਾਮ

**- ਦਲਬੀਰ ਸਿੰਘ**

ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਨੇ ਆਪਣਾ ਸਾਰਾ ਪਰਿਵਾਰ ਕੌਮ ਤੇ ਮਾਨਵਤਾ ਤੋਂ ਕੁਰਬਾਨ ਕਰ ਦਿੱਤਾ, ਇਸ ਲਈ ਆਪ ਜੀ ਨੂੰ 'ਸਰਬੰਸਦਾਨੀ ਪਿਤਾ' ਕਿਹਾ ਜਾਂਦਾ ਹੈ। ਸੱਚ ਅਤੇ ਧਰਮ ਦੀ ਰਾਖੀ ਕਰਦਿਆਂ ਹੋਇਆਂ ਵੈਰੀਆਂ ਦੀ ਜੜ ਉਖੇੜ ਦਿੱਤੀ। ਦਸਵੇਂ ਪਾਤਸ਼ਾਹ ਦਾ ਫ਼ੁਰਮਾਨ ਸੀ: 'ਚਿੜੀਓ ਸੇ ਮੈਂ ਬਾਜ ਤੁੜਾਊਂ। ਸਵਾ ਲਾਖ ਸੇ ਏਕ ਲੜਾਊਂ।'

ਸਰ ਚਾਰਲਸ ਗਫ ਗੁਰੂ ਜੀ ਨੂੰ ਸੰਸਾਰ ਦਾ ਇਕ ਅਤਿ ਸੂਝਵਾਨ, ਚੜਦੀ ਕਲਾ ਦੀ ਮੂਰਤ ਅਤੇ ਧਾਰਮਿਕ ਰੰਗਣ ਵਿਚ ਰੰਗਿਆ ਹੋਇਆ ਇਕ ਮਹਾਨ ਆਗੂ ਗਿਣਦਾ ਹੈ। ਉਹ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੇ ਛਿੱਟੇ ਮਾਰ ਕੇ ਨਵੇਂ ਸਿਰਿਓਂ ਕੌਮ ਦੀ ਉਸਾਰੀ ਕੀਤੀ।

ਗੁਰੂ ਜੀ ਦੇ ਦਰਬਾਰੀ ਤੇ ਸਮਕਾਲੀ ਕਵੀ ਭਾਈ ਗੁਰਦਾਸ ਜੀ (ਦੂਜਾ) ਆਪਣੀ 17ਵੀਂ 'ਵਾਰ' ਵਿਚ ਇਉਂ ਲਿਖਦੇ ਨੇ:

**'ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥'**

ਜਦੋਂ ਰੱਬੀ ਨੂਰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੋਹ ਸੁਦੀ ਸੱਤਵੀਂ ਨੂੰ 23 ਪੋਹ ਸੰਮਤ 1723 ਮੁਤਾਬਕ 22 ਦਸੰਬਰ, 1666ਈ: ਨੂੰ ਸਨਿਚਰਵਾਰ ਵਾਲੇ ਦਿਨ ਪਟਨਾ ਸਾਹਿਬ (ਬਿਹਾਰ) ਵਿਚ ਮਾਤਾ ਗੁਜਰੀ ਅਤੇ ਪਿਤਾ ਗੁਰੂ ਤੇਗ ਬਹਾਦਰ ਜੀ ਦੇ ਗ੍ਰਿਹ ਵਿਖੇ ਹੋਇਆ ਤਾਂ ਸੱਯਦ ਭੀਖਣ ਸ਼ਾਹ ਦੁਆਰਾ ਲਿਆਂਦੀਆਂ ਦੋ ਕੁੱਜੀਆਂ ਉੱਤੇ ਗੁਰੂ ਜੀ ਨੇ ਆਪਣੇ ਛੋਟੇ-ਛੋਟੇ ਹੱਥ ਧਰਦਿਆਂ ਇਸ ਗੱਲ ਦਾ ਫ਼ੁਰਮਾਨ ਦਿੱਤਾ ਸੀ ਕਿ ਉਹ ਹਿੰਦੂਆਂ ਅਤੇ ਮੁਸਲਮਾਨਾਂ ਦੇ ਸਾਂਝੇ ਗੁਰੂ ਹੋਣਗੇ।

ਗੁਰੂ ਜੀ ਨੇ ਬਚਪਨ ਦੇ ਪਹਿਲੇ ਪੰਜ ਸਾਲ ਪਟਨੇ 'ਚ ਬਿਤਾਏ ਸਨ। ਜਿੱਥੇ ਗੁਰੂ ਜੀ ਦਾ ਪ੍ਰਕਾਸ਼ ਹੋਇਆ ਸੀ, ਉਸ ਥਾਂ 'ਤੇ ਸੁੰਦਰ ਗੁਰਦੁਆਰਾ ਤਖ਼ਤ ਸ੍ਰੀ ਪਟਨਾ ਸਾਹਿਬ ਸੁਸ਼ੋਭਿਤ ਹੈ।

ਪਿਤਾ ਜੀ ਦੇ ਹੁਕਮ ਅਨੁਸਾਰ 1671ਈ: ਵਿਚ ਗੁਰੂ ਜੀ ਪਰਿਵਾਰ ਸਮੇਤ ਅਨੰਦਪੁਰ ਆ ਗਏ। ਪਿਤਾ ਜੀ ਪਾਸੋਂ ਸ਼ਸਤਰ ਵਿੱਦਿਆ ਦੇ ਨਾਲ-ਨਾਲ ਧਾਰਮਿਕ ਵਿੱਦਿਆ ਹਾਸਲ ਕੀਤੀ। ਕਈ ਭਾਸ਼ਾਵਾਂ ਵਿਚ ਨਿਪੁੰਨਤਾ ਹਾਸਲ ਕਰ ਲਈ, ਜਿਨਾਂ ਵਿਚੋਂ ਮੁੱਖ ਇਹ ਹਨ- ਫ਼ਾਰਸੀ, ਗੁਰਮੁਖੀ, ਹਿੰਦੀ, ਬ੍ਰਜ ਆਦਿ।

ਅਜੇ 9 ਸਾਲ ਦੇ ਹੋਏ ਸਨ, ਜਦੋਂ ਉਨਾਂ ਆਪਣੇ ਪਿਤਾ ਜੀ ਨੂੰ ਸੱਚ ਤੇ ਧਰਮ ਦੀ ਰਾਖੀ ਖ਼ਾਤਰ ਕੁਰਬਾਨ ਹੋਣ ਲਈ ਦਿੱਲੀ ਵੱਲ ਤੋਰਿਆ। ਉਸ ਸਮੇਂ ਔਰੰਗਜ਼ੇਬ ਇਕ ਵਾਂਢਿਓਂ ਹੀ ਸਾਰੀ ਸਲਤਨਤ ਨੂੰ ਮੁਸਲਮਾਨ ਬਣਾ ਰਿਹਾ ਸੀ। ਪਾਉਂਟਾ ਸਾਹਿਬ ਵਿਖੇ ਗੁਰੂ ਜੀ ਦੇ ਦਰਬਾਰ 'ਚ 52 ਸਾਹਿਤ ਰਸੀਏ ਕਵੀ, 36 ਲਿਖਾਰੀ ਅਤੇ ਹੋਰ ਪਤਾ ਨਹੀਂ ਕਿੰਨੇ ਕੁ ਵਿਦਵਾਨ, ਜੋ ਦੂਰ-ਦੁਰਾਡੇ ਤੋਂ ਆਉਂਦੇ ਤੇ ਗੁਰੂ ਜੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਦੇ ਸਨ।

ਦਸਵੀਂ ਪਾਤਸ਼ਾਹੀ ਦੁਆਰਾ ਰਚਿਤ ਬਾਣੀਆਂ ਵਿਚੋਂ ਮੁੱਖ ਇਹ ਹਨ: 'ਜਾਪੁ ਸਾਹਿਬ', 'ਸਵੈਯੇ 33', 'ਸ਼ਬਦ ਹਜ਼ਾਰੇ', 'ਜ਼ਫ਼ਰਨਾਮਾ' ਆਦਿ। 'ਚੰਡੀ ਦੀ ਵਾਰ' ਬੀਰ-ਰਸ ਭਰਪੂਰ ਰਚਨਾ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਪ੍ਰਭੂ ਦੇ ਵੱਖ-ਵੱਖ ਸਰੂਪ ਤੇ ਪਹਿਚਾਣ, ਪ੍ਰਭੂ ਦੀ ਸਿਫ਼ਤ-ਸਲਾਹ, ਮਨੁੱਖੀ ਏਕਤਾ ਅਤੇ ਧਰਮ ਦੇ ਨਾਂਅ ਹੇਠ ਪ੍ਰਚੱਲਤ ਗ਼ਲਤ ਵਿਸ਼ਵਾਸ, ਪਾਖੰਡ, ਕਰਮਕਾਂਡ ਬਾਰੇ ਮੁੱਖ ਤੌਰ 'ਤੇ ਵਿਚਾਰ ਪ੍ਰਗਟ ਕੀਤੇ ਹਨ। ਪ੍ਰਭੂ ਦੇ ਵੱਖ-ਵੱਖ ਗੁਣਾਂ ਤੇ ਦਾਤਾਂ ਦਾ ਜ਼ਿਕਰ ਹੀ ਨਹੀਂ, ਸਗੋਂ ਪ੍ਰਭੂ ਦੀ ਸਰਬੱਗਤਾ, ਉੱਚਤਾ ਤੇ ਉਸ ਦੇ ਸਾਹਮਣੇ ਮਨੁੱਖ ਦੀ ਤੁੱਛ ਹਸਤੀ ਦਾ ਬਿਆਨ ਕਰਕੇ ਮਨੁੱਖੀ ਮਨ ਨੂੰ ਪ੍ਰਭੂ ਦੇ ਚਰਨਾਂ 'ਚ ਜੋੜ ਦੇਣਾ, ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਕਰਾਮਾਤੀ ਗੁਣ ਹੈ।

ਵਿਸਾਖੀ 1699 ਈ: ਦਾ ਦਿਨ, ਇਕ ਇਤਿਹਾਸਕ ਦਿਨ ਸੀ। ਇਸ ਦਿਨ ਨੂੰ 'ਖ਼ਾਲਸੇ ਦਾ ਸਥਾਪਨਾ ਦਿਵਸ' ਵੀ ਆਖਿਆ ਜਾਂਦਾ ਹੈ। ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਕੇਸਗੜ ਸਾਹਿਬ (ਅਨੰਦਪੁਰ ਸਾਹਿਬ) ਦੇ ਸਥਾਨ 'ਤੇ ਪੰਜ ਪਿਆਰਿਆਂ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਖ਼ਾਲਸਾ ਪੰਥ ਦੀ

**19 ਨਵੰਬਰ ਜੋਤੀ-ਜੋਤਿ ਦਿਵਸ**

ਸਾਜਨਾ ਕੀਤੀ, ਅਨੋਖਾ ਕਾਰਜ ਕੀਤਾ। ਉਨਾਂ ਪੰਜ ਪਿਆਰਿਆਂ ਪਾਸੋਂ ਆਪ ਜੀ ਨੇ ਅੰਮ੍ਰਿਤ ਛਕਿਆ, ਤਾਹੀਓਂ ਇਹ ਕਿਹਾ ਜਾਂਦਾ ਹੈ: 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।'

ਖ਼ਾਲਸਾ ਪੰਥ ਦੀ ਸਾਜਨਾ ਦੇ ਨਾਲ ਹੀ ਗੁਰੂ ਜੀ ਨੇ ਜਾਤ-ਪਾਤ, ਊਚ-ਨੀਚ ਅਤੇ ਅਮੀਰ-ਗ਼ਰੀਬ ਦਾ ਭੇਦ-ਭਾਵ ਮਿਟਾ ਕੇ ਸਭ ਨੂੰ ਇਕ ਹੀ ਬਾਟੇ ਵਿਚ ਅੰਮ੍ਰਿਤ ਛਕਾਇਆ। ਇਸ 'ਤੇ ਪੱਕਿਆਂ ਰਹਿਣ ਲਈ ਗੁਰੂ ਜੀ ਨੇ ਕੁਝ ਨੇਮ ਘੜੇ, ਜਿਸ ਨੂੰ ਸਮੁੱਚੀ ਸਿੱਖ ਕੌਮ ਨੇ ਖਿੜੇ ਮੱਥੇ ਪ੍ਰਵਾਨ ਕੀਤਾ।

ਕਲਗ਼ੀਧਰ ਦਸਮੇਸ਼ ਪਿਤਾ ਨੂੰ ਹਾਕਮਾਂ ਨਾਲ ਕਈ ਯੁੱਧ ਲੜਨੇ ਪਏ, ਜਿਵੇਂ ਭੰਗਾਣੀ ਦਾ ਯੁੱਧ, ਨਾਦੌਣ ਦਾ ਯੁੱਧ, ਹੁਸੈਨੀ ਦਾ ਯੁੱਧ, ਸ੍ਰੀ ਅਨੰਦਪੁਰ ਦੀ ਜੰਗ, ਚਮਕੌਰ ਦਾ ਯੁੱਧ, ਖਦਰਾਣੇ ਦੀ ਢਾਬ, ਆਦਿ। ਚਮਕੌਰ ਸਾਹਿਬ ਦੀ ਲੜਾਈ ਤੋਂ ਬਾਅਦ ਮਾਛੀਵਾੜੇ ਦੇ ਜੰਗਲਾਂ 'ਚੋਂ ਹੁੰਦੇ ਹੋਏ ਗੁਰੂ ਜੀ 'ਦੀਨਾ ਕਾਂਗੜ' ਵਿਖੇ ਪੁੱਜੇ। ਇੱਥੋਂ ਹੀ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਲਿਖਿਆ, ਜਿਸ ਰਾਹੀਂ ਅਧਰਮ ਤੇ ਅਨੈਤਿਕਤਾ ਦਾ ਰਾਹ ਛੱਡ ਕੇ ਆਮ ਲੋਕਾਈ ਨੂੰ ਸੁੱਖ ਦਾ ਸਾਹ ਦੇਣ ਦਾ ਉਪਦੇਸ਼ ਦਿੱਤਾ, ਇਸ ਨੂੰ 'ਫ਼ਤਹਿਨਾਮਾ' ਵੀ ਕਿਹਾ ਜਾਂਦਾ ਹੈ।

ਮੁਕਤਸਰ ਦਾ ਯੁੱਧ ਜਿੱਤਣ ਤੋਂ ਬਾਅਦ ਗੁਰੂ ਜੀ ਸਾਬੋ ਕੀ ਤਲਵੰਡੀ ਪਹੁੰਚ ਗਏ। ਭਾਈ ਮਨੀ ਸਿੰਘ ਪਾਸੋਂ 'ਆਦਿ ਗ੍ਰੰਥ ਸਾਹਿਬ' ਮੁੜ ਲਿਖਵਾਇਆ ਅਤੇ ਇਸ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਦਾਰ ਜੀ ਦੀ ਬਾਣੀ ਦਰਜ ਕੀਤੀ।

ਨੰਦੇੜ ਸਾਹਿਬ ਪਹੁੰਚ ਕੇ ਮਾਧੋ ਦਾਸ ਬੈਰਾਗੀ ਨੂੰ ਮਿਲੇ ਅਤੇ ਉਸ ਨੂੰ ਸਿੱਧੇ ਰਸਤੇ ਪਾਇਆ। ਦਸਮੇਸ਼ ਪਿਤਾ ਨੇ 'ਬੰਦੇ' ਨੂੰ ਅੰਮ੍ਰਿਤ ਛਕਾ ਕੇ ਉਸ ਦਾ ਨਾਂਅ 'ਬੰਦਾ ਸਿੰਘ' ਰੱਖ ਕੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣ ਲਈ ਪੰਜਾਬ ਵੱਲ ਤੋਰਿਆ।

ਸਰਬੰਸਦਾਨੀ ਪਿਤਾ ਨੇ 6 ਅਕਤੂਬਰ, 1708 ਈ: ਨੂੰ ਨੰਦੇੜ ਸਾਹਿਬ (ਮਹਾਰਾਸ਼ਟਰ) ਵਿਖੇ (ਪਿਆਨਾ ਸੁਧਾਰਨ ਤੋਂ ਇਕ ਦਿਨ ਪਹਿਲਾਂ) ਭਾਰੀ ਦੀਵਾਨ ਸਜਾਇਆ, ਪੰਜ ਪੈਸੇ ਤੇ ਨਾਰੀਅਲ ਰੱਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੰਜ ਪਰਿਕਰਮਾ ਕਰ ਕੇ ਮੱਥਾ ਟੇਕਿਆ ਅਤੇ ਹੁਕਮ ਕੀਤਾ:

ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ।
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੈ ਲੇ।

**- ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ**

ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਨੇ ਸਮੁੱਚੀ ਮਾਨਵਤਾ ਅਤੇ ਵਿਸ਼ੇਸ਼ ਤੌਰ 'ਤੇ ਭਾਰਤੀ ਸਮਾਜ ਨੂੰ ਅਜਿਹੀ ਮਹੱਤਵਪੂਰਨ ਅਤੇ ਵਿਲੱਖਣ ਦੇਣ ਦਿੱਤੀ ਹੈ, ਜਿਸ ਨੂੰ ਕਲਮ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ, ਭਾਵ ਜਾਤ-ਪਾਤ, ਊਚ-ਨੀਚ ਅਤੇ ਅਮੀਰ-ਗਰੀਬ ਦਾ ਭੇਦ-ਭਾਵ ਮਿਟਾ ਕੇ ਸਰਬ-ਸਾਂਝੀਵਾਲਤਾ ਦਾ ਪੈਗ਼ਾਮ ਪ੍ਰਚਾਰਿਆ। ਗੁਰੂ ਜੀ ਦੁਆਰਾ ਦਰਸਾਈਆਂ ਗਈਆਂ ਰਹਿਤਾਂ 'ਤੇ ਪਹਿਰਾ ਦਿੰਦੇ ਹੋਏ ਸੱਚੇ-ਸੁੱਚੇ ਸੰਤ-ਸਿਪਾਹੀ ਬਣੀਏ, ਮਜ਼ਲੂਮਾਂ ਦੀ ਰੱਖਿਆ ਕਰੀਏ ਤੇ ਸਰਬੱਤ ਦਾ ਭਲਾ ਕਰੀਏ, ਫਿਰ ਹੀ ਸਾਨੂੰ ਗੁਰੂ ਦੇ ਸਿੱਖ ਅਖਵਾਉਣ ਦਾ ਹੱਕ ਹੋਵੇਗਾ।

# ਮਹਾਨ ਇਨਕਲਾਬੀ ਰਹਿਬਰ 'ਸੰਤ ਨਾਮਦੇਵ ਜੀ ਮਹਾਰਾਜ'

**- ਦਲਬੀਰ ਸਿੰਘ ਧਾਲੀਵਾਲ**

ਪੁਰਾਤਨ ਭਾਰਤੀ ਸਮਾਜ ਵਿਚ ਭਗਤ ਨਾਮਦੇਵ ਅਜਿਹੇ ਧਾਰਮਿਕ ਮਹਾਂਪੁਰਖਾਂ ਦਾ ਆਗਮਨ ਜਦੋਂ 12ਵੀਂ-13ਵੀਂ ਸਦੀ ਵਿਚ ਹੋਇਆ ਤਾਂ ਉਦੋਂ ਇੱਥੇ ਜਾਤ-ਪਾਤ, ਊਚ-ਨੀਚ ਅਤੇ ਵਰਨ-ਵੰਡ ਜਿਹੀਆਂ ਕੁਰੀਤੀਆਂ ਵਿਚ ਭਾਰਤੀ ਸਮਾਜ ਜਕੜਿਆ ਹੋਇਆ ਸੀ। ਅਜਿਹੇ ਸਮਿਆਂ ਵਿਚ ਇੱਥੇ ਸ਼ੁਰੂ ਹੋਈ ਇਨਕਲਾਬੀ ਸੰਤ ਲਹਿਰ, ਜੋ ਸਮਾਜ ਸੁਧਾਰਕ ਅਤੇ ਨਵੀਂ ਕ੍ਰਾਂਤੀ ਦਾ ਧਾਰਮਿਕ ਸੰਦੇਸ਼ ਦਿੰਦੀ ਸੀ। ਇਹ ਉਦੋਂ ਦੇ ਦੱਬੇ ਕੁਚਲੇ ਤੇ ਲਤਾੜੇ-ਪਿਛਾੜੇ ਲੋਕਾਂ ਲਈ ਇਕ ਸੰਜੀਵਨੀ ਬੂਟੀ ਸਾਬਤ ਹੋਈ। ਇਸ ਭਗਤੀ ਲਹਿਰ ਵਿਚ ਹੀ ਸਭ ਤੋਂ ਪਹਿਲੇ ਸੰਤ ਨਾਮਦੇਵ ਜੀ ਮਹਾਰਾਜ ਦਾ ਆਗਮਨ 26 ਅਕਤੂਬਰ, 1270 (ਕੱਤਕ ਸੂਦੀ 11, ਸਾਕਾ ਸੰਮਤ 1192) ਨੂੰ ਮਹਾਰਾਸ਼ਟਰ ਸੂਬੇ ਦੇ ਅਜੋਕੇ ਜ਼ਿਲੇ ਹਿੰਗੋਲੀ (ਪੁਰਾਣਾ ਜ਼ਿਲਾ ਪ੍ਰਭਣੀ) ਦੇ ਕਸਬਾ ਰੂਪੀ, ਪਿੰਡ ਨਰਸੀ ਬਾਮਣੀ ਵਿਚ ਹੋਇਆ। ਨਰਸੀ ਬਾਮਨੀ, ਹਜ਼ੂਰ ਸਾਹਿਬ (ਨੰਦੇੜ) ਤੋਂ 100 ਕਿਲੋਮੀਟਰ ਅਤੇ ਹਿੰਗੋਲੀ ਤੋਂ 16 ਕਿਲੋਮੀਟਰ ਦੂਰ ਹੈ। ਇੱਥੋਂ ਦੀ ਸਰਕਾਰ ਨੇ ਹੁਣ ਇਸ ਦਾ ਨਾਮ 'ਨਰਸੀ ਨਾਮਦੇਵ' ਰੱਖ ਦਿੱਤਾ ਹੈ। ਸੰਤ ਨਾਮਦੇਵ ਜੀ ਦੇ ਪਿਤਾ ਦਾ ਨਾਂ ਦਾਮਸੇਠ, ਮਾਤਾ ਦਾ ਨਾਮ ਗੋਨਾਬਾਈ ਅਤੇ ਭੈਣ ਦਾ ਨਾਮ ਔਬਾਈ ਲਿਖਿਆ ਗਿਆ ਹੈ। ਨਾਮਦੇਵ ਜੀ ਦੇ ਮਾਂ-ਬਾਪ ਛੀਂਬਾ ਜਾਤੀ ਦੇ ਹੋਣ ਕਾਰਨ ਕੱਪੜੇ ਸਿਉਣ ਅਤੇ ਰੰਗਣ ਦਾ ਕੰਮ ਕਰਦੇ ਸਨ। ਸੰਤ ਨਾਮਦੇਵ ਨੇ ਸੱਚੀ ਪ੍ਰਭੂ ਭਗਤੀ ਦੀ ਅਰਾਧਨਾ ਕਰਦੇ ਹੋਏ ਆਪਣੇ ਗਿਆਨ ਦਾ ਸਹੀ ਦ੍ਰਿਸ਼ਟੀਕੋਣ ਇਨਾਂ ਗ਼ਰੀਬ ਲੋਕਾਂ ਵਿਚ ਫੈਲਾ ਕੇ ਉਨਾਂ ਦੇ ਮਨਾਂ ਵਿਚ ਆਤਮ ਵਿਸ਼ਵਾਸ ਦੀ ਭਾਵਨਾ ਪੈਦਾ ਕੀਤੀ। ਉਨਾਂ ਨੇ ਆਪਣੀ ਬਾਣੀ ਰਾਹੀਂ ਅੱਤਿਆਚਾਰੀ ਧਾਰਮਿਕ ਪਾਖੰਡੀਆਂ ਦੀ ਬੇਖ਼ੌਫ ਅਤੇ ਨਿਧੜਕ ਹੋ ਕੇ ਨਿਖੇਧੀ ਕੀਤੀ, ਜਿਵੇਂ ਕਿ ਉਹਨਾਂ ਦੀ ਬਾਣੀ ਹੈ ਕਿ :

**'ਹਿੰਦੂ ਅੰਨਾ, ਤੁਰਕੂ ਕਾਣਾ।। ਦੁਹਾਂ ਤੇ ਗਿਆਨੀ ਸਿਆਣਾ।।'**

ਜ਼ਿਕਰਯੋਗ ਹੈ ਕਿ ਉਨਾਂ ਸਮਿਆਂ ਵਿਚ ਕਿਸੇ ਉੱਚ ਸ਼੍ਰੇਣੀ ਵਿਅਕਤੀ ਵੱਲੋਂ ਬ੍ਰਾਹਮਣਵਾਦ ਦੀ ਕੀਤੀ ਨੁਕਤਾਚੀਨੀ ਤਾਂ ਬਰਦਾਸ਼ਤ ਹੋ ਸਕਦੀ ਸੀ ਪਰ ਇਹ ਗੱਲ ਬਿਲਕੁਲ ਸਹੀ ਨਹੀਂ ਕਹੀ ਜਾ ਸਕਦੀ ਸੀ ਕਿ ਸੰਤ ਨਾਮਦੇਵ ਜਿਹਾ ਕੋਈ ਦਲਿਤ ਵਿਅਕਤੀ ਬ੍ਰਾਹਮਣਵਾਦ ਵਿਰੁੱਧ ਆਪਣੀ ਜ਼ੁਬਾਨ ਖੋਲਣ ਦੀ ਜ਼ੁਅੱਰਤ ਵੀ ਕਰੇ, ਪਰ ਸੰਤ ਨਾਮਦੇਵ ਜੀ ਨੇ ਉਦੋਂ ਇਹ ਸਮਾਜ ਸੁਧਾਰਕ

**25 ਨਵੰਬਰ ਪ੍ਰਕਾਸ਼ ਦਿਹਾੜਾ**

ਤੇ ਕ੍ਰਾਂਤੀਕਾਰੀ ਲਫ਼ਜ਼ ਆਪਣੇ ਬਾਣੀ ਰਾਹੀਂ ਕਹੇ ਸਨ। ਇਸ ਲਈ ਸੰਤ ਨਾਮਦੇਵ ਜੀ ਨੂੰ ਸਮਾਜ ਸੁਧਾਰਕ ਤੇ ਕ੍ਰਾਂਤੀਕਾਰੀ ਮਹਾਂਪੁਰਖ ਵੀ ਕਿਹਾ ਜਾ ਸਕਦਾ ਹੈ। ਸੰਤ ਨਾਮਦੇਵ ਜੀ ਦੀ ਬਾਣੀ ਦੱਸਦੀ ਹੈ ਕਿ ਅੰਨੀ ਧਾਰਮਿਕ ਕੱਟੜਤਾ ਈਰਖਾ ਨੂੰ ਜਨਮ ਦਿੰਦੀ ਹੈ। ਲੋਕ ਮੰਦਰ-ਮਸਜਿਦ ਅਤੇ ਹੋਰ ਧਰਮ ਸਥਾਨਾਂ ਦੇ ਨਾਂ 'ਤੇ ਲੜਨ-ਮਰਨ ਨੂੰ ਤਿਆਰ ਹੋ ਜਾਂਦੇ ਹਨ ਪਰ ਉਨਾਂ ਵਿਚ ਨੈਤਿਕ ਅਤੇ ਦੈਵੀ ਗੁਣ ਖ਼ਤਮ ਹੋ ਜਾਂਦੇ ਹਨ ਜਿਸ ਪ੍ਰਤੀ ਸੰਤ ਨਾਮਦੇਵ ਜੀ ਨੇ ਆਪਣੇ ਵਿਚਾਰ ਇੰਜ ਪ੍ਰਗਟ ਕੀਤੇ ਹਨ:

**'ਹਿੰਦੂ ਪੂਜੈ ਦੇਹੁਰਾ, ਮੁਸਲਮਾਨ ਮਸੀਤਿ।**
**ਨਾਮੇ ਸੋਈ ਸੇਵਿਆ, ਜਹ ਦੇਹੁਰਾ ਨਾ ਮਸੀਤਿ।।'**
**(ਗੁਰੂ ਗ੍ਰੰਥ ਸਾਹਿਬ, ਅੰਗ 875)**

ਸੰਤ ਨਾਮਦੇਵ ਜੀ ਦੇ ਗੁਰੂ ਵਿਸ਼ੋਭਾ ਖੇਚਰ ਸਨ, ਜੋ ਮੂਰਤੀ ਪੂਜਾ ਦੇ ਸਖ਼ਤ ਵਿਰੋਧੀ ਸਨ। ਉਨਾਂ ਨੇ ਉਚਾਰਿਆ 'ਪਾਸ਼ਨਾ-ਚਾ ਦੇਵ ਬੋਲਚੇ ਨਾ ਕਧੀ' ਭਾਵ ਪੱਥਰ ਦੇ ਦੇਵਤੇ ਕਦੇ ਬੋਲਦੇ ਨਹੀਂ। ਗੁਰੂ ਧਾਰਨ ਮਗਰੋਂ ਸੰਤ ਨਾਮਦੇਵ ਜੀ ਨਿਰਾਕਾਰ ਪ੍ਰਭੂ ਦੀ ਹੋਰ ਦ੍ਰਿੜਤਾ ਨਾਲ ਅਰਾਧਨਾ ਵਿਚ ਲੱਗ ਗਏ, ਉਹ ਹਰ ਸ਼ੈਅ ਅਤੇ ਪ੍ਰਾਣੀ ਵਿਚ ਵਿਆਪਕ ਪ੍ਰਭੂ ਵੇਖਣ ਲੱਗੇ। ਇਸ ਲਈ ਉਨਾਂ ਨੇ ਸਮੁੱਚੀ ਮਨੁੱਖਤਾ ਨੂੰ ਪਿਆਰ ਕਰਨ ਦਾ ਅਤੇ ਬਰਾਬਰ ਸਮਝਣ ਦਾ ਸੰਦੇਸ਼ ਵੀ ਦਿੱਤਾ ਹੈ। ਉਨਾਂ ਨੇ ਆਪਣੇ ਗੁਰੂ ਦੀ ਵਿਚਾਰਧਾਰਾ ਤੋਂ ਪ੍ਰਾਪਤ ਕੀਤੇ ਗਿਆਨ ਅਨੁਸਾਰ ਹੀ ਇਹ ਪਾਵਨ ਬਚਨ ਉਚਾਰਨ ਕੀਤੇ ਹਨ:

**'ਏਕੈ ਪਾਥਰ ਕੀਜੈ ਭਾਉ॥**
**ਦੂਜੈ ਪਾਥਰ ਧਰੀਐ ਪਾਉ॥**
**ਜੇ ਓਹੁ ਦੇਉ ਤ ਓਹੁ ਭੀ ਦੇਵਾ॥**
**ਕਹਿ ਨਾਮਦੇਉ ਹਮ ਹਰਿ ਕੀ ਸੇਵਾ॥'**
**(ਗੁਰੂ ਗ੍ਰੰਥ ਸਾਹਿਬ, ਅੰਗ 525)**

ਅਜੀਬ ਗੱਲ ਹੈ ਕਿ ਇਕ ਪੱਥਰ ਨੂੰ ਦੇਵਤਾ ਬਣਾ ਕੇ ਪੂਜਿਆ ਜਾਂਦਾ ਹੈ ਤੇ ਦੂਜੇ ਪੱਥਰਾਂ 'ਤੇ ਪੈਰ ਰੱਖਿਆ ਜਾਂਦਾ ਹੈ। ਜੇ ਪੂਜਣ ਵਾਲਾ ਪੱਧਰ ਕੋਈ ਫਲ ਦੇ ਸਕਦਾ ਹੈ ਤਾਂ ਦੂਜੇ ਪੱਥਰ ਨੂੰ ਵੀ ਅਜਿਹਾ ਫਲ ਦੇਣਾ ਚਾਹੀਦਾ ਹੈ। ਨਾਮਦੇਵ ਜੀ ਕਹਿੰਦੇ ਹਨ ਕਿ ਪੱਥਰਾਂ ਨੂੰ ਛੱਡ ਕੇ ਸੱਚੇ ਰੱਬ ਦੀ ਭਗਤੀ ਕਰਨੀ ਚਾਹੀਦੀ ਹੈ। ਜੇ ਸੰਤ ਨਾਮਦੇਵ ਜੀ ਦੇ ਇਤਿਹਾਸ ਦੀ ਪੂਰੀ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇ ਤਾਂ ਉਨਾਂ ਨੇ ਆਪਣੀ ਬਾਣੀ ਵਿਚ ਪ੍ਰਭੂ ਦੀ ਸੱਚੀ ਭਗਤੀ ਕਰਨ ਵਾਲਿਆਂ ਨੂੰ ਤੀਰਥ ਯਾਤਰਾ, ਯੱਗਾਂ ਵਿਚ ਬਲੀਆਂ ਦੇਣਾ, ਵਰਤ ਰੱਖਣੇ, ਮੂਰਤੀ ਪੂਜਾ ਆਦਿਕ ਅੰਧਵਿਸ਼ਵਾਸਾਂ, ਧਾਰਮਿਕ ਭੇਖਾਂ ਅਤੇ ਵਰਨ-ਵੰਡ ਤੇ ਅਧਾਰਿਤ ਜਾਤ-ਪਾਤ ਜਿਹੇ ਵਿਕਾਰਾਂ ਤੋਂ ਵਰਜਿਆ ਹੈ। ਗੁਰੂ ਨਾਨਕ ਦੇਵ ਨੇ 15ਵੀਂ ਸਦੀ ਵਿਚ ਜੋ 'ਨਾਮ ਜਪੋ ਤੇ ਕਿਰਤ ਕਰੋ' ਦਾ ਉਪਦੇਸ਼ ਖ਼ੁਦ ਖੇਤਾਂ ਵਿਚ ਹੱਲ ਚਲਾ ਕੇ ਦਿੱਤਾ ਸੀ, ਓਵੇਂ ਹੀ ਭਗਤ ਨਾਮਦੇਵ ਜੀ ਨੇ 200 ਸਾਲ ਪਹਿਲਾਂ 13ਵੀਂ ਸਦੀ ਵਿਚ ਅਜਿਹੀ ਹੀ ਵਿਚਾਰਧਾਰਾ ਪ੍ਰਗਟ ਕੀਤੀ ਸੀ। ਭਗਤ ਤ੍ਰਿਲੋਚਨ ਜੀ ਕਹਿੰਦੇ ਹਨ:

**ਨਾਮਾ ਮਾਇਆ ਮੋਹਿਆ, ਕਹੈ ਤਿਲੋਚਨੁ ਮੀਤ।।**
**ਕਾਹੇ ਛੀਪਹੁ ਛਾਇਲੈ, ਰਾਮ ਨ ਲਾਵਹੁ ਚੀਤੁ।।**

ਭਾਵ: 'ਹੇ ਮਿੱਤਰ ਨਾਮਦੇਵ, ਤੂੰ ਤਾਂ ਮਾਇਆ ਵਿਚ ਫਸਿਆ ਜਾਪਦਾ ਹੈ। ਇਹ ਅੰਬਰੇ (ਕਪੜੇ) ਕਿਉਂ ਠੇਕ (ਛਾਪ) ਰਿਹਾ ਹੈਂ ? ਰੱਬ ਨਾਲ ਚਿੱਤ ਕਿਉਂ ਨਹੀਂ ਜੋੜਦਾ' ਭਗਤ ਨਾਮਦੇਵ ਜੀ ਨੇ ਉੱਤਰ ਦਿੱਤਾ:

**ਨਾਮਾ ਕਹੈ ਤਿਲੋਚਨਾ, ਮੁਖ ਤੇ ਰਾਮੁ ਸੰਮ੍ਾਲਿ ।। ਹਾਥ ਪਾਉ ਕਰਿ ਕਾਮੁ ਸਭੁ, ਚੀਤੁ ਨਿਰੰਜਨ ਨਾਲਿ ।।**
**(ਗੁਰੂ ਗ੍ਰੰਥ ਸਾਹਿਬ, ਅੰਗ 875)**

'ਹੇ ਤ੍ਰਿਲੋਚਨ - ਮੂੰਹ ਨਾਲ ਰਬ ਦਾ ਨਾਮ ਲਉ, ਹੱਥਾਂ-ਪੈਰਾਂ ਨਾਲ ਕੰਮ-ਕਾਜ ਕਰੋ ਅਤੇ ਆਪਣਾ ਮਨ ਮਾਇਆ ਰਹਿਤ ਪ੍ਰਮਾਤਮਾ ਨਾਲ ਜੋੜੋ, ਇਹੋ ਹੀ ਰੱਬ ਦੀ ਸੱਚੀ ਭਗਤੀ ਹੈ' ਜਿਵੇ ਬਾਣੀ ਹੈ: ਇਸੇ ਲਈ ਹੀ ਗੁਰੂ ਨਾਨਕ ਦੇਵ ਨੇ ਭਗਤ ਨਾਮਦੇਵ ਜੀ ਦੀ ਬਾਣੀ ਉਨਾਂ ਦੇ ਸ਼ਰਧਾਲੂਆਂ ਤੋਂ ਇਕੱਤਰ ਕੀਤੀ ਅਤੇ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਉਸ ਨੂੰ ਵੱਖ ਵੱਖ ਰਾਗਾਂ ਵਿਚ ਸਤਿਕਾਰ ਸਹਿਤ ਦਰਜ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਦੇ 61 ਸ਼ਬਦ, 18 ਰਾਗਾਂ ਵਿਚ ਦਰਜ ਮਿਲਦੇ ਹਨ। ਉਨਾਂ ਦੀ ਜਿਹੜੀ ਬਾਣੀ ਗੁਰੂ ਗ੍ਰੰਥ ਵਿਚ ਦਰਜ ਹੈ, ਉਹ ਉਸ ਸਮੇਂ ਦੇ ਭਾਰਤ ਦੀ ਸਰਬ-ਸਾਂਝੀ ਬੋਲੀ ਵਿਚ ਹੈ, ਜੋ ਆਮ ਤੌਰ 'ਤੇ ਹਿੰਦੀ ਹੀ ਹੈ। ਕਈ ਲਫ਼ਜ਼ ਮਰਾਠੀ, ਪ੍ਰਾਕ੍ਰਿਤ, ਸੰਸਕ੍ਰਿਤ ਤੇ ਫ਼ਾਰਸੀ ਦੇ ਵੀ ਵਰਤੇ ਹਨ। ਆਖ਼ਰੀ ਦਿਨਾਂ ਵਿਚ ਭਗਤ ਨਾਮਦੇਵ ਜੀ ਦੇ ਸਭ ਸਾਥੀ ਜਦ ਕਾਲ-ਵੱਸ ਹੋ ਗਏ ਤਾਂ ਉਹ ਮਹਾਰਾਸ਼ਟਰ ਤੋਂ ਪੰਜਾਬ ਆ ਗਏ। ਉਨਾਂ ਨੇ ਜੀਵਨ ਦੇ ਆਖ਼ਰੀ ਲਗਭਗ 20 ਸਾਲ ਗੁਰਦਾਸਪੁਰ ਜ਼ਿਲੇ ਦੇ ਪਿੰਡ ਘੁਮਾਣ ਵਿਚ ਗੁਜ਼ਾਰੇ ਸਨ, ਜਿੱਥੇ ਉਹ 15 ਜਨਵਰੀ, 1350 ਵਿਚ ਅਕਾਲ ਚਲਾਣਾ ਕਰ ਗਏ। ਅਜੋਕੇ ਸਮੇਂ ਸਾਨੂੰ ਸਭ ਨੂੰ ਭਗਤ ਨਾਮਦੇਵ ਜੀ ਦੀ ਬਾਣੀ ਤੋਂ ਸਿੱਖਿਆ ਲੈਣ ਦੀ ਜ਼ਰੂਰਤ ਹੈ।

# ਗ਼ਦਰੀ ਬਾਬਿਆਂ ਦੀ ਕੁਰਬਾਨੀ, ਸਿੱਖ ਪਰੰਪਰਾਵਾਂ ਮੁਤਾਬਕ



- ਰਣਜੀਤ ਸਿੰਘ ਕੁਕੀ ਗਿਲ

ਗ਼ਦਰੀ ਬਾਬਿਆਂ ਦੀ ਗਾਥਾ ਅੱਜ 107 ਸਾਲਾਂ ਬਾਅਦ ਵੀ ਪੰਜਾਬ ਅਤੇ ਖ਼ਾਸ ਕਰਕੇ ਸਿੱਖ ਕੌਮ ਲਈ ਵਿਰਾਸਤੀ ਤੇ ਦੰਤ ਕਥਾ ਹੈ। ਉਹਨਾਂ ਦੇ ਹੌਂਸਲੇ ਦੀ ਹਿੰਮਤ ਤੇ ਨਿਡਰਤਾ ਅੱਜ ਵੀ ਇੱਕ ਮਿਸਾਲ ਹੈ। 107 ਸਾਲ ਪਹਿਲਾਂ ਗ਼ਦਰੀ ਬਾਬੇ ਜੋ ਕਿ 96 ਤੋਂ 96% ਸਿੱਖ ਸਨ ਨੇ ਆਪਣੇ ਧਰਮ ਤੋਂ ਪ੍ਰੇਰਨਾ ਲੈ ਕੇ ਅਮਰੀਕਾ ਦੇ 19ਵੀਂ ਸਦੀ ਦੇ ਸ਼ੁਰੂ ਵਿੱਚ ਰਹਿ ਚੁੱਕੇ ਰਾਸ਼ਟਰਪਤੀ ਥੋਮਸ ਜੈਫਰਸਨ ਜੋ ਕਿ ਅਮਰੀਕਾ ਦਾ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਅਜ਼ਾਦੀ ਘੁਲਾਟੀਆ ਸੀ, ਦੇ ਕਹੇ ਹੋਏ ਬੋਲ ਹਨ, ਕਿ 'ਜ਼ੁਲਮ ਦੇ ਖ਼ਿਲਾਫ਼ ਬਗ਼ਾਵਤ ਕਰਨੀ, ਵਾਹਿਗੁਰੂ ਦਾ ਫੁਰਮਾਨ' ਹੈ।

ਇਸ ਪ੍ਰਸੰਗਿਕ ਵਿਆਖਿਆ ਨੂੰ ਆਪਣੇ ਲੜ ਬੰਨ ਕੇ ਗ਼ਦਰੀ ਬਾਬਿਆਂ ਨੇ ਆਪਣੇ ਹੌਸਲੇ ਦੀ ਦ੍ਰਿੜਤਾ ਨੂੰ ਮਜ਼ਬੂਤ ਕਰਦਿਆਂ ਇੱਕ ਖ਼ੁਆਬ ਅਮਰੀਕਾ ਤੇ ਕਨੇਡਾ ਦਾ ਧਰਤੀ ਤੇ ਬੈਠ ਕੇ ਬੁਣਿਆ ਕਿ ਅਸੀਂ ਆਪਣੇ ਲੋਕਾਂ ਲਈ ਅੰਗਰੇਜ਼ੀ ਸਾਮਰਾਜ ਦੀ ਗ਼ੁਲਾਮੀ ਵਿੱਚੋਂ ਇੱਕ ਅਜਿਹਾ ਖ਼ੁਆਬ ਬੁਣਨਾ ਹੈ ਜੋ ਚਿਰਾਂ ਤੋਂ ਚੱਲੀ ਆ ਰਹੀ ਗ਼ੁਲਾਮੀ ਦੀ ਸੰਘਣੀ ਰਾਤ ਨੂੰ ਨਿਖੇੜ ਸੁੱਟੇਗਾ। ਉਹਨਾਂ ਗਦਰੀ ਬਾਬਿਆਂ ਨੇ ਜ਼ਿੰਦਗੀ ਬਾਰੇ ਤਾਂ ਸੋਚਿਆ ਕਿ ਇਹ ਤਾਂ ਵਾਹਿਗੁਰੂ ਦੀ ਰਜਾ ਹੈ। ਇਹਨਾਂ ਖ਼ੁਆਬਾਂ ਨੂੰ ਇੱਕ ਲੜੀ ਵਿੱਚ ਪਰੋਣ ਲਈ ਉੱਨੀਵੀਂ ਸਦੀ ਦੇ ਅਖੀਰ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਵਿਚੋਂ ਵਿਦੇਸ਼ਾਂ ਨੂੰ ਗਏ ਇਹਨਾਂ ਕਿਰਤੀ ਸਿੱਖ ਕਿਸਾਨਾਂ ਨੇ ਆਪਣੇ ਸਿੱਖ ਇਤਿਹਾਸ ਵਿਚੋਂ ਪ੍ਰੇਰਨਾ ਲੈ ਕੇ 1913 ਵਿੱਚ ਗਦਰ ਲਹਿਰ ਦੀ ਸਥਾਪਨਾ ਕੀਤੀ। ਇਹਨਾਂ ਨੇ 120 ਬੰਦਿਆਂ ਦੇ ਇਕੱਠ ਨੂੰ ਬਾਬਾ ਸੋਹਣ ਸਿੰਘ ਭਕਨਾ ਨੇ ਅਮਰੀਕਾ ਦੇ ਓਰੇਗੌਨ ਸੂਬੇ ਦੇ ਸ਼ਹਿਰ ਐਸਟੋਰੀਆ ਵਿੱਚ ਸੱਦਿਆ। ਜਿਸ ਵਿੱਚ ਉਚੇਚੇ ਤੌਰ 'ਤੇ ਪ੍ਰੋਫੈਸਰ ਹਰਦਿਆਲ ਨੂੰ ਵੀ ਕੈਲੇਫੋਰਨੀਆਂ ਤੋਂ ਬੁਲਾਇਆ ਗਿਆ। ਉਹ ਉਸ ਸਮੇਂ ਸਮਾਜਿਕ ਵਿੱਦਿਆ ਦੇ ਅਮਰੀਕਨ ਯੂਨੀਵਰਸਿਟੀ ਸਟੈਨਫੋਰਡ ਵਿੱਚ ਪ੍ਰੋਫੈਸਰ ਸੀ। ਲੰਮੀ ਸੋਚ ਵਿਚਾਰ ਤੋਂ ਬਾਅਦ ਗਦਰ ਲਹਿਰ ਦੀ ਸਥਾਪਨਾ ਕੀਤੀ ਗਈ ਅਤੇ ਬਾਬਾ ਸੋਹਣ ਸਿੰਘ ਭਕਨਾ ਨੂੰ ਇਸ ਲਹਿਰ ਦਾ ਮੋਢੀ ਬਣਾਇਆ ਗਿਆ। ਬਕਾਇਦਾ ਤੌਰ ਤੇ ਇਸ ਇਕੱਠ ਵਿੱਚ ਸਰਬ-ਸੰਮਤੀ ਨਾਲ ਗਦਰ ਲਹਿਰ ਦੇ ਮੁੱਢਲੇ ਅਸੂਲਾਂ ਨੂੰ ਵੀ ਕਲਮਬੰਦ ਕੀਤਾ ਗਿਆ। ਅਮਰੀਕਾ ਅਤੇ ਆਇਰਸ਼ਾਂ ਦੇ ਅੰਗਰੇਜ਼ੀ ਸਾਮਰਾਜ ਖ਼ਿਲਾਫ਼ ਲੜੇ ਸੰਘਰਸ਼ ਨੂੰ ਆਪਣਾ ਉਦੇਸ਼ ਮੰਨ ਕੇ ਪੰਜਾਬ ਵਿੱਚ ਵੀ ਆਪਣੇ ਰਾਜ ਦੀ ਪੂਰਤੀ ਲਈ ਹਥਿਆਰਬੰਦ ਅੰਗਰੇਜ਼ੀ ਸਾਮਰਾਜ ਦੇ ਖ਼ਿਲਾਫ਼ ਲੜਨ ਦਾ ਆਇਦ ਲਿਆ ਗਿਆ। ਗਦਰ ਲਹਿਰ ਨੂੰ ਪ੍ਰਚਲਿਤ ਕਰਨ ਲਈ ਗਦਰ ਨਾਮ ਦਾ ਇੱਕ ਪਰਚਾ ਵੀ ਸਥਾਪਤ ਕੀਤਾ ਗਿਆ ਜੋ ਕ੍ਰਾਂਤੀਕਾਰੀ ਸੋਚ ਦਾ ਪ੍ਰਤੀਕ ਸੀ। ਇਸੇ ਗਦਰ ਲਹਿਰ ਨਾਲ ਉਸ ਸਮੇਂ ਕੈਲੀਫੋਰਨੀਆਂ ਅਤੇ ਅਮਰੀਕਾ ਦੀ ਨਾਮੀ ਵਿਸ਼ਵਿਦਿਆਲੇ ਬਰਕਲੀ ਵਿੱਚ ਪੜਦਾ ਨੌਜਵਾਨ ਸਿੱਖ ਕਰਤਾਰ ਸਿੰਘ ਸਰਾਭਾ ਵੀ ਇਸ ਗਦਰੀ ਲਹਿਰ ਨਾਲ ਘੁਲ-ਮਿਲ ਗਿਆ। ਕਰਤਾਰ ਸਿੰਘ ਸਰਾਭਾ ਨੇ ਵੀ ਥੋੜੇ ਚਿਰ ਵਿੱਚ ਹੀ ਗਦਰੀ ਲਹਿਰ ਨੂੰ ਆਪਣੀ ਮਿਹਨਤ ਤੇ ਲਗਨ ਸਦਕਾ ਕਾਫ਼ੀ ਬਲ ਬਖ਼ਸ਼ਿਆ। ਪ੍ਰੋਫੈਸਰ ਹਰਦਿਆਲ ਨੂੰ ਗਦਰ ਅਖ਼ਬਾਰ ਦਾ ਸੰਚਾਲਕ ਤੇ ਸੰਪਾਦਕ ਬਣਾਇਆ ਗਿਆ। ਇਸ ਨੂੰ ਵੱਡੀ ਗਿਣਤੀ ਵਿੱਚ ਪੰਜਾਬ ਵਿੱਚ ਵੀ ਭੇਜਣ ਦਾ ਉਪਰਾਲਾ ਕੀਤਾ ਗਿਆ। ਗਦਰ ਲਹਿਰ ਦੀ ਸਥਾਪਨਾ ਤੋਂ ਥੋੜਾ ਸਮਾਂ ਬਾਅਦ ਹੀ ਪਹਿਲੀ ਸੰਸਾਰਕ ਜੰਗ ਵੀ ਸ਼ੁਰੂ ਹੋ ਚੁੱਕੀ ਸੀ। ਅੰਗਰੇਜ਼ੀ ਸਾਮਰਾਜ ਦੀ ਫ਼ੌਜ ਵਿੱਚ ਸਿੱਖ ਰਾਜ ਦੇ ਡਿੱਗਣ ਤੋਂ ਬਾਅਦ ਕਾਫ਼ੀ ਵੱਡੀ ਗਿਣਤੀ ਵਿੱਚ ਸਿੱਖ ਕੌਮ ਦੀ ਬਹਾਦਰੀ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆ ਅੰਗਰੇਜ਼ੀ ਹਕੂਮਤ ਨੇ ਉਹਨਾਂ ਨੂੰ ਕਾਫ਼ੀ ਵੱਡੀ ਮਿਕਦਾਰ ਵਿੱਚ ਅੰਗਰੇਜ਼ੀ ਸਾਮਰਾਜ ਦੀ ਫ਼ੌਜ ਵਿੱਚ ਭਰਤੀ ਕਰ ਲਿਆ ਸੀ। ਸਿੱਖ ਫ਼ੌਜੀਆਂ ਨੇ ਵੀ 1857 ਦੇ ਪਹਿਲੇ ਗਦਰ ਵੇਲੇ ਅੰਗਰੇਜ਼ੀ ਸਾਮਰਾਜ ਦੀ ਵਧ ਚੜ ਕੇ ਮਦਦ ਕੀਤੀ ਸੀ। ਪਹਿਲੀ ਸੰਸਾਰਕ ਜੰਗ ਤੋਂ ਉੱਠੀਆਂ ਪ੍ਰਸਥਿਤੀਆਂ ਨੂੰ ਮੱਦੇਨਜ਼ਰ ਰੱਖਦਿਆਂ ਗਦਰ ਲਹਿਰ ਨੇ ਵੀ ਇਹ ਅਹਿਦ ਕੀਤਾ ਕਿ ਆਪਾਂ ਜਰਮਨ ਅਤੇ ਜਾਪਾਨ ਦੀ ਹਕੂਮਤ ਤੋਂ ਹਥਿਆਰਬੰਦ ਮਦਦ ਲੈ ਕੇ ਪੰਜਾਬ ਨੂੰ ਕੂਚ ਕੀਤਾ ਜਾਵੇ। ਇਸ ਤੋਂ ਬਾਅਦ ਕਰਤਾਰ ਸਿੰਘ ਸਰਾਭਾ ਤੇ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਪੰਜਾਬ ਨੂੰ ਕੂਚ ਕਰ ਦਿੱਤਾ। ਇਸ ਦੀ ਭਿਣਕ ਅੰਗਰੇਜ਼ੀ ਸਾਮਰਾਜ ਦੀਆਂ ਖੁਫੀਆਂ ਏਜੰਸੀਆਂ ਨੂੰ ਵੀ ਪੈ ਗਈ ਸੀ। ਜਿਸ ਕਰਕੇ ਬਾਬਾ ਸੋਹਣ ਸਿੰਘ ਭਕਨਾ ਸਮੇਤ ਬਹੁਤੇ ਗਦਰੀ ਬਾਬੇ ਬੰਦਰਗਾਹਾਂ ਤੇ ਹੋਰ ਥਾਵਾਂ ਤੋਂ ਗ੍ਰਿਫ਼ਤਾਰ ਕਰ ਲਏ ਗਏ ਸੀ। ਕਰਤਾਰ ਸਿੰਘ ਸਰਾਭਾ ਤੇ ਹੋਰ ਕਈ ਗਦਰੀ ਅੰਗਰੇਜ਼ੀ ਸਾਮਰਾਜੀਆਂ ਦੀ ਪਕੜ ਤੋਂ ਬਚ ਗਏ ਸਨ। ਉਹਨਾਂ ਨੇ ਪੰਜਾਬ ਪਹੁੰਚ ਕੇ ਆਪਣੇ ਸੰਘਰਸ਼ ਨੂੰ ਲੀਹਾਂ ਤੇ ਲਿਆਉਣ ਲਈ ਸਿੱਖ ਫ਼ੌਜੀਆਂ ਤੇ ਹੋਰ ਬੌਧਿਕ ਨੈਤਿਕਤਾ ਵਾਲੇ ਬੰਦਿਆਂ ਨਾਲ ਸੰਪਰਕ ਬਣਾਇਆ। ਉਸ ਸਮੇਂ ਪੰਜਾਬ ਵਿੱਚ ਅੰਗਰੇਜ਼ੀ ਸਾਮਰਾਜ ਦਾ ਪੜੇ ਲਿਖੇ ਸਮਾਜ ਅਫ਼ਸਰਸ਼ਾਹੀ ਅਤੇ ਸਿੱਖ ਫ਼ੌਜੀਆਂ ਤੇ ਅਜਿਹੀ ਅਸਪਸ਼ਟਤਾ ਦਾ ਪਰਛਾਵਾਂ ਪਾਇਆ ਹੋਇਆ ਸੀ ਕਿ ਉਹਨਾਂ ਦੀ ਬੁੱਧੀ ਤੇ ਸਾਮਰਾਜੀਆਂ ਦੇ ਹੀ ਰੰਗ ਚੜੇ ਹੋਏ ਸਨ। ਉਹ ਇਹ ਸੋਚੀ ਬੈਠੇ ਸੀ ਕਿ ਸਾਡੀ ਗੁਲਜ਼ਾਰ ਜ਼ਿੰਦਗੀ ਅਤੇ ਸ਼ਾਹੀ ਠਾਠ-ਬਾਠ ਸਾਮਰਾਜੀਆਂ ਦੀ ਹੀ ਬਖ਼ਸ਼ ਹੈ। ਆਮ ਜਨਤਾ ਵੀ ਇਸੇ ਗੁਲਜ਼ਾਰ ਦੀ ਮੁਰੀਦ ਹੋ ਚੁੱਕੀ ਅਤੇ ਉਹ ਗਦਰੀ ਲਹਿਰ ਨੂੰ ਇੱਕ ਸਿਰ-ਫਿਰੇ ਅਧਰਮੀ ਬੰਦਿਆਂ ਦਾ ਟੋਲਾ ਮੰਨਦੀ ਸੀ। ਪਰ ਕਰਤਾਰ ਸਿੰਘ ਸਰਾਭਾ ਹੂਰਾਂ ਤੇ ਇਹ ਰੰਗਤ ਚੜੀ ਹੋਈ ਸੀ,

**ਸਾਡੇ ਵੀਰਨੋ ਤੁਸੀਂ ਨੇ ਖ਼ੁਸ਼ ਰਹਿਣਾ,**
**ਅਸੀਂ ਆਪਣੀ ਆਪ ਨਿਭਾਅ ਦਿਆਂਗੇ।**
**ਦੁੱਖ ਝੱਲਾਂਗੇ ਹੱਸ ਕੇ ਵਾਂਗ ਮਰਦਾਂ,**
**ਨਾਲ ਖ਼ੁਸ਼ੀ ਦੇ ਸੀਸ ਲਗਾਅ ਦਿਆਂਗੇ।**
**ਖ਼ਾਤਰ ਧਰਮ ਦੀ ਜਿੰਦ ਕੁਰਬਾਨ ਕਰਕੇ,**
**ਜੜ ਜ਼ੁਲਮ ਦੀ ਪੁੱਟ ਦਿਖਾ ਦਿਆਂਗੇ।**

ਇਸੇ ਕਾਮਨਾ ਨੂੰ ਆਪਣੇ ਦਿਲੋਂ-ਦਿਮਾਗ਼ ਵਿੱਚ ਬਿਠਾ ਕੇ ਕਰਤਾਰ ਸਿੰਘ ਸਰਾਭਾ ਹੋਰਾਂ ਨੇ ਹੱਸ-ਹੱਸ ਕੇ ਫਾਂਸੀ ਦੇ ਰੱਸੇ ਚੁੰਮੇ ਅਤੇ ਮਨ ਅੰਦਰ ਇਹ ਕਾਮਨਾ ਰੱਖੀ,

**ਸਾਡੀ ਆਤਮਾ ਸਦਾ ਅਡੋਲ ਵੀਰੋ**
**ਕਰੂ ਕੀ ਤਫੰਗ ਦਾ ਵਾਰ ਸਾਨੂੰ।**

ਆਪਣੇ ਗੁਰੂ ਨੂੰ ਯਾਦ ਕਰਦਿਆਂ ਕਰਤਾਰ ਸਿੰਘ ਸਰਾਭਾ ਕਹਿੰਦਾ ਹੈ:

**ਖਾਤਿਰ ਧਰਮ ਦੀ ਗੁਰੂਆਂ ਨੇ ਪੁੱਤਰ ਵਾਰੇ,**
**ਦਿਸੇ ਚਮਕਦੀ ਨੇਕ ਮਿਸਾਲ ਸਾਨੂੰ।**

ਪਰ ਇਤਫ਼ਾਕ ਨਾਲ ਗਦਰੀ ਬਾਬਿਆਂ ਤੇ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਨੂੰ ਵਕਤ ਦੇ ਇਤਿਹਾਸਕਾਰਾਂ ਨੇ ਭਾਰਤੀ ਰਾਸ਼ਟਰਵਾਦ ਅਤੇ ਹਿੰਦੂ ਧਰਮ ਦੀ ਇੱਕ ਮਿਸਾਲ ਵਜੋਂ ਵਾਰ ਵਾਰ ਦਰਸਾਇਆ ਹੈ। ਇਹ ਵਰਤਾਰਾ 1928/30 ਤੋਂ ਹੀ ਪ੍ਰਚਲਿਤ ਹੋ ਗਿਆ ਸੀ। ਭਾਵੇਂ ਬਾਬਾ ਵਿਸਾਖਾ ਸਿੰਘ ਗਦਰੀ ਬਾਬੇ ਨੂੰ 1930 ਵਿੱਚ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਮੁਕੱਰਰ ਕਰ ਦਿੱਤਾ ਗਿਆ ਸੀ ਇਸੇ ਤਰਾਂ ਬਾਬਾ ਸੋਹਣ ਸਿੰਘ ਭਕਨਾ ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਸਰਬ ਸੰਮਤੀ ਨਾਲ ਆਪਣਾ ਪ੍ਰਧਾਨ ਚੁਣ ਲਿਆ ਸੀ ਪਰ ਉਹ ਤਕਨੀਕੀ ਕਾਰਨਾਂ ਕਰਕੇ ਪ੍ਰਸੰਗ ਅਧੂਰਾ ਰਹਿ ਗਿਆ। ਸਿਵਾਏ ਪੰਜਾਬ ਦੀ ਕਿਸਾਨੀ ਅਤੇ ਸਿੱਖ ਕੌਮ ਵਿੱਚ ਹੀ ਅੱਜ ਵੀ ਗਦਰੀ ਬਾਬਿਆਂ ਦੀ ਗੰਜ ਸਹਿਕਦੀ ਹੈ ਅਤੇ ਹਰ ਸਾਲ 1959 ਤੋਂ ਲੈ ਕੇ ਗਦਰੀ ਬਾਬਿਆਂ ਦਾ ਮੇਲਾ ਵੀ ਚੇਤਨਤਾ ਦਾ ਮੇਲਾ ਉਹਨਾਂ ਦੀ ਸੋਚ ਨੂੰ ਮੁਖਾਤਫ਼ ਹੋ ਕੇ ਲਗਦਾ ਹੈ। ਪਰ ਅੱਜ ਦਾ ਸਮੁੱਚਾ ਭਾਰਤ ਵਿੱਚ ਜੋ ਕੌਮਪ੍ਰਸਤੀ 'ਤੇ ਫ਼ਿਰਕਾਪ੍ਰਸਤੀ ਦੀ ਸਿਆਸਤ ਵਿੱਚ ਪੂਰੀ ਤਰਾਂ ਰੰਗਿਆ ਹੋਇਆ ਹੈ, ਨੂੰ ਗਦਰੀ ਬਾਬਿਆਂ ਦਾ ਇਤਿਹਾਸ ਤੇ ਉਨਾਂ ਦੀ ਸੋਚ ਇੱਕ ਦੁਰਲੱਭ ਤੇ ਵਿਸਾਰ ਦਿੱਤੀ ਗਈ ਸੋਚ ਬਣ ਗਈ ਹੈ। ਖੱਬੇ ਪੱਖੀ ਸੋਚ ਅੱਜ ਵੀ ਗਦਰੀ ਬਾਬਿਆਂ ਨੂੰ ਆਪਣੀ ਵਿਰਾਸਤ ਮੰਨਦੀਆਂ ਹਨ ਭਾਵੇਂ ਗਦਰੀ ਬਾਬਿਆਂ ਨੇ ਸ਼ੁਰੂ ਤੋਂ ਹੀ ਆਪਣੇ ਆਪ ਨੂੰ ਅਜਿਹੀ ਕਿਸੇ ਸੋਚ ਤੋਂ ਮੁਨਕਰ ਰੱਖਿਆ ਹੈ। ਖੱਬੇ ਪੱਖੀ ਤੇ ਹੋਰ ਲੇਖਕ ਗਦਰ ਲਹਿਰ ਦਾ ਮੋਢੀ ਬਾਬਾ ਸੋਹਣ ਸਿੰਘ ਭਕਨਾ ਦੀ ਬਜਾਇ ਪ੍ਰੋਫੈਸਰ ਹਰਦਿਆਲ ਨੂੰ ਮੰਨਦੀਆਂ ਹਨ ਜਦ ਕਿ ਇਤਿਹਾਸ ਗਵਾਹ ਹੈ ਕਿ ਬਾਬਾ ਸੋਹਣ ਸਿੰਘ ਦੀ ਸਵੈ ਜੀਵਨੀ ਵਿੱਚ ਇਹ ਸਾਫ਼ ਲਿਖਿਆ ਹੈ ਕਿ ਪ੍ਰੋਫੈਸਰ ਹਰਦਿਆਲ 'ਗਦਰ' ਅਖ਼ਬਾਰ ਦਾ ਸਿਰਫ਼ ਸੰਪਾਦਕ ਸੀ ਜਿਸ ਦੀ ਸੋਚ ਤਿਲਕਵੀਂ ਤੇ ਅਸਪੱਸ਼ਟ ਸੀ। ਛੇ ਮਹੀਨੇ ਦੀ ਸੰਪਾਦਕੀ ਤੋਂ ਬਾਅਦ ਪ੍ਰੋਫੈਸਰ ਹਰਦਿਆਲ ਨੂੰ ਉਸਦੀਆਂ ਗਤੀਵਿਧੀਆਂ ਕਰਕੇ ਅਮਰੀਕਾ ਦੀ ਸਰਕਾਰ ਨੇ ਕੱਢ ਦਿੱਤਾ ਸੀ ਤੇ ਉਹ ਜਰਮਨੀ ਚਲਾ ਗਿਆ ਸੀ। ਜਿੱਥੇ ਜਾ ਉਸ ਨੇ ਬਾਅਦ ਵਿੱਚ ਅੰਗਰੇਜ਼ੀ ਸਾਮਰਾਜ ਦੀ ਵਕਾਲਤ ਕੀਤੀ ਤੇ ਉਹਨਾਂ ਦੀ ਪ੍ਰਸੰਸਾ ਵਿੱਚ ਇੱਕ ਕਿਤਾਬ ਵੀ ਲਿਖੀ। ਗਦਰੀ ਬਾਬਿਆਂ ਦੀ ਕੁਰਬਾਨੀ ਸਪੱਸ਼ਟਤਾ ਅਤੇ ਉਨਾਂ ਦੀਆਂ ਕਾਮਨਾਵਾਂ ਨੂੰ ਸਿੱਖ ਪਰੰਪਰਾਵਾਂ ਮੁਤਾਬਕ ਅੱਜ ਵੀ ਪੂਰਾ ਮਾਣ-ਸਨਮਾਨ ਪ੍ਰਸਤੁਤ ਨਹੀਂ ਕੀਤਾ ਗਿਆ।

# ਕਰਤਾਰ ਸਿੰਘ ਸਰਾਭਾ ਨੂੰ ਕਦੋਂ ਮਿਲੇਗਾ ਕੌਮੀ ਸ਼ਹੀਦਾਂ ਦਾ ਦਰਜਾ

- ਬਘੇਲ ਸਿੰਘ ਧਾਲੀਵਾਲ
੯੯੧੪੨-੫੮੧੪੨

ਜਦੋਂ ਅਜ਼ਾਦੀ ਦਿਹਾੜਾ ਆਉਂਦਾ ਹੈ ਤਾਂ ਖ਼ੁਸ਼ੀ ਵਿੱਚ ਪੂਰਾ ਦੇਸ਼ ਜਸ਼ਨ ਮਨਾਉਂਦਾ ਹੈ। ਸਾਰੇ ਦੇਸ ਵਿੱਚ ਦੋ ਦਿਨ 15 ਅਗਸਤ ਅਤੇ 26 ਜਨਵਰੀ ਦੇ ਦਿਨ ਕੌਮੀ ਅਜ਼ਾਦੀ ਦਿਵਸ ਵਜੋਂ ਮਨਾ ਕੇ ਅਜ਼ਾਦੀ ਦੇ ਸ਼ਹੀਦਾਂ ਨੂੰ ਯਾਦ ਕਰਨ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਉਪਰੋਕਤ ਦੋਨਾਂ ਦਿਨਾਂ ਦੀ ਮਹੱਤਤਾ ਜਿਨਾਂ ਸੂਰਵੀਰਾਂ ਕਰਕੇ ਹੈ ਅਸਲ ਵਿੱਚ ਉਨਾਂ ਨੂੰ ਯਾਦ ਨਹੀਂ ਕੀਤਾ ਜਾਂਦਾ, ਯਾਦ ਸਿਰਫ਼ ਤੇ ਸਿਰਫ਼ ਕੁੱਝ ਸਲੈਕਟਡ ਦੇਸ਼ ਭਗਤਾਂ ਨੂੰ ਹੀ ਕੀਤਾ ਜਾਂਦਾ ਹੈ। ਦੇਸ਼ ਦਾ ਸੰਵਿਧਾਨ ਲਿਖਣ ਵਾਲੇ ਡਾ. ਭੀਮ ਰਾਓ ਅੰਬੇਦਕਰ ਨੂੰ ਤਾਂ ਮਰਨ ਤੋਂ ਪਹਿਲਾਂ ਆਪਣਾ ਧਰਮ ਤਬਦੀਲ ਕਰਨ ਵਾਲਾ ਬੜਾ ਸਖ਼ਤ ਤੇ ਕਠਨ ਫ਼ੈਸਲਾ ਲੈਣ ਲਈ ਮਜਬੂਰ ਹੋਣਾ ਪਿਆ ਸੀ। ਜਿਹੜਾ ਦੇਸ਼ ਤੇ ਅਜ਼ਾਦੀ ਤੋਂ ਬਾਅਦ ਕਾਬਿਜ ਰਹੀ ਬਹੁਗਿਣਤੀ ਦੀ ਹਕੂਮਤ ਦੇ ਮੱਥੇ 'ਤੇ ਨਾ ਮਿਟਣਯੋਗ ਕਾਲਾ ਧੱਬਾ ਹੈ। ਡਾ. ਅੰਬੇਦਕਰ ਦੀ ਮਿਹਨਤ ਦਾ ਕੀ ਮੁੱਲ ਪਿਆ, ਅਸੀਂ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹਾਂ। ਏਸੇ ਤਰਾਂ ਦੇਸ ਦਾ ਸ਼ਾਤਰ ਹਾਕਮ ਟੋਲਾ ਬੜੀ ਮੱਕਾਰੀ ਤੇ ਚਲਾਕੀ ਨਾਲ ਭਾਰਤ ਲਈ ਸ਼ਹਾਦਤਾਂ ਦੇਣ ਵਾਲਿਆਂ ਨੂੰ ਅਜ਼ਾਦੀ ਦੀ ਲੜਾਈ ਵਿਚੋਂ ਵੀ ਮਨਫ਼ੀ ਕਰ ਦਿੰਦਾ ਹੈ। ਅਜ਼ਾਦੀ ਦੀ ਲੜਾਈ ਵਿੱਚ ਜਿੱਤ ਪ੍ਰਾਪਤੀ ਦਾ ਸਾਰਾ ਕ੍ਰੈਡਿਟ ਸਿਰਫ਼ ਤੇ ਸਿਰਫ਼ ਮਹਾਤਮਾ ਗਾਂਧੀ ਅਤੇ ਉਹਦੇ ਸਾਥੀਆਂ ਨਹਿਰੂ, ਪਟੇਲ ਆਦਿ ਨੂੰ ਹੀ ਦੇ ਦਿੱਤਾ ਜਾਂਦਾ ਹੈ। ਇਸ ਸਾਜ਼ਿਸ਼ ਪਿੱਛੇ ਬਹੁਤ ਗਹਿਰੇ ਭੇਦ ਛੁਪੇ ਹੋਏ ਹਨ। ਜਿਨਾਂ ਨੂੰ ਜਾਣਨ ਤੇ ਬੇਪਰਦਾ ਕਰਨ ਦੀ ਬੇਹੱਦ ਲੋੜ ਹੈ। ਸਾਡੇ ਸਿਆਸਤਦਾਨ ਆਪਣੀਆਂ ਰੋਟੀਆਂ ਸੇਕਣ ਲਈ ਜਦੋਂ ਕਿਤੇ ਇਨਾਂ ਕੁਰਬਾਨੀਆਂ ਦੀ ਗੱਲ ਕਰਦੇ ਕਹਿੰਦੇ ਹਨ ਕਿ ਪੰਜਾਬ ਨੇ ਸਾਰੇ ਦੇਸ਼ ਤੋਂ ਵੱਧ ਕੁਰਬਾਨੀਆਂ ਦੇਸ਼ ਦੀ ਅਜ਼ਾਦੀ ਲਈ ਕੀਤੀਆਂ ਹਨ। 90 ਫ਼ੀਸਦੀ ਸ਼ਹੀਦੀਆਂ ਅਜ਼ਾਦੀ ਦੀ ਲੜਾਈ ਵਿੱਚ ਇਕੱਲੇ ਪੰਜਾਬੀ ਸੂਰਵੀਰਾਂ ਨੇ ਦਿੱਤੀਆਂ ਹਨ। ਉਦੋਂ ਸਿੱਖ ਕੌਮ ਨੇ ਕਦੇ ਵੀ ਇਹ ਸੁਆਲ ਉਨਾਂ ਸਿਆਸਤਦਾਨਾਂ ਨੂੰ ਨਹੀਂ ਕੀਤਾ ਜੋ ਇਹਨਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਮੁੱਲ ਵਟਣਾ ਤਾਂ ਜਾਣਦੇ ਹਨ ਪਰ ਆਪਣੇ ਕੌਮੀ ਸ਼ਹੀਦਾਂ ਦਾ ਮੁੱਲ ਪਾਉਣਾ ਜਾਂ ਪਵਾਉਣਾ ਨਹੀਂ ਜਾਣਦੇ। ਅਸੀਂ ਕਦੇ ਵੀ ਇਹ ਨਹੀਂ ਪੁੱਛਿਆ ਕਿ ਅਕਸਰ ਉਹ ਯੋਧੇ ਕੌਣ ਸਨ? ਉਨਾਂ ਦਾ ਇਤਿਹਾਸ ਕੀ ਹੈ? ਉਨਾਂ ਨੂੰ ਅਜ਼ਾਦੀ ਦੀ ਲੜਾਈ ਜਿੱਤਣ ਤੋਂ ਬਾਅਦ ਹਾਸ਼ੀਏ ਤੇ ਖੜਾ ਕਰਨ ਵਾਲੇ ਲੋਕ ਕੌਣ ਹਨ? ਅਸੀਂ ਉਨਾਂ ਨੂੰ ਯਾਦ ਕਿਉਂ ਨਹੀਂ ਕਰਦੇ? ਸਰਕਾਰਾਂ ਉਨਾਂ ਦਾ ਨਾਮ ਤੱਕ ਲੈਣ ਤੋਂ ਕਿਉਂ ਕਤਰਾਉਂਦੀਆਂ ਹਨ? ਸਾਡੀ ਆਪਣੀ ਕੌਮ ਦੇ ਆਗੂਆਂ ਤੋਂ ਸਾਨੂੰ ਇਹ ਸੁਆਲ ਜ਼ਰੂਰ ਪੁੱਛਣੇ ਬਣਦੇ ਹਨ। ਅਮਰੀਕਾ ਦੇ ਸਾਨਫਰਾਂਸਿਸਕੋ ਸ਼ਹਿਰ ਵਿੱਚ ਨਵੰਬਰ 1913 ਨੂੰ ਗਦਰ ਪਾਰਟੀ ਦੀ ਸਥਾਪਨਾ ਹੋਈ। ਇਸ ਪਾਰਟੀ ਦਾ ਪਹਿਲਾ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਬਣਾਇਆ ਗਿਆ। ਇਸ ਪਾਰਟੀ ਦੇ ਪ੍ਰੋਗਰਾਮ ਵਿੱਚ ਅਜ਼ਾਦੀ ਦੀ ਲੜਾਈ ਦੇ ਨਾਲ ਨਾਲ ਗੁਰਬਾਣੀ ਦੇ ਮੂਲ ਸਿਧਾਂਤ ਅਨੁਸਾਰ ਔਰਤਾਂ ਨੂੰ ਬਰਾਬਰ ਦੇ ਅਧਿਕਾਰ, ਸਰਬ ਸਾਂਝੀਵਾਲਤਾ ਅਤੇ ਕਿਸਮਤ ਵਾਦ ਤੇ ਅੰਧ ਵਿਸ਼ਵਾਸ ਨੂੰ ਖ਼ਤਮ ਕਰਨ ਦੇ ਉਪਰਾਲੇ ਕਰਨਾ ਵੀ ਸ਼ਾਮਲ ਹੈ। ਇੱਕ ਬਹੁਤ ਛੋਟੀ ਉਮਰ ਦਾ ਹੋਣਹਾਰ ਦੇਸ਼ ਭਗਤ ਸਿੱਖ ਬੱਚਾ ਸੀ ਕਰਤਾਰ ਸਿੰਘ ਸਰਾਭਾ, ਜਿਸ ਦੀ ਕਾਬਲੀਅਤ ਨੂੰ ਪਛਾਣਦਿਆਂ ਗਦਰ ਪਾਰਟੀ ਨੇ ਉਹ ਨੂੰ ਆਪਣਾ ਪ੍ਰਚਾਰਕ ਨਿਯੁਕਤ ਕਰਕੇ ਉਰਦੂ ਅਤੇ ਪੰਜਾਬੀ ਵਿੱਚ ਨਿਕਲਣ ਵਾਲੇ ਹਫ਼ਤਾਵਰੀ ਅਖ਼ਬਾਰ 'ਗਦਰ ਦੀ ਗੂੰਜ' ਦੇ ਸੰਪਾਦਕ ਦੀ ਵੱਡੀ ਜ਼ਿੰਮੇਵਾਰੀ ਵੀ ਦਿੱਤੀ ਤਾਂ ਕਿ ਲੋਕਾਂ ਨੂੰ ਇਸ ਲੜਾਈ ਵਿੱਚ ਆਪਣੇ ਨਾਲ ਜੋੜਿਆ ਜਾ ਸਕੇ। ਕਰਤਾਰ ਸਿੰਘ ਸਰਾਭੇ ਦੀਆਂ ਲਿਖਤਾਂ ਕਰਕੇ ਇਹ ਅਖ਼ਬਾਰ ਐਨਾ ਮਕਬੂਲ ਹੋਇਆ ਕਿ ਹਰ ਪਾਸੇ ਗਦਰ ਦੀ ਗੂੰਜ ਪੈਣ ਲੱਗੀ। ਲੋਕ ਇਸ ਪਰਚੇ ਦੀ ਬੇਸਬਰੀ ਨਾਲ ਉਡੀਕ ਕਰਦੇ। ਕਰਤਾਰ ਸਿੰਘ ਸਰਾਭੇ ਦੀਆਂ ਸੰਪਾਦਕੀਆਂ ਤੇ ਕਵਿਤਾਵਾਂ ਨੇ ਉਹਦੀ ਹਰਮਨ ਪਿਆਰਤਾ ਵਿੱਚ ਅਥਾਹ ਵਾਧਾ ਕੀਤਾ। ਜਦੋਂ ਗਦਰੀ ਦੇਸ਼ ਭਗਤਾਂ ਨੇ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਐਸ਼ੋ ਇਸ਼ਰਤ ਵਾਲਾ ਜੀਵਨ ਤਿਆਗ ਕੇ ਵਤਨ ਵੱਲ ਕੂਚ ਕਰਨ ਦਾ ਫ਼ੈਸਲਾ ਕੀਤਾ ਸੀ, ਉਸ ਸਮੇਂ ਇਤਿਹਾਸਿਕ ਤੱਥਾਂ ਅਨੁਸਾਰ ਤਕਰੀਬਨ 8000 ਭਾਰਤੀਆਂ ਨੇ ਵੱਖ ਵੱਖ ਦੇਸ਼ਾਂ ਵਿਚੋਂ ਇਕੱਠੇ ਹੋ ਕੇ ਗਦਰੀ ਬਾਬਿਆਂ ਨਾਲ ਭਾਰਤ ਦੀ 'ਜੰਗ ਏ ਅਜ਼ਾਦੀ' ਵਿੱਚ ਸ਼ਾਮਲ ਹੋਣ ਲਈ ਕੂਚ ਕਰ ਦਿੱਤਾ ਸੀ। ਗਦਰ ਅਸਫਲ ਹੋਣ ਤੋਂ ਬਾਅਦ ਵੱਖ ਵੱਖ ਮੁਲਕਾਂ ਵਿੱਚ ਇਹਨਾਂ ਜੋਧਿਆਂ ਤੇ ਮੁਕੱਦਮੇ ਚੱਲੇ, ਜਿਨਾਂ ਵਿੱਚੋਂ ਸੈਂਕੜੇ ਸੂਰਵੀਰ ਗਦਰੀਆਂ ਨੇ ਆਪਣੀਆਂ ਜਾਨਾਂ ਦੀ ਅਹੂਤੀ ਦਿੱਤੀ ਤੇ ਸੈਂਕੜਿਆਂ ਦੀ ਗਿਣਤੀ ਵਿੱਚ ਸਖ਼ਤ ਸਜ਼ਾਵਾਂ ਹੋਈਆਂ। ਇਹਨਾਂ ਲਾਮਿਸਾਲ ਕੁਰਬਾਨੀਆਂ ਵਿੱਚ ਕਰਤਾਰ ਸਿੰਘ ਸਰਾਭੇ ਦੀ ਸ਼ਹੀਦੀ ਦੀ ਵੱਧ ਮਹੱਤਤਾ ਉਹਦਾ ਛੋਟੀ ਉਮਰੇ ਵੱਡੇ ਪੂਰਨੇ ਪਾਉਣ ਕਰਕੇ ਹੈ। ਇਹ ਕੁਰਬਾਨੀ ਦਾ ਜਜ਼ਬਾ ਉਸ ਨੂੰ ਆਪਣੇ ਸ਼ਾਨਾਮੱਤੇ ਪੁਰਾਤਨ ਸਿੱਖ ਵਿਰਸੇ ਤੋਂ ਮਿਲਿਆ। ਇਹੋ ਕਾਰਨ ਹੈ ਜਿਹੜਾ ਭਾਰਤੀ ਹੁਕਮਰਾਨਾਂ ਨੂੰ ਕਰਤਾਰ ਸਿੰਘ ਸਰਾਭੇ ਸਮੇਤ ਅਜ਼ਾਦੀ ਦੇ ਸੈਂਕੜੇ ਸ਼ਹੀਦਾਂ ਦੀ ਅਣਦੇਖੀ ਕਰਨ ਲਈ ਪ੍ਰੇਰਿਤ ਕਰਦਾ ਹੈ। ਗੁਰਬਾਣੀ ਦੀ ਵਿਚਾਰਧਾਰਾ ਜਿਹੜੀ ਸਮੁੱਚੇ ਬ੍ਰਹਿਮੰਡ ਨੂੰ ਕਲਾਵੇ ਵਿੱਚ ਲੈਣ ਦੇ ਸਦਗੁਣ ਆਪਣੇ ਅੰਦਰ ਛੁਪਾਈ ਬੈਠੀ ਹੈ ਉਹਦੇ ਤੇਜ਼ ਤੋਂ ਘਬਰਾਇਆ ਬਹੁ ਗਿਣਤੀ ਦਾ ਕੱਟੜਵਾਦੀ ਸ਼ਾਸਕ ਦੇਸ ਦੀ ਅਜ਼ਾਦੀ ਲਈ ਹੱਸ ਹੱਸਕੇ ਫਾਂਸੀਆਂ ਤੇ ਚੜਨ ਵਾਲੇ ਗਦਰੀ ਬਾਬਿਆਂ ਨੂੰ ਦੇਸ ਦੇ ਕੌਮੀ ਸ਼ਹੀਦਾਂ ਵਜੋਂ ਮਾਨਤਾ ਨਹੀਂ ਦਿੰਦਾ। ਦੁਨੀਆ ਦੇ ਵੱਡੇ ਲੋਕਤੰਤਰ ਵਜੋਂ ਜਾਣੇ ਜਾਂਦੇ ਮੁਲਕ ਦੇ ਹਾਕਮਾਂ ਵੱਲੋਂ ਸ਼ਹੀਦਾਂ ਨਾਲ ਵਿਤਕਰਾ ਉਨਾਂ ਦੀ ਸੌੜੀ ਤੇ ਬੇਈਮਾਨ ਸੋਚ ਨੂੰ ਜੱਗ ਜ਼ਾਹਰ ਕਰਦਾ ਹੈ। ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਬਰਸੀ ਸਮਾਗਮ ਮੌਕੇ ਸੂਬੇ ਦੀ ਸਰਕਾਰ ਦੇ ਨੁਮਾਇੰਦੇ ਹਾਜ਼ਰੀ ਭਰਦੇ ਹਨ ਤੇ ਮੁੜ ਜਾਂਦੇ ਹਨ। ਇਨਾਂ ਸ਼ਹੀਦਾਂ ਨੂੰ ਕੌਮੀ ਰੁਤਬਾ ਦਿਵਾਉਣ ਲਈ ਨਾ ਹੀ ਕਦੇ ਕੋਈ ਪਹੁੰਚ ਕੀਤੀ ਹੈ ਤੇ ਨਾ ਹੀ ਕਿਸੇ ਵੀ ਸੂਬਾ ਸਰਕਾਰ ਨੇ ਕਿਤੇ ਇਹਨਾਂ ਸ਼ਹੀਦਾਂ ਨੂੰ ਰਾਜ ਪੱਧਰੀ ਸਮਾਗਮ ਕਰਕੇ ਆਪਣੇ ਕੌਮੀ ਸ਼ਹੀਦਾਂ ਵਜੋਂ ਮਾਨਤਾ ਦਿੱਤੀ ਹੈ। ਪਿਛਲੇ 10 ਸਾਲ ਸੂਬੇ ਦੀ ਤਤਕਾਲੀ ਪੰਥਕ ਸਰਕਾਰ ਸਿਰਫ਼ ਐਲਾਨਾਂ ਤੱਕ ਹੀ ਸੀਮਤ ਰਹੀ ਹੈ। ਵਿਧਾਨ ਸਭਾ ਵਿੱਚ ਇਨਾਂ ਸ਼ਹੀਦਾਂ ਨੂੰ ਕੌਮੀ ਸ਼ਹੀਦ ਐਲਾਨ ਕੇ ਮਤਾ ਪਾਸ ਕਰਨ ਦੀ ਹਿੰਮਤ ਵੀ ਅਖੌਤੀ ਪੰਥਕ ਸਰਕਾਰ ਨਹੀਂ ਕਰ ਸਕੀ। ਸੂਬੇ ਦੀ ਮੌਜੂਦਾ ਕਾਂਗਰਸ ਸਰਕਾਰ ਤੋ ਵੀ ਕੋਈ ਅਜਿਹੀ ਆਸ ਨਹੀਂ ਕੀਤੀ ਜਾ ਸਕਦੀ ਹੈ ਕਿਉਂਕਿ ਉਨਾਂ ਦੀ ਲਗਾਮ ਵੀ ਕੇਂਦਰ ਵਿੱਚ ਬੈਠੀ ਪੰਜਾਬ ਵਿਰੋਧੀ ਕਾਂਗਰਸ ਹਾਈ ਕਮਾਂਡ ਕੋਲ ਹੈ। ਸੋ ਸਾਡੀ ਅਜ਼ਾਦੀ ਦੀ ਲੜਾਈ ਵਿੱਚ ਸਭ ਤੋਂ ਛੋਟੀ ਉਮਰ ਦੇ ਇਸ ਗਦਰੀ ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਇਹ ਹੀ ਹੋਵੇਗੀ ਕਿ ਅਸੀਂ ਇਨਾਂ ਸ਼ਹੀਦਾਂ ਦੇ ਪਾਏ ਪੂਰਨਿਆਂ ਨੂੰ ਹਿਰਦਿਆਂ 'ਚ ਵਸਾ ਕੇ ਰੱਖੀਏ ਤਾਂ ਕਿ ਇਨਾਂ ਦੀ ਅਦੁੱਤੀ ਕੁਰਬਾਨੀ ਸਾਡਾ ਮਾਰਗ ਦਰਸ਼ਨ ਕਰਦੀ ਰਹੇ।



**ਕੌਮੀ ਪੱਤਰਕਾਰਤਾ ਦਿਵਸ ਤੇ ਵਿਸ਼ੇਸ਼**

# ਸੰਤ ਭਿੰਡਰਾਂਵਾਲੇ ਨੂੰ ਅਗਵਾ ਕਰਨ ਦੀ ਯੋਜਨਾ ਖ਼ੁਫ਼ੀਆ ਏਜੰਸੀ ਰਾਅ ਨੇ ਬਣਾਈ ਸੀ

## ✪ ਅਪਰੇਸ਼ਨ ਲਈ ਇੰਗਲੈਂਡ ਦੇ ਕਮਾਂਡੋਆਂ ਨਾਲ ਸੰਪਰਕ ਕੀਤਾ ✪ ਰਾਅ ਦੇ ਸਾਬਕਾ ਵਧੀਕ ਸਕੱਤਰ ਬੀ ਰਮਨ 'ਕਾਵ ਬੌਇਜ਼ ਆਫ ਰਾਅ' ਅਨੁਸਾਰ ਦਸੰਬਰ, 1983 ਵਿੱਚ ਬ੍ਰਿਟਿਸ਼ ਖ਼ੁਫ਼ੀਆ ਏਜੰਸੀ ਦੇ ਦੋ ਜਾਸੂਸਾਂ ਨੇ ਹਰਿਮੰਦਰ ਸਾਹਿਬ ਦਾ ਮੁਆਇਨਾ ਕੀਤਾ

**ਅੰਮ੍ਰਿਤਸਰ/ਏ.ਟੀ.ਨਿਊਜ਼:** ਜਦੋਂ 1982 ਖ਼ਤਮ ਹੁੰਦੇ-ਹੁੰਦੇ ਪੰਜਾਬ ਦੇ ਹਾਲਤ ਬੇਕਾਬੂ ਹੋਣ ਲੱਗੇ ਤਾਂ ਭਾਰਤੀ ਖ਼ੁਫ਼ੀਆ ਏਜੰਸੀ ਰਾਅ ਦੇ ਸਾਬਕਾ ਮੁਖੀ ਰਾਮਨਾਥ ਕਾਵ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਹੈਲੀਕਾਪਟਰ ਆਪਰੇਸ਼ਨ ਜ਼ਰੀਏ ਪਹਿਲਾਂ ਚੌਕ ਮਹਿਤਾ ਗੁਰਦੁਆਰੇ ਤੇ ਫਿਰ ਬਾਅਦ ਵਿੱਚ ਹਰਿਮੰਦਰ ਸਾਹਿਬ ਤੋਂ 'ਕਿਡਨੈਪ' ਕਰਵਾਉਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਇਸ ਦੌਰਾਨ ਕਾਵ ਨੇ ਬ੍ਰਿਟਿਸ਼ ਹਾਈ ਕਮਿਸ਼ਨ ਵਿੱਚ ਕੰਮ ਕਰ ਰਹੇ ਬ੍ਰਿਟਿਸ਼ ਖ਼ੁਫ਼ੀਆ ਏਜੰਸੀ ਐੱਮਆਈ-6 ਦੇ ਦੋ ਜਾਸੂਸਾਂ ਨਾਲ ਇਕੱਲਿਆਂ ਮੁਲਾਕਾਤ ਕੀਤੀ ਸੀ।

ਰਾਅ ਦੇ ਸਾਬਕਾ ਵਧੀਕ ਸਕੱਤਰ ਬੀ ਰਮਨ 'ਕਾਵ ਬੌਇਜ਼ ਆਫ ਰਾਅ' ਵਿੱਚ ਲਿਖਦੇ ਹਨ, 'ਦਸੰਬਰ, 1983 ਵਿੱਚ ਬ੍ਰਿਟਿਸ਼ ਖ਼ੁਫ਼ੀਆ ਏਜੰਸੀ MI-6 ਦੇ ਦੋ ਜਾਸੂਸਾਂ ਨੇ ਹਰਿਮੰਦਰ ਸਾਹਿਬ ਦਾ ਮੁਆਇਨਾ ਕੀਤਾ ਸੀ। ਇਨਾਂ ਵਿੱਚੋਂ ਘੱਟ ਤੋਂ ਘੱਟ ਇੱਕ ਉਹੀ ਸ਼ਖ਼ਸ ਸੀ ਜਿਸ ਨਾਲ ਕਾਵ ਨੇ ਮੁਲਾਕਾਤ ਕੀਤੀ ਸੀ।'

ਇਸ ਮੁਆਇਨੇ ਦੀ ਅਸਲੀ ਵਜਾ ਉਦੋਂ ਸਪਸ਼ਟ ਹੋਈ ਜਦੋਂ




ਇੱਕ ਬ੍ਰਿਟਿਸ਼ ਖੋਜ-ਕਰਤਾ ਅਤੇ ਪੱਤਰਕਾਰ ਫਿਲ ਮਿਲਰ ਨੇ ਬ੍ਰਿਟਿਸ਼ ਆਰਕਾਈਵਜ਼ ਨਾਲ ਬ੍ਰਿਟੇਨ ਦੀ ਕਮਾਂਡੋ ਫੋਰਸ ਐੱਸਏਐੱਸ ਦੀ ਸ੍ਰੀਲੰਕਾ ਵਿੱਚ ਭੂਮਿਕਾ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ।

ਉਦੋਂ ਉਨਾਂ ਨੂੰ ਉੱਥੇ ਕੁਝ ਪੱਤਰ ਮਿਲੇ ਜਿਸ ਨਾਲ ਇਹ ਪਤਾ ਲਗਦਾ ਸੀ ਕਿ ਭਾਰਤ ਦੇ ਕਮਾਂਡੋ ਅਪਰੇਸ਼ਨ ਦੀ ਯੋਜਨਾ ਵਿੱਚ ਬ੍ਰਿਟੇਨ ਦੀ ਸਹਾਇਤਾ ਲਈ ਗਈ ਸੀ।

30 ਸਾਲਾਂ ਦੇ ਬਾਅਦ ਇਨਾਂ ਪੱਤਰਾਂ ਦੇ ਡੀਕੁਲਾਸਿਫਾਈ ਯਾਨੀ ਜਨਤਕ ਹੋਣ ਮਗਰੋਂ ਪਤਾ ਲੱਗਿਆ ਕਿ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ $9-੬ ਦੇ ਪ੍ਰਮੁੱਖ ਜ਼ਰੀਏ ਕਾਵ ਦੀ ਭੇਜੀ ਗਈ ਬੇਨਤੀ ਨੂੰ ਮੰਨ ਗਈ ਸੀ ਜਿਸ ਤਹਿਤ ਬ੍ਰਿਟੇਨ ਦੀ ਏਲੀਟ ਕਮਾਂਡੋ ਫੋਰਸ ਦੇ ਇੱਕ ਅਫ਼ਸਰ ਨੂੰ ਦਿੱਲੀ ਭੇਜਿਆ ਗਿਆ ਸੀ। ਉਸ ਬ੍ਰਿਟਿਸ਼ ਅਫ਼ਸਰ ਤੋਂ ਭਾਰਤ ਨੇ ਸਲਾਹ ਲਈ ਸੀ ਕਿ ਕਿਸ ਤਰਾਂ ਹਰਿਮੰਦਰ ਸਾਹਿਬ ਤੋਂ ਹਥਿਆਰਬੰਦ ਖਾੜਕੂਆਂ ਨੂੰ ਬਾਹਰ ਕੱਢਿਆ ਜਾਵੇ।

ਫਿਲ ਮਿਲਰ ਨੇ 13 ਜਨਵਰੀ, 2014 ਨੂੰ ਪ੍ਰਕਾਸ਼ਿਤ ਬਲਾਗ 'ਰਿਵੀਲਡ ਐੱਸਏਐੱਸ ਅਡਵਾਈਜ਼ਡ ਅੰਮ੍ਰਿਤਸਰ ਰੇਡ' ਵਿੱਚ ਇਸ ਦੀ ਜਾਣਕਾਰੀ ਦਿੰਦੇ ਹੋਏ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਆਲੋਚਨਾ ਕੀਤੀ ਸੀ ਕਿ ਇੱਕ ਪਾਸੇ ਤਾਂ ਉਹ ਸ੍ਰੀਲੰਕਾ ਵਿੱਚ ਖ਼ੁਫ਼ੀਆ ਏਜੰਸੀ ਦੇ ਦਖ਼ਲ ਦੇ ਸਖ਼ਤ ਖ਼ਿਲਾਫ਼ ਸੀ, ਦੂਜੇ ਪਾਸੇ ਹਰਿਮੰਦਰ ਸਾਹਿਬ ਦੇ ਅਪਰੇਸ਼ਨ ਵਿੱਚ ਉਸ ਨੂੰ ਉਨਾਂ ਦੀ ਮਦਦ ਲੈਣ ਤੋਂ ਕੋਈ ਗੁਰੇਜ਼ ਨਹੀਂ ਸੀ।

ਲੇਬਰ ਪਾਰਟੀ ਦੇ ਸੰਸਦ ਮੈਂਬਰ ਟੀਮ ਵਾਟਸਨ ਦਾ ਦਾਅਵਾ ਹੈ ਕਿ ਉਨਾਂ ਨੇ ਇਨਾਂ ਦਸਤਾਵੇਜ਼ਾਂ ਨੂੰ ਦੇਖਿਆ ਹੈ।

ਬ੍ਰਿਟਿਸ਼ ਸੰਸਦ ਵਿੱਚ ਹੰਗਾਮਾ ਹੋਣ 'ਤੇ ਜਨਵਰੀ 2014 ਵਿੱਚ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਇਸ ਦੀ ਜਾਂਚ ਦੇ ਆਦੇਸ਼ ਦਿੱਤੇ ਸਨ। ਜਾਂਚ ਦੇ ਬਾਅਦ ਬ੍ਰਿਟੇਨ ਦੇ ਵਿਦੇਸ਼ ਮੰਤਰੀ ਵਿਲੀਅਮ ਹੇਗ ਨੇ ਸਵੀਕਾਰ ਕੀਤਾ ਸੀ ਕਿ ਐੱਸਏਐੱਸ ਅਧਿਕਾਰੀ ਨੇ 8 ਫਰਵਰੀ ਤੋਂ 14 ਫਰਵਰੀ, 1984 ਵਿਚਕਾਰ ਭਾਰਤ ਦੀ ਯਾਤਰਾ ਕੀਤੀ ਸੀ ਅਤੇ ਭਾਰਤ ਦੀ ਸਪੈਸ਼ਲ ਫਰੰਟੀਅਰ ਫੋਰਸ ਦੇ ਕੁਝ ਅਧਿਕਾਰੀਆਂ ਨਾਲ ਹਰਿਮੰਦਰ ਸਾਹਿਬ ਦਾ ਦੌਰਾ ਵੀ ਕੀਤਾ ਸੀ।

ਬ੍ਰਿਟਿਸ਼ ਮੀਡੀਆ ਅਨੁਸਾਰ 'ਬ੍ਰਿਟਿਸ਼ ਖ਼ੁਫ਼ੀਆ ਅਧਿਕਾਰੀ ਦੀ ਸਲਾਹ ਸੀ ਕਿ ਸੈਨਿਕ ਆਪਰੇਸ਼ਨ ਨੂੰ ਆਖ਼ਰੀ ਬਦਲ ਦੇ ਤੌਰ 'ਤੇ ਹੀ ਰੱਖਿਆ ਜਾਵੇ। ਉਸ ਦੀ ਇਹ ਵੀ ਸਲਾਹ ਸੀ ਕਿ ਸਿੱਖ ਨੌਜਵਾਨਾਂ ਨੂੰ ਬਾਹਰ ਲੈ ਕੇ ਜਾਣ ਲਈ ਹੈਲੀਕਾਪਟਰ ਨਾਲ ਸੁਰੱਖਿਆ ਦਸਤਿਆਂ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਭੇਜਿਆ ਜਾਵੇ ਤਾਂ ਕਿ ਘੱਟ ਤੋਂ ਘੱਟ ਨੁਕਸਾਨ ਹੋਵੇ।'

ਬ੍ਰਿਟਿਸ਼ ਸੰਸਦ ਵਿੱਚ ਇਸ ਵਿਸ਼ੇ 'ਤੇ ਹੋਈ ਚਰਚਾ 'ਤੇ ਧਿਆਨ ਦਿੰਦੇ ਹੋਏ 'ਇੰਡੀਆ ਟੁਡੇ' ਦੇ ਸੀਨੀਅਰ ਪੱਤਰਕਾਰ




ਸੰਦੀਪ ਉਨੀਥਨ ਨੇ ਮੈਗਜ਼ੀਨ ਦੇ 31 ਜਨਵਰੀ, 2014 ਦੇ ਅੰਕ ਵਿੱਚ 'ਸਨੈਚ ਐਂਡ ਗਰੈਬ' ਸਿਰਲੇਖ ਨਾਲ ਇੱਕ ਲੇਖ ਲਿਖਿਆ ਸੀ ਜਿਸ ਵਿੱਚ ਉਨਾਂ ਨੇ ਦੱਸਿਆ ਸੀ ਕਿ ਇਸ ਖ਼ੁਫ਼ੀਆ ਅਪਰੇਸ਼ਨ ਨੂੰ 'ਅਪਰੇਸ਼ਨ ਸਨਡਾਊਨ' ਦਾ ਨਾਂ ਦਿੱਤਾ ਗਿਆ ਸੀ।

ਇਸ ਲੇਖ ਵਿੱਚ ਲਿਖਿਆ ਸੀ, 'ਯੋਜਨਾ ਸੀ ਕਿ ਸੰਤ ਭਿੰਡਰਾਂਵਾਲੇ ਨੂੰ ਉਨਾਂ ਦੇ ਗੁਰੂ ਨਾਨਕ ਨਿਵਾਸ ਟਿਕਾਣੇ ਤੋਂ ਫੜ ਕੇ ਹੈਲੀਕਾਪਟਰ ਜ਼ਰੀਏ ਬਾਹਰ ਲਿਜਾਇਆ ਜਾਏ।'

ਇਸ ਯੋਜਨਾ ਨੂੰ ਇੰਦਰਾ ਗਾਂਧੀ ਦੇ ਸੀਨੀਅਰ ਸਲਾਹਕਾਰ ਰਾਮਨਾਥ ਕਾਵ ਦੀ ਮੌਜੂਦਗੀ ਵਿੱਚ ਉਨਾਂ ਦੇ 1 ਅਕਬਰ ਰੋਡ ਨਿਵਾਸ 'ਤੇ ਉਨਾਂ ਸਾਹਮਣੇ ਰੱਖਿਆ ਗਿਆ ਸੀ ਪਰ ਇੰਦਰਾ ਨੇ ਇਸ ਯੋਜਨਾ ਨੂੰ ਇਹ ਕਹਿ ਕੇ ਅਸਵੀਕਾਰ ਕਰ ਦਿੱਤਾ ਸੀ ਕਿ ਇਸ ਵਿੱਚ ਕਈ ਲੋਕ ਮਾਰੇ ਜਾ ਸਕਦੇ ਹਨ।'

ਇਹ ਪਹਿਲਾ ਮੌਕਾ ਨਹੀਂ ਸੀ ਜਦੋਂ ਭਾਰਤੀ ਸੁਰੱਖਿਆ ਏਜੰਸੀਆਂ ਨੇ ਸੰਤ ਭਿੰਡਰਾਂਵਾਲੇ ਨੂੰ ਉਨਾਂ ਦੇ ਠਿਕਾਣੇ ਤੋਂ ਫੜਨ ਦੀ ਯੋਜਨਾ ਬਣਾਈ ਸੀ। ਕਾਵ ਨੇ ਉਸ ਸਮੇਂ ਤੋਂ ਹੀ ਸੰਤ ਭਿੰਡਰਾਂਵਾਲੇ 'ਤੇ ਨਜ਼ਰ ਰੱਖੀ ਹੋਈ ਸੀ ਜਦੋਂ ਉਹ ਚੌਕ ਮਹਿਤਾ ਵਿੱਚ ਰਹਿੰਦੇ ਹੁੰਦੇ ਸਨ ਅਤੇ ਬਾਅਦ ਵਿੱਚ 19 ਜੁਲਾਈ, 1982 ਨੂੰ ਗੁਰੂ ਨਾਨਕ ਨਿਵਾਸ ਵਿੱਚ ਸ਼ਿਫ਼ਟ ਹੋ ਗਏ ਸਨ।

ਰਾਅ ਵਿੱਚ ਵਿਸ਼ੇਸ਼ ਸਕੱਤਰ ਦੇ ਅਹੁਦੇ 'ਤੇ ਕੰਮ ਕਰ ਚੁੱਕੇ ਅਤੇ ਮਰਹੂਮ ਵਿਦੇਸ਼ ਮੰਤਰੀ ਸਵਰਣ ਸਿੰਘ ਦੇ ਜੁਆਈ ਜੀ. ਬੀ. ਐੱਸ. ਸਿੱਧੂ ਦੀ ਇੱਕ ਕਿਤਾਬ ਹਾਲ ਹੀ ਵਿੱਚ 'ਦਿ ਖਾਲਿਸਤਾਨ ਕਾਂਸਪਿਰੇਸੀ' ਪ੍ਰਕਾਸ਼ਿਤ ਹੋਈ ਹੈ, ਜਿਸ ਵਿੱਚ ਉਨਾਂ ਨੇ ਇਸ ਯੋਜਨਾ 'ਤੇ ਰੌਸ਼ਨੀ ਪਾਈ ਹੈ।

ਉਸ ਜ਼ਮਾਨੇ ਵਿੱਚ 1951 ਬੈਚ ਦੇ ਆਂਧਰਾ ਪ੍ਰਦੇਸ਼ ਕਾਡਰ ਦੇ ਰਾਮ ਟੇਕਚੰਦ ਨਾਗਰਾਨੀ ਡੀਜੀਐੱਸ ਯਾਨੀ ਡਾਇਰੈਕਟਰ ਜਨਰਲ ਸਕਿਓਰਿਟੀ ਹੋਇਆ ਕਰਦੇ ਸਨ। ਰਾਅ ਦੀ ਇੱਕ ਕਮਾਂਡੋ ਯੂਨਿਟ ਹੁੰਦੀ ਸੀ ਐੱਸਐੱਫਐੱਫ ਜਿਸ ਵਿੱਚ ਸੈਨਾ, ਸੀਮਾ ਸੁਰੱਖਿਆ ਬਲ ਅਤੇ ਕੇਂਦਰੀ ਰਿਜ਼ਰਵ ਪੁਲਿਸ ਬਲ ਤੋਂ ਲਏ ਗਏ 150 ਚੋਣਵੇਂ ਜਵਾਨ ਹੁੰਦੇ ਸਨ। ਇਸ ਯੂਨਿਟ ਕੋਲ ਆਪਣੇ ਦੋ ਐੱਮਆਈ ਹੈਲੀਕਾਪਟਰ ਸਨ। ਇਸ ਦੇ ਇਲਾਵਾ ਉਹ ਜ਼ਰੂਰਤ ਪੈਣ 'ਤੇ ਏਵੀਏਸ਼ਨ ਰਿਸਰਚ ਸੈਂਟਰ ਦੇ ਜਹਾਜ਼ਾਂ ਦੀ ਵੀ ਵਰਤੋਂ ਕਰ ਸਕਦੇ ਸਨ।

1928 ਵਿੱਚ ਪੈਦਾ ਹੋਏ ਰਾਮ ਨਾਗਰਾਨੀ ਅਜੇ ਵੀ ਦਿੱਲੀ ਵਿੱਚ ਰਹਿੰਦੇ ਹਨ। ਖ਼ਰਾਬ ਸਿਹਤ ਕਾਰਨ ਹੁਣ ਉਹ ਗੱਲ ਕਰਨ ਦੀ ਸਥਿਤੀ ਵਿੱਚ ਨਹੀਂ ਹਨ। ਸਿੱਧੂ ਨੇ ਦੋ ਸਾਲ ਪਹਿਲਾਂ ਆਪਣੀ ਕਿਤਾਬ ਦੇ ਸਿਲਸਿਲੇ ਵਿੱਚ ਉਨਾਂ ਨਾਲ ਕਈ ਵਾਰ ਗੱਲ ਕੀਤੀ ਸੀ।

ਜੀਬੀਐੱਸ ਸਿੱਧੂ ਦੱਸਦੇ ਹਨ, 'ਨਾਗਰਾਨੀ ਨੇ ਮੈਨੂੰ ਦੱਸਿਆ ਸੀ ਕਿ ਦਸੰਬਰ, 1983 ਦੇ ਅੰਤ ਵਿੱਚ ਕਾਵ ਨੇ ਮੈਨੂੰ ਆਪਣੇ ਦਫ਼ਤਰ ਵਿੱਚ ਬੁਲਾ ਕੇ ਸੰਤ ਭਿੰਡਰਾਂਵਾਲੇ ਨੂੰ ਅਗਵਾ ਕਰਨ ਲਈ ਐੱਸਐੱਫਐੱਫ ਦੇ ਹੈਲੀਕਾਪਟਰਾਂ ਨੂੰ ਅਪਰੇਸ਼ਨ ਦੀ ਜ਼ਿੰਮੇਵਾਰੀ ਸੌਂਪੀ ਸੀ। ਸੰਤ ਭਿੰਡਰਾਂਵਾਲੇ ਨੂੰ ਅਗਵਾ ਹਰਿਮੰਦਰ ਸਾਹਿਬ ਦੀ ਲੰਗਰ ਦੀ ਛੱਤ ਤੋਂ ਕੀਤਾ ਜਾਣਾ ਸੀ ਜਿੱਥੇ ਉਹ ਰੋਜ਼ਾਨਾ ਸ਼ਾਮ ਨੂੰ ਆਪਣਾ ਸੰਦੇਸ਼ ਦਿੰਦੇ ਹੁੰਦੇ ਸਨ।'

'ਇਸ ਲਈ ਦੋ ਐੱਮਆਈ ਹੈਲੀਕਾਪਟਰਾਂ ਅਤੇ ਕੁਝ ਬੁਲਟ ਪਰੂਫ ਵਾਹਨਾਂ ਦੀ ਵਿਵਸਥਾ ਕੀਤੀ ਜਾਣੀ ਸੀ ਤਾਂ ਕਿ ਸੰਤ ਭਿੰਡਰਾਂਵਾਲੇ ਨੂੰ ਉੱਥੋਂ ਕੱਢ ਕੇ ਨਾਲ ਦੀ ਸੜਕ ਤੱਕ ਪਹੁੰਚਾਇਆ ਜਾ ਸਕੇ। ਇਸ ਲਈ ਨਾਗਰਾਨੀ ਨੇ ਸੀਆਰਪੀਐੱਫ ਜਵਾਨਾਂ ਵੱਲੋਂ ਖੇਤਰ ਦਾ ਤਿੰਨ ਪਰਤਾਂ ਦਾ ਘੇਰਾ ਬਣਾਉਣ ਦੀ ਯੋਜਨਾ ਬਣਾਈ ਸੀ।'

ਸਿੱਧੂ ਦੱਸਦੇ ਹਨ, 'ਅਪਰੇਸ਼ਨ ਦੀ ਯੋਜਨਾ ਬਣਾਉਣ ਤੋਂ ਪਹਿਲਾਂ ਨਾਗਰਾਨੀ ਨੇ ਐੱਸਐੱਫਐੱਫ ਦੇ ਇੱਕ ਕਰਮਚਾਰੀ ਨੂੰ ਹਰਿਮੰਦਰ ਸਾਹਿਬ ਦੇ ਅੰਦਰ ਭੇਜਿਆ ਸੀ ਜਿਸ ਨੇ ਉੱਥੇ ਕੁਝ ਦਿਨ ਰਹਿ ਕੇ ਉਸ ਇਲਾਕੇ ਦਾ ਵਿਸਥਾਰ ਨਾਲ ਨਕਸ਼ਾ ਬਣਾਇਆ ਸੀ।'

'ਇਸ ਨਕਸ਼ੇ ਵਿੱਚ ਹਰਿਮੰਦਰ ਸਾਹਿਬ ਕੈਂਪਸ ਦੇ ਅੰਦਰ ਜਾਣ ਅਤੇ ਬਾਹਰ ਨਿਕਲਣ ਦੀ ਸਭ ਤੋਂ ਚੰਗੀ ਜਗਾ ਦੀ ਪਛਾਣ ਕੀਤੀ ਗਈ ਸੀ। ਉਸ ਨੂੰ ਸੰਤ ਭਿੰਡਰਾਂਵਾਲੇ ਅਤੇ ਉਸ ਦੇ ਸਾਥੀਆਂ ਦੀ ਅਕਾਲ ਤਖ਼ਤ 'ਤੇ ਉਨਾਂ ਦੇ ਨਿਵਾਸ ਨੂੰ ਲੈ ਕੇ ਲੰਗਰ ਦੀ ਛੱਤ ਤੱਕ ਸਾਰੀਆਂ ਗਤੀਵਿਧੀਆਂ 'ਤੇ ਵੀ ਨਜ਼ਰ ਰੱਖਣ ਲਈ ਕਿਹਾ ਗਿਆ ਸੀ।'

1951 ਬੈਚ ਦੇ ਆਂਧਰਾ ਪ੍ਰਦੇਸ਼ ਦੇ ਰਾਮ ਟੇਕਚੰਦ ਨਾਗਰਾਨੀ ਡਾਇਰੈਕਟਰ ਜਨਰਲ ਸਕਿਓਰਿਟੀ ਹੁੰਦੇ ਸਨ। 'ਇਸ ਸ਼ਖ਼ਸ ਨੂੰ ਇਹ ਵੀ ਕਿਹਾ ਗਿਆ ਸੀ ਕਿ ਉਹ ਹੈਲੀਕਾਪਟਰ ਕਮਾਂਡੋਜ਼ ਵੱਲੋਂ ਸੰਤ ਭਿੰਡਰਾਂਵਾਲੇ ਨੂੰ ਅਗਵਾ ਕਰਨ ਦੇ ਸਹੀ ਸਮੇਂ ਬਾਰੇ ਵੀ ਸਲਾਹ ਦੇਵੇ। ਤਿੰਨ ਜਾਂ ਚਾਰ ਦਿਨ ਵਿੱਚ ਇਹ ਸਾਰੀਆਂ ਸੂਚਨਾਵਾਂ ਇਕੱਠੀਆਂ ਕਰ ਲਈਆਂ ਗਈਆਂ ਸਨ।'

'ਇਸ ਦੇ ਬਾਅਦ ਹਰਿਮੰਦਰ ਸਾਹਿਬ ਕੰਪਲੈਕਸ ਦੇ ਲੰਗਰ ਇਲਾਕੇ ਅਤੇ ਬਚ ਕੇ ਨਿਕਲਣ ਦੇ ਰਸਤਿਆਂ ਦਾ ਇੱਕ ਮਾਡਲ ਸਹਾਰਨਪੁਰ ਦੇ ਨਜ਼ਦੀਕ ਸਰਸਾਵਾ ਵਿੱਚ ਤਿਆਰ ਕੀਤਾ ਗਿਆ ਸੀ।'

ਨਾਗਰਾਨੀ ਨੇ ਸਿੱਧੂ ਨੂੰ ਦੱਸਿਆ ਸੀ ਕਿ ਹੈਲੀਕਾਪਟਰ ਅਪਰੇਸ਼ਨ ਤੋਂ ਤੁਰੰਤ ਪਹਿਲਾਂ ਹਥਿਆਰਬੰਦ ਸੀਆਰਪੀਐੱਫ ਦੇ ਜਵਾਨਾਂ ਵੱਲੋਂ ਹਰਿਮੰਦਰ ਸਾਹਿਬ ਦੇ ਬਾਹਰ ਇੱਕ ਘੇਰਾ ਬਣਾਇਆ ਜਾਣਾ ਸੀ ਤਾਂ ਕਿ ਅਪਰੇਸ਼ਨ ਦੀ ਸਮਾਪਤੀ ਤੱਕ ਆਮ ਲੋਕ ਕੈਂਪਸ ਦੇ ਅੰਦਰ ਜਾਂ ਬਾਹਰ ਨਾ ਜਾ ਸਕਣ।

ਐੱਸਐੱਫਐੱਫ ਕਮਾਂਡੋਜ਼ ਦੇ ਦੋ ਦਲਾਂ ਨੂੰ ਬਹੁਤ ਹੇਠਾਂ ਉੱਡਦੇ ਹੋਏ ਹੈਲੀਕਾਪਟਰਾਂ ਤੋਂ ਰੱਸਿਆਂ ਜ਼ਰੀਏ ਉਸ ਸਥਾਨ 'ਤੇ ਉਤਾਰਿਆ ਜਾਣਾ ਸੀ ਜਿੱਥੇ ਸੰਤ ਭਿੰਡਰਾਂਵਾਲੇ ਆਪਣਾ ਭਾਸ਼ਣ ਦਿੰਦੇ ਹੁੰਦੇ ਸਨ। ਇਸ ਲਈ ਉਹ ਸਮਾਂ ਚੁਣਿਆ ਗਿਆ ਸੀ ਜਦੋਂ ਸੰਤ ਭਿੰਡਰਾਂਵਾਲੇ ਆਪਣੇ ਭਾਸ਼ਣ ਦਾ ਅੰਤ ਕਰ ਰਹੇ ਹੋਣ, ਕਿਉਂਕਿ ਉਸ ਸਮੇਂ ਉਨਾਂ ਦੇ ਆਸਪਾਸ ਸੁਰੱਖਿਆ ਵਿਵਸਥਾ ਥੋੜ੍ਹੀ ਢਿੱਲੀ ਪੈ ਜਾਂਦੀ ਸੀ।

ਯੋਜਨਾ ਸੀ ਕਿ ਕੁਝ ਕਮਾਂਡੋ ਸੰਤ ਭਿੰਡਰਾਂਵਾਲੇ ਨੂੰ ਫੜਨ ਲਈ ਦੌੜਨਗੇ ਤੇ ਕੁਝ ਉਨਾਂ ਦੇ ਸੁਰੱਖਿਆ ਗਾਰਡਾਂ ਨੂੰ ਕਾਬੂ ਵਿੱਚ ਕਰਨਗੇ। ਅਜਿਹਾ ਅਨੁਮਾਨ ਲਗਾਇਆ ਗਿਆ ਸੀ ਕਿ ਸੰਤ ਭਿੰਡਰਾਂਵਾਲੇ ਦੇ ਗਾਰਡ ਕਮਾਂਡੋਜ਼ ਨੂੰ ਦੇਖਦੇ ਹੀ ਗੋਲੀਆਂ ਚਲਾਉਣ ਲੱਗਣਗੇ।

ਇਹ ਵੀ ਅਨੁਮਾਨ ਲਾ ਲਿਆ ਗਿਆ ਸੀ ਕਿ ਸੰਭਾਵਿਤ ਤੌਰ 'ਤੇ ਕਮਾਂਡੋਜ਼ ਦੇ ਹੇਠਾਂ ਉੱਤਰਨ ਤੋਂ ਪਹਿਲਾਂ ਹੀ ਗੋਲੀਆਂ ਚੱਲਣੀਆਂ ਸ਼ੁਰੂ ਹੋ ਸਕਦੀਆਂ ਹਨ। ਇਸ ਸੰਭਾਵਨਾ ਨਾਲ ਨਜਿੱਠਣ ਲਈ ਐੱਸਐੱਫਐੱਫ ਕਮਾਂਡੋਜ਼ ਨੂੰ ਦੋ ਦਲਾਂ ਵਿੱਚ ਵੰਡਿਆ ਜਾਣਾ ਸੀ। ਇੱਕ ਦਲ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਅਜਿਹੀ ਜਗਾ ਰਹਿੰਦਾ ਜਿੱਥੋਂ ਉਹ ਦਰਬਾਰ ਸਾਹਿਬ ਵੱਲ ਨੂੰ ਜਾਂਦਾ ਰਸਤਾ ਬੰਦ ਕਰ ਦਿੰਦਾ ਅਤੇ ਦੂਜਾ ਦਲ ਲੰਗਰ ਕੰਪਲੈਕਸ ਅਤੇ ਗੁਰੂ ਨਾਨਕ ਨਿਵਾਸ ਵਿਚਕਾਰ ਸੜਕ 'ਤੇ ਬੁਲਟ ਪਰੂਫ ਵਾਹਨਾਂ ਨਾਲ ਤਿਆਰ ਰਹਿੰਦਾ।

ਨਾਗਰਾਨੀ ਅਨੁਸਾਰ ਹਰਿਮੰਦਰ ਸਾਹਿਬ ਦੇ ਮਾਡਲ (ਸਹਾਰਨਪੁਰ ਦੇ ਸਰਸਾਵਾ ਤੋਂ) ਨੂੰ ਮਾਰਚ, 1984 ਵਿੱਚ ਐੱਸਐੱਫਐੱਫ ਕਮਾਂਡੋਜ਼ ਨਾਲ ਦਿੱਲੀ ਸ਼ਿਫਟ ਕਰ ਦਿੱਤਾ ਗਿਆ ਸੀ ਤਾਂ ਕਿ ਸੀਆਰਪੀਐੱਫ ਨਾਲ ਉਨਾਂ ਦਾ ਬਿਹਤਰ ਤਾਲਮੇਲ ਬੈਠਾਇਆ ਜਾ ਸਕੇ। ਉਦੋਂ ਤੱਕ ਇਹ ਤੈਅ ਸੀ ਕਿ ਇਸ ਅਪਰੇਸ਼ਨ ਵਿੱਚ ਸਿਰਫ਼ ਐੱਸਐੱਫਐੱਫ ਦੇ ਜਵਾਨ ਹੀ ਹਿੱਸਾ ਲੈਣਗੇ।

ਅਪ੍ਰੈਲ, 1984 ਵਿੱਚ ਕਾਵ ਨੇ ਨਾਗਰਾਨੀ ਨੂੰ, ਇੰਦਰਾ ਨੂੰ ਇਸ ਅਪਰੇਸ਼ਨ ਬਾਰੇ ਪੂਰੀ ਬ੍ਰੀਫਿੰਗ ਦੇਣ ਲਈ ਕਿਹਾ।

ਉਸ ਬ੍ਰੀਫਿੰਗ ਦਾ ਬਿਓਰਾ ਦਿੰਦੇ ਹੋਏ ਨਾਗਰਾਨੀ ਨੇ ਜੀਬੀਐੱਸ ਸਿੱਧੂ ਨੂੰ ਦੱਸਿਆ ਕਿ ਸਭ ਕੁਝ ਸੁਣ ਲੈਣ ਦੇ ਬਾਅਦ ਇੰਦਰਾ ਗਾਂਧੀ ਨੇ ਪਹਿਲਾ ਸਵਾਲ ਪੁੱਛਿਆ ਕਿ ਇਸ ਅਪਰੇਸ਼ਨ ਵਿੱਚ ਕਿੰਨੇ ਲੋਕਾਂ ਦੀ ਜਾਨ ਜਾ ਸਕਦੀ ਹੈ ? ਨਾਗਰਾਨੀ ਨੇ ਜਵਾਬ ਦਿੱਤਾ, 'ਅਸੀਂ ਆਪਣੇ ਦੋਵੇਂ ਹੈਲੀਕਾਪਟਰ ਗੁਆ ਸਕਦੇ ਹਾਂ। ਕੁੱਲ ਭੇਜੇ ਗਏ ਕਮਾਂਡੋਜ਼ ਵਿੱਚੋਂ 20 ਫ਼ੀਸਦੀ ਮਾਰੇ ਜਾ ਸਕਦੇ ਹਨ।' ਇੰਦਰਾ ਨੇ ਆਪਰੇਸ਼ਨ ਨੂੰ ਮਨਜ਼ੂਰੀ ਨਹੀਂ ਦਿੱਤੀ।

ਨਾਗਰਾਨੀ ਨੇ ਸਿੱਧੂ ਨੂੰ ਦੱਸਿਆ ਕਿ ਇੰਦਰਾ ਗਾਂਧੀ ਦਾ ਅਗਲਾ ਸਵਾਲ ਸੀ ਕਿ ਇਸ ਮੁਹਿੰਮ ਵਿੱਚ ਕਿੰਨੇ ਆਮ ਲੋਕਾਂ ਦੀ ਜਾਨ ਜਾ ਸਕਦੀ ਹੈ। ਨਾਗਰਾਨੀ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ। ਇਹ ਅਪਰੇਸ਼ਨ ਵਿਸਾਖੀ ਦੇ ਆਸ ਪਾਸ ਕੀਤਾ ਜਾਣਾ ਸੀ। ਨਾਗਰਾਨੀ ਮੁਤਾਬਕ ਉਨਾਂ ਨੂੰ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਸੀ ਕਿ ਉਸ ਦਿਨ ਹਰਿਮੰਦਰ ਸਾਹਿਬ ਵਿੱਚ ਕਿੰਨੇ ਲੋਕ ਮੌਜੂਦ ਰਹਿਣਗੇ।

ਇਸ ਤੋਂ ਬਾਅਦ 'ਆਪਰੇਸ਼ਨ ਸਨਡਾਊਨ' ਨੂੰ ਰੱਦ ਕਰ ਦਿੱਤਾ ਗਿਆ। ਪਰ ਇਸ ਦੇ ਸਿਰਫ਼ ਤਿੰਨ ਮਹੀਨੇ ਬਾਅਦ ਅਪਰੇਸ਼ਨ ਬਲੂ ਸਟਾਰ ਨੂੰ ਅੰਜਾਮ ਦਿੱਤਾ ਗਿਆ, ਜਿਸ ਵਿੱਚ ਕਿਤੇ ਜ਼ਿਆਦਾ ਆਮ ਲੋਕ ਅਤੇ ਸੈਨਿਕ ਮਾਰੇ ਗਏ। ਇਸ ਅਪਰੇਸ਼ਨ ਮਗਰੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਵੱਡੀ ਕੀਮਤ ਚੁਕਾਉਣੀ ਪਈ।

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 17**

- ਕਰਮ ਸਿੰਘ ਜ਼ਖ਼ਮੀ

ਰਾਜ ਕੁਮਾਰੀ ਨੇ ਆਪਣੀ ਦਿਲ, ਫ਼ਰੇਬ, ਮੁਸਕਰਾਹਟ ਕਰਤਾਰ ਸਿੰਘ ਦੇ ਚਿਹਰੇ ਤੇ ਖਿਲਾਰਨੀ ਸ਼ੁਰੂ ਕਰ ਦਿੱਤੀ, ਅਚਾਨਕ ਉਸਨੇ ਉਸਦਾ ਫੜਿਆ ਹੋਇਆ ਹੱਥ ਉੱਪਰ ਚੁੱਕਿਆ ਤੇ ਆਪਣੇ ਬੁੱਲਾਂ ਨੂੰ ਲਾ ਕੇ ਚੁੰਮ ਲਿਆ। ਕਰਤਾਰ ਸਿੰਘ ਦੇ ਬੁੱਲਾਂ ਵਿਚ ਭੀ ਇਸ ਸਮੇਂ ਹਲਕੀ ਜਿਹੀ ਮੁਸਕਰਾਹਟ ਸੀ। ਉਸਨੇ ਨਾਹਨ ਦੀ ਰਾਜਕੁਮਾਰੀ ਦੇ ਹੱਥ ਵਿਚੋਂ ਆਪਣਾ ਹੱਥ ਛੁਡਾਉਣ ਦਾ ਰਤਾ ਭੀ ਯਤਨ ਨਹੀਂ ਕੀਤਾ ਅਤੇ ਇਸ ਤੋਂ ਉਤਸ਼ਾਹ ਲੈ ਕੇ ਆਪਣਾ ਸਿਰ ਉਸਦੀ ਛਾਤੀ ਤੇ ਰੱਖ ਦਿੱਤਾ।

'ਚੱਲੋ ਚੱਲੀਏ ਰਾਜ ਕੁਮਾਰੀ ਜੀ।' ਕਰਤਾਰ ਸਿੰਘ ਨੇ ਕਿਹਾ।

'ਜੀਅ ਨਹੀਂ ਮੰਨਦਾ, ਦਿਲ ਕਰਦਾ ਹੈ ਕਿ ਸਿਰ ਹਮੇਸ਼ਾ ਹੀ ਤੁਹਾਡੀ ਛਾਤੀ ਤੇ ਟਿਕਿਆ ਰਹੇ, ਕਿਤਨਾ ਮਜ਼ਬੂਤ ਸਹਾਰਾ ਹੈ, ਇਸ ਨੂੰ ਪਾ ਕੇ ਮੈਂ ਕੰਡਿਆਲੇ ਜੰਗਲਾਂ ਤੇ ਪਹਾੜਾਂ ਦੀਆਂ ਮੁੰਦਰਾਂ ਵਿਚ ਰਹਿ ਕੇ ਸਿੱਖ ਦੇਵਤਿਆਂ ਦੀ ਸੇਵਾ ਵਿਚ ਇਹ ਸਾਰੀ ਰਹਿਕਲੇ ਗੁਜ਼ਾਰ ਸਕਦੀ ਹਾਂ।' ਰਾਜਕੁਮਾਰੀ ਨੇ ਮਨੋਭਾਵਨਾ ਪ੍ਰਗਟ ਕੀਤੀ।

'ਰਾਜਕੁਮਾਰੀ ਜੀ।' ਕਰਤਾਰ ਸਿੰਘ ਦੇ ਬੋਲਾਂ ਵਿਚ ਤਾੜਨਾ ਸੀ।

'ਮੇਰੇ ਸਰਦਾਰ ਜੀ, ਰਾਜਕੁਮਾਰੀ ਨਾ ਕਹੋ, ਤੁਸੀਂ ਮੈਨੂੰ ਕੇਵਲ ਰਾਜਵੰਤੀ ਕਿਹਾ ਕਰੋ, ਚਾਹੋ ਤਾਂ ਕੇਵਲ ਵੰਤੀ ਕਹਿ ਸਕਦੇ ਹੋ। ਮੈਂ ਭੀ ਤਾਂ ਇੱਕ ਕੁੜੀ ਹੀ ਹਾਂ, ਰਾਜੇ ਦੇ ਘਰ ਜੰਮ ਕੇ ਮੈਂ ਕੋਈ ਪਰੀ ਤਾਂ ਨਹੀਂ ਹੋ ਗਈ।' ਰਾਜਕੁਮਾਰੀ ਕਰਤਾਰ ਸਿੰਘ ਤੇ ਆਪਣਾ ਹੱਕ ਜਿਤਾਉਂਦੀ ਹੀ ਨਹੀਂ ਆਪਣੀ ਵੱਲੋਂ ਵਧਾਉਂਦੀ ਭੀ ਚਲੀ ਜਾ ਰਹੀ ਸੀ।

'ਚੱਲੋ ਚੱਲੀਏ, ਏਥੇ ਖੁੱਲੀ ਥਾਂ ਖੜੇ ਰਹਿਣਾ ਠੀਕ ਨਹੀਂ ਹੈ।' ਕਰਤਾਰ ਸਿੰਘ ਨੇ ਕਿਹਾ, ਇਸ ਸਮੇਂ ਉਹ ਪੂਰੀ ਤਰਾਂ ਗੰਭੀਰ ਸੀ। ਰਾਜਕੁਮਾਰੀ ਨੇ ਉਸਦੀ ਛਾਤੀ ਤੋਂ ਸਿਰ ਚੁੱਕ ਲਿਆ। ਪ੍ਰੰਤੂ ਉਸਦਾ ਹੱਥ ਨਹੀਂ ਛੱਡਿਆ, ਉਸਦਾ ਹੱਥ ਹੋਰ ਭੀ ਘੁੱਟ ਕੇ ਫੜ ਕੇ ਉਹ ਉਸਦੇ ਨਾਲ ਨਾਲ ਤੁਰਨ ਲੱਗੀ।

'ਇਕ ਗੱਲ ਪੁੱਛਾਂ ?' ਪੁੱਛੋ।

'ਕੀ ਇਹ ਤਾਰਾ ਮੇਰੇ ਨਾਲੋਂ ਵਧੇਰੇ ਸੋਹਣੀ ਹੈ। ਮੈਂ ਤਾਂ ਸ਼ੀਸ਼ੇ ਵਿਚ ਉਸਦੇ ਨਾਲ ਖੜੋ ਕੇ ਵੇਖਿਆ ਹੈ, ਮੈਂ ਉਸ ਨਾਲੋਂ ਕਿਤੇ ਵਧ ਹੁਸੀਨ ਹਾਂ।' ਰਾਜ ਕੁਮਾਰੀ ਨੇ ਬੜੇ ਫ਼ਖਰ ਭਰੇ ਲਹਿਜ਼ੇ ਵਿਚ ਆਖਿਆ।

'ਰਾਜਕੁਮਾਰੀ ਜੀ, ਸ਼ੱਕ ਨਹੀਂ ਕਿ ਤੁਸੀਂ ਬਹੁਤ ਹੀ ਸੁੰਦਰ ਹੋ, ਪ੍ਰੰਤੂ ਕਿਸੇ ਨਾਲ ਆਪਣੇ ਹੁਸਨ ਦਾ ਮੁਕਾਬਲਾ ਨਹੀਂ ਕਰਨਾ ਚਾਹੀਦਾ। ਹਰ ਇਕ ਦੀ ਆਪਣੀ ਵੱਖਰੀ ਥਾਂ ਹੁੰਦੀ ਹੈ।' ਕਰਤਾਰ ਸਿੰਘ ਨੇ ਆਖਿਆ।

'ਮੈਨੂੰ ਕਿਸੇ ਦੀ ਥਾਂ ਨਾਲ ਮਤਲਬ ਨਹੀਂ, ਮੇਰੇ ਸਰਦਾਰ ਜੀ, ਮੈਨੂੰ ਤਾਂ ਬੱਸ ਤੁਹਾਡੇ ਦਿਲ ਵਿਚ ਥਾਂ ਚਾਹੀਦੀ ਹੈ। ਮੈਨੂੰ ਰਾਜਕੁਮਾਰੀ ਨਾ ਸਮਝੋ, ਨਾ ਹੀ ਆਖੋ ਮੈਂ ਇਕ ਸਾਧਾਰਨ ਕੁੜੀ ਹਾਂ, ਸਾਧਾਰਨ ਕੁੜੀ ਵਾਂਗ ਹੀ ਵਿਆਹ ਕਰਾਂਗੀ ਤੇ ਸਾਧਾਰਨ ਔਰਤ ਵਾਂਗ ਹੀ ਜੀਵਨ ਬਤੀਤ ਕਰ ਲਵਾਂਗੀ।' ਰਾਜਕੁਮਾਰੀ ਜਜ਼ਬਾਤ ਦੇ ਵਹਿਣ ਵਿਚ ਵਹਿੰਦੀ ਹੋਈ ਕਹਿੰਦੀ ਚਲੀ ਗਈ। ਕਰਤਾਰ ਸਿੰਘ ਨੇ ਉਸਦੇ ਹੱਥ ਨੂੰ ਝਟਕ ਕੇ, ਉਸ ਵਿਚੋਂ ਆਪਣਾ ਹੱਥ ਨਹੀਂ ਸੀ ਛੁਡਾਇਆ। ਇਸ ਲਈ ਉਹ ਸਮਝਣ ਲਗ ਪਈ ਸੀ ਕਿ ਇਹ ਹੱਥ ਉਸਨੂੰ ਹਮੇਸ਼ਾ ਮਿਲ ਗਿਆ ਹੈ। ਉਹ ਉਸਦੀ ਗ਼ਲਤ ਫਹਿਮੀ ਦੂਰ ਕਰਨਾ ਚਾਹੁੰਦਾ ਸੀ, ਪ੍ਰੰਤੂ ਇਸ ਢੰਗ ਨਾਲ ਕਿ ਉਸਦੇ ਦਿਲ ਦਿਮਾਗ਼ ਨੂੰ ਝਟਕਾ ਨਾ ਲੱਗੇ, ਉਹ ਦੁਖੀ ਨਾ ਹੋਵੇ।

'ਰਾਜ ਕੁਮਾਰੀ ਜੀ।'

'ਰਾਜ ਕੁਮਾਰੀ ਜੀ ਨਾ ਕਹੋ ਜੀ।'

'ਕੀ ਕਹਾਂ ?'

'ਰਾਜਵੰਤੀ ਜਾਂ ਵੰਤੀ ਜੋ ਵੀ ਚਾਹੋ ਕਹਿ ਲਓ, ਮੈਂ ਤੁਹਾਡੀ ਹਾਂ, ਤਨੋਂ ਵੀ ਤੇ ਮਨੋਂ ਭੀ।' ਰਾਜ ਕੁਮਾਰੀ ਉਸ ਤੇ ਆਪਣੀ ਪਕੜ ਪੱਕੀ ਕਰਨ ਲਈ ਅੱਗੇ ਤੋਂ ਅੱਗੇ ਵਧਦੀ ਚਲੀ ਜਾ ਰਹੀ ਸੀ।

'ਰਾਜਵੰਤੀ ਜੀ ਅਸੰਭਵ ਨੂੰ ਸੰਭਵ ਨਹੀਂ ਬਣਾਇਆ ਜਾ ਸਕਦਾ, ਮੈਂ ਇਤਨਾ ਖ਼ੁਦਗ਼ਰਜ਼ ਤੇ ਬੇਰਹਿਮ ਨਹੀਂ ਹਾਂ ਕਿ ਕਿਸੇ ਨੂੰ ਫੁਲਾਂ ਦੀ ਸੋਚ ਤੋਂ ਖਿੱਚ ਕੇ ਸਲਾਂ ਦੇ ਵਛਾਉਣੇ ਤੇ ਧੁੰਹਦਾ ਫਿਰਾਂ ਤੁਹਾਨੂੰ ਇਹ ਗ਼ਲਤ ਭਾਵਨਾ ਦਿਲ ਦਿਮਾਗ਼ ਵਿਚੋਂ ਕੱਢ ਦੇਣੀ ਚਾਹੀਦੀ ਹੈ।' ਕਰਤਾਰ ਸਿੰਘ ਦਾ ਲਹਿਜ਼ਾ ਇਸ ਸਮੇਂ ਗਿਆਨੀਆਂ ਵਰਗਾ ਸੀ।




'ਮੇਰੇ ਨਾਨਕੇ ਅੰਮ੍ਰਿਤਸਰ ਹਨ। ਮੈਂ ਜੰਮੀ ਪਲੀ ਭੀ ਉੱਥੇ ਹੀ ਹਾਂ। ਮੈਂ ਪੱਕੀ ਪੰਜਾਬਣ ਹਾਂ ਅਤੇ ਤੁਹਾਡੀ ਇਸ ਗਿਆਨ ਗੋਸ਼ਟੀ ਦੇ ਉਤਰ ਵਿਚ ਕੇਵਲ ਇਤਨਾ ਹੀ ਕਹਿਣਾ ਹੈ ਕਿ 'ਗਲੀ ਯਾਰ ਦੀ ਸਵਰਗਾਂ ਦਾ ਝੂਟਾ, ਅੱਗ ਲਾਵਾਂ ਮਹੱਲਾਂ ਨੂੰ।'

ਅਤੇ ਇਹ ਕਹਿੰਦੀ ਹੋਈ ਉਹ ਖਿੜ ਖਿੜਾ ਕੇ ਹੱਸ ਪਈ। ਉਸਦੀ ਇਹ ਅਦਾ ਇਤਨੀ ਮਨਮੋਹਨੀ ਸੀ ਕਿ ਕੋਈ ਵੀ ਉਸ ਤੋਂ ਸਦਕੇ ਹੋਣ ਬਿਨਾਂ ਨਹੀਂ ਸੀ ਰਹਿ ਸਕਦਾ, ਪ੍ਰੰਤੂ ਕਰਤਾਰ ਸਿੰਘ ਦਾ ਧਿਆਨ ਇਸ ਪਾਸੇ ਵਲ ਨਹੀਂ ਸੀ, ਸਗੋਂ ਉਹ ਤਾਂ ਇਹ ਸੋਚ ਰਿਹਾ ਸੀ ਕਿ ਉਸਨੂੰ ਉਸ ਦੀ ਗ਼ਲਤੀ ਦਾ ਅਹਿਸਾਸ ਕਿਸ ਤਰਾਂ ਕਰਾਵੇ, ਗ਼ਲਤ ਰਸਤੇ ਤੋਂ ਕਿਸ ਤਰਾਂ ਮੋੜੇ।

'ਰਾਜ ਕੁਮਾਰੀ ਜੀ, ਤੁਸੀਂ ਸੁਣਿਆ ਨਹੀਂ ਕਿ ਸਵੇਰੇ ਤਾਰਾ ਨਾਲ ਮੇਰਾ ਵਿਆਹ ਹੋ ਰਿਹਾ ਹੈ।' ਉਸਨੇ ਕਿਹਾ।

'ਸੁਣਿਆ ਹੈ ਪਰ ਇਹ ਭੀ ਜਾਣਦੀ ਹਾਂ ਕਿ ਹਾਲੇ ਤੱਕ ਤਾਂ ਤੁਹਾਡੀ ਮੰਗਣੀ ਭੀ ਨਹੀਂ ਹੋਈ। ਮੈਂ ਪਿਤਾ ਨੂੰ ਕਹਿ ਕੇ ਇਹ ਵਿਆਹ ਰੁਕਵਾ ਦਿਆਂਗੀ। ਉਹ ਮੇਰੀ ਕੋਈ ਭੀ ਗਲ ਨਹੀਂ ਮੋੜਦੇ। ਕਲ ਤਾਰਾ ਦੀ ਥਾਂ ਮੇਰੇ ਨਾਲ ਤੁਹਾਡਾ ਵਿਆਹ ਹੋਵੇਗਾ।' ਰਾਜ ਕੁਮਾਰੀ ਬੋਲੀ।

'ਨਹੀਂ ਨਹੀਂ ਰਾਜ ਕੁਮਾਰੀ ਜੀ ਨਹੀਂ। ਇਹ ਗੱਲ ਅਸੰਭਵ ਹੈ, ਹੋ ਹੀ ਨਹੀਂ ਸਕਦੀ। ਤਾਰਾ ਦਾ ਦਿਲ ਨਹੀਂ ਤੋੜਿਆ ਜਾ ਸਕਦਾ, ਉਹਦੇ ਨਾਲ ਵਿਆਹ ਕਰਾਉਣ ਦਾ ਇਕਰਾਰ ਮੈਂ ਦੋ ਢਾਈ ਸਾਲ ਤੋਂ ਕਰਦਾ ਆ ਰਿਹਾ ਹਾਂ ਤੇ ਤੁਹਾਡੇ ਨਾਲ ਮਿਲਣ ਦਾ ਅੱਜ ਪਹਿਲਾ ਦਿਨ ਹੈ।' ਕਰਤਾਰ ਸਿੰਘ ਨੇ ਦ੍ਰਿੜਤਾ ਨਾਲ ਆਖਿਆ।

'ਇਸ ਦਾ ਮਤਲਬ ਇਹ ਹੈ ਕਿ ਤੁਹਾਡੀਆਂ ਨਿਗਾਹਾਂ ਵਿਚ ਉਹ ਮੇਰੇ ਨਾਲੋਂ ਸੋਹਣੀ ਹੈ।' ਰਾਜ ਕੁਮਾਰੀ ਦੇ ਬੋਲ ਹੁਣ ਕੁਝ ਉੱਖੜੇ ਉੱਖੜੇ ਜਾਪਦੇ ਸਨ।

'ਰਾਜਕੁਮਾਰੀ ਜੀ ਇਹ ਹੁਸਨ ਦਾ ਮੁਕਾਬਲਾ ਨਹੀਂ ਹੈ।' ਕਰਤਾਰ ਸਿੰਘ ਦੇ ਬੋਲ ਭੀ ਹੁਣ ਤਿੱਖੇ ਹੁੰਦੇ ਚਲੇ ਜਾ ਰਹੇ ਸਨ।

'ਇਸ ਦਾ ਮਤਲਬ ਇਹ ਹੋਇਆ ਕਿ ਤੁਸੀਂ ਮੇਰੇ ਨਾਲ ਉੱਕਾ ਹੀ ਪਿਆਰ ਨਹੀਂ ਕਰਦੇ। ਮੇਰਾ ਦਿਲ ਤੋੜਨ ਨੂੰ ਕੋਈ ਪਾਪ ਨਹੀਂ ਸਮਝਦੇ।' ਕਹਿੰਦੇ ਹੋਏ ਰਾਜ ਕੁਮਾਰੀ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਰਹੇ ਸਨ।

'ਰਾਜਕੁਮਾਰੀ ਜੀ ਮੈਂ ਤੁਹਾਨੂੰ ਆਪਣੀ ਜਾਨ ਨਾਲੋਂ ਭੀ ਵਧੇਰੇ ਪਿਆਰ ਕਰਦਾ ਹਾਂ, ਤੁਹਾਡਾ ਦਿਲ ਤੋੜਾਂ, ਇਹ ਗੱਲ ਮੈਂ ਸੋਚ ਭੀ ਨਹੀਂ ਸਕਦਾ। ਕਰਤਾਰ ਸਿੰਘ ਦਾ ਲਹਿਜ਼ਾ ਇਕ ਦਮ ਹੀ ਬਦਲ ਗਿਆ ਸੀ। ਰਾਜਕੁਮਾਰੀ ਉਸ ਵਲ ਹੈਰਾਨੀ ਨਾਲ ਵੇਖਣ ਲੱਗੀ ਉਸ ਸੋਚਿਆ ਕਿ ਆਖ਼ਰ ਨੂੰ ਉਸਦਾ ਜਾਦੂ ਚੱਲ ਗਿਆ ਹੈ। ਉਸਨੇ ਰੋਣਾ ਬੰਦ ਕਰ ਦਿਤਾ, ਅੱਖਾਂ ਵਿਚੋਂ ਉਛਾਲੇ ਮਾਰਦੇ ਹੰਝੂ ਪੂੰਝ ਸੁੱਟੇ ਅਤੇ ਉਸਦੇ ਬੁੱਲਾਂ 'ਤੇ ਮੁਸਕਰਾਹਟ ਆ ਗਈ। ਕਰਤਾਰ ਸਿੰਘ ਦਾ ਹੱਥ ਫੇਰ ਆਪਣੇ ਹੱਥ ਵਿਚ ਲੈਂਦੇ ਹੋਏ ਉਸਨੇ ਪੁੱਛਿਆ– 'ਸੱਚ ਮੁਚ ਹੀ ਕਿਤੇ ਮੇਰੇ ਨਾਲ ਮਜ਼ਾਕ ਤਾਂ ਨਹੀਂ ਕਰ ਰਹੇ ?'

'ਰਾਜਕੁਮਾਰੀ ਜੀ ਤੁਸੀਂ ਮੇਰੀ ਭੈਣ ਹੋ, ਅੱਜ ਤੋਂ ਮੈਂ ਤੁਹਾਡਾ ਭਰਾ, ਅਸਾਡਾ ਭੈਣ ਭਰਾ ਦਾ ਪਵਿੱਤਰ ਪਿਆਰ ਆਖ਼ਰੀ ਦਮ ਤਕ ਨਿਭੇਗਾ, ਇਸਦੀ ਚਮਕ ਕਦੇ ਵੀ ਨਿੰਮੀ ਨਹੀਂ ਪਵੇਗੀ। ਮੇਰੀ ਇਸ ਤੋਂ ਪਹਿਲਾਂ ਇਸ ਦੁਨੀਆ ਵਿਚ ਕੋਈ ਭੈਣ ਨਹੀਂ ਸੀ। ਵਾਹਿਗੁਰੂ ਨੇ ਅੱਜ ਦੇ ਦਿੱਤੀ, ਧੰਨ ਭਾਗ।' ਕਰਤਾਰ ਸਿੰਘ ਨੂੰ ਆਖਿਆ।

ਰਾਜ ਕੁਮਾਰੀ ਦੀ ਜ਼ਮੀਰ ਵੀ ਜਾਗ ਪਈ ਉਸਦੀ ਆਤਮਾ ਨੂੰ ਠੰਢ ਪੈ ਗਈ। ਉਸਨੇ ਆਪਣਾ ਸਿਰ ਇਕ ਵਾਰ ਫੇਰ ਕਰਤਾਰ ਸਿੰਘ ਦੀ ਛਾਤੀ ਤੇ ਸੁੱਟ ਦਿੱਤਾ, ਉਸਦੇ ਮੂੰਹੋਂ ਨਿਕਲਿਆ ਮੇਰਾ ਪਿਆਰਾ ਵੀਰ...ਮੇਰਾ ਸੋਹਣਾ ਵੀਰ... ਮੇਰਾ ਸ਼ੇਰ ਵੀਰ।

ਹੁਣ ਦੋਵੇਂ ਖ਼ੁਸ਼ ਸਨ। ਕਰਤਾਰ ਸਿੰਘ ਨੂੰ ਭੈਣ ਮਿਲ ਗਈ ਸੀ ਤੇ ਰਾਜ ਕੁਮਾਰੀ ਰਾਜਵੰਤ ਨੂੰ ਭਰਾ, ਉਸਦਾ ਭੀ ਇਸ ਤੋਂ ਪਹਿਲਾਂ ਕੋਈ ਹੋਰ ਭਰਾ ਨਹੀਂ ਸੀ।

ਅਗਲੇ ਦਿਨ ਦੀ ਸਵੇਰ ਨੂੰ ਅੰਮ੍ਰਿਤ ਪ੍ਰਚਾਰ ਹੋਇਆ। ਕੁਝ ਨਵੇਂ ਸਜੇ ਪਹਾੜੀ ਸਿੰਘਾਂ ਦੇ ਨਾਲ ਹੀ ਤਾਰਾ ਤੇ ਉਸਦੇ ਪਿਤਾ ਤਾਰਾ ਚੰਦ ਨੇ ਭੀ ਅੰਮ੍ਰਿਤ ਛਕ ਲਿਆ। ਤਾਰਾ ਦਾ ਨਵਾਂ ਨਾਮ ਦਲਜੀਤ ਕੌਰ ਰੱਖਿਆ ਗਿਆ ਤੇ ਤਾਰਾ ਚੰਦ ਨੂੰ ਤਾਰਾ ਸਿੰਘ ਬਣਾ ਦਿੱਤਾ ਗਿਆ। ਪਿੱਛੋਂ ਦਲਜੀਤ ਕੌਰ ਤੇ ਕਰਤਾਰ ਸਿੰਘ ਦਾ ਪੂਰਨ ਗੁਰਮਤ ਅਨੁਸਾਰ ਅਨੰਦ ਕਾਰਜ ਹੋ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਆਪ ਉੱਠ ਕੇ ਸੁਭਾਗ ਜੋੜੀ ਨੂੰ ਅਸ਼ੀਰਵਾਦ ਦਿੱਤਾ।

ਅੱਜ ਦੇ ਲੰਗਰ ਦਾ ਸਾਰਾ ਖ਼ਰਚ ਰਾਜਾ ਭੁਪ ਪ੍ਰਕਾਸ਼ ਵੱਲੋਂ ਕੀਤਾ ਗਿਆ। ਕੜਾਹ ਪੂਰੀਆਂ, ਸਬਜ਼ੀਆਂ ਤੇ ਦਾਲਾਂ ਆਦਿ ਤੋਂ ਇਲਾਵਾ ਕੜਾਹ ਪ੍ਰਸ਼ਾਦ ਭੀ ਤਿਆਰ ਕੀਤਾ ਗਿਆ। ਲੰਗਰ ਛਕਣ ਤੋਂ ਪਿੱਛੋਂ ਫੇਰ ਦੀਵਾਨ ਸਜਿਆ ਗੁਰਬਾਣੀ ਦੇ ਕੀਰਤਨ ਦੀ ਅੰਮ੍ਰਿਤ ਵਰਖਾ ਹੁੰਦੀ ਰਹੀ, ਢਾਡੀ ਜਥੇ ਸੂਰਬੀਰਾਂ ਦੀਆਂ ਵਾਰਾਂ ਗਾਉਂਦੇ ਰਹੇ। ਸ਼ਾਮ ਨੂੰ ਬੀਰਤਾ ਭਰਪੂਰ ਖੇਡਾਂ ਦੇ ਮੁਕਾਬਲੇ ਹੋਏ, ਜੇਤੂਆਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਪਵਿੱਤਰ ਹੱਥਾਂ ਨਾਲ ਇਨਾਮ ਵੰਡੇ।

ਇਸ ਸਭ ਕਾਸੇ ਦੇ ਪਿੱਛੋਂ ਬਾਬਾ ਜੀ, ਕਰਤਾਰ ਸਿੰਘ ਤੇ ਦਲਜੀਤ ਕੌਰ ਨੂੰ ਸੱਦ ਕੇ ਉਨਾਂ ਨਾਲ ਕੋਈ ਘੰਟਾ ਭਰ ਇਕਾਂਤ ਵਿਚ ਗੱਲਾਂ ਕੀਤੀਆਂ। ਉਨਾਂ ਨੂੰ ਲਾਹੌਰ ਤੇ ਪੰਜਾਬ ਦੇ ਕੁਝ ਵੱਡੇ ਵੱਡੇ ਸਿੱਖ ਤੇ ਹਿੰਦੂ ਆਗੂਆਂ ਦੇ ਨਾਮ ਚਿੱਠੀਆਂ ਦਿੱਤੀਆਂ ਗਈਆਂ ਇਕ ਚਿੱਠੀ ਲਾਹੌਰ ਦੇ ਹਾਜੀ ਮੌਲਾ ਬਖਸ਼ ਦੇ ਨਾਮ ਭੀ ਸੀ, ਜਿਹੜਾ ਕਿ ਮੁਗਲ ਪੂਰੇ ਰਹਿੰਦਾ ਸੀ। ਉਨਾਂ ਨੂੰ ਤੁਰੰਤ ਲਾਹੌਰ ਪੁੱਜਣ ਲਈ ਹੁਕਮ ਦਿੱਤਾ ਗਿਆ।

੧੫

ਉੱਥੇ ਬਾਦਸ਼ਾਹ ਬਹਾਦਰ ਸ਼ਾਹ ਦਾ ਡੇਰਾ ਪੁੱਜ ਚੁੱਕਿਆ ਸੀ ! ਦਿੱਲੀ ਦੀ ਥਾਂ ਇਸ ਨਾਲ ਆਰਜ਼ੀ ਤੌਰ ਤੇ ਹਿੰਦੁਸਤਾਨ ਦੀ ਰਾਜਧਾਨੀ ਲਾਹੌਰ ਬਣਿਆ ਹੋਇਆ ਸੀ, ਇਸ ਲਈ ਉੱਥੋਂ ਦੇ ਸਾਰੇ ਹਾਲਾਤ ਦੀ ਸੂਹ ਲਾਉਣ ਤੇ ਰੋਜ਼ਾਨਾ ਜਾਣਕਾਰੀ ਭੇਜਣ ਦੀ ਜ਼ਿੰਮੇਵਾਰੀ ਉਨਾਂ ਤੇ ਸੁੱਟੀ ਗਈ ਸੀ।

ਰਾਤ ਨੂੰ ਨਾਹਨ ਦੇ ਰਾਜ ਮਹੱਲ ਵਿਚ ਬੜੇ ਵੱਡੇ ਪੈਮਾਨੇ ਤੇ ਖ਼ੁਸ਼ੀਆਂ ਮਨਾਈਆਂ ਗਈਆਂ। ਤਾਰਾ ਤੇ ਕਰਤਾਰ ਸਿੰਘ ਦੇ ਵਿਆਹ ਦੀਆਂ ਖ਼ੁਸ਼ੀਆਂ ਤੇ ਇਸ ਤੋਂ ਭੀ ਵਧੇਰੇ ਕਰਤਾਰ ਸਿੰਘ ਤੇ ਰਾਜਕੁਮਾਰੀ ਰਾਜਵੰਤ ਦੇ ਭੈਣ-ਭਰਾ ਬਣਨ ਦੀਆਂ ਖ਼ੁਸ਼ੀਆਂ। ਜਦੋਂ ਰਾਣੀ ਰਾਜ ਵੰਸ਼ ਦੇਵੀ ਨੂੰ ਇਹ ਪਤਾ ਲਗਾ ਕਿ ਕਰਤਾਰ ਸਿੰਘ ਨੇ ਉਸਦੀ ਧੀ ਨੂੰ ਭੈਣ ਬਣਾ ਲਿਆ ਹੈ ਤਾਂ ਉਸਦਾ ਦਿਲ ਖ਼ੁਸ਼ੀ ਨਾਲ ਖੀਵਾ ਹੋਕੇ ਨੱਚਣ ਲਗ ਪਿਆ। ਧਰਤੀ ਤੇ ਉਸਦੇ ਪੈਰ ਨਹੀਂ ਸਨ ਲਗ ਰਹੇ। ਲਗਪਗ ਸਾਰਾ ਹੀ ਸ਼ਹਿਰ ਜਿਸ ਦੀ ਵਸੋਂ ਮਸਾਂ ਪੰਜ ਕੁ ਹਜ਼ਾਰ ਦੀ ਸੀ। ਮਹੱਲ ਦੇ ਨਾਲ ਨਾਲ ਲਗਦੇ ਮੈਦਾਨ ਵਿਚ ਇਕੱਠਾ ਹੋ ਗਿਆ। ਲੋਕਾਂ ਵਿਚ ਮਠਿਆਈ ਵੰਡੀ ਗਈ, ਗ਼ਰੀਬਾਂ ਵਿਚ ਰੁਪੈ ਵੰਡਣ ਲਈ ਰਾਣੀ ਰਾਜ ਵੰਸ਼ ਦੇਵੀ ਨੇ ਥੈਲੀਆਂ ਦੇ ਮੂੰਹ ਖੋਲ ਦਿੱਤੇ।

'ਬੱਸ ਅੱਜ ਇਹ ਸਾਰੇ ਹੀ ਲੁਟਾ ਦੇਣੇ ਹਨ ?' ਰਾਜਾ ਭੂਪ ਪ੍ਰਕਾਸ਼ ਨੇ ਮੁਸਕਰਾਉਂਦੇ ਹੋਏ ਰਾਣੀ ਨੂੰ ਕਿਹਾ ਉਸਦੀ ਖ਼ੁਸ਼ੀ ਭੀ ਅੱਜ ਉਛਾਲੇ ਮਾਰ ਰਹੀ ਸੀ।

'ਸਾਰੇ ਹੀ ਇਹ, ਇਤਨੀ ਵੱਡੀ ਖ਼ੁਸ਼ੀ ਅਸਾਡੀ ਜ਼ਿੰਦਗੀ ਵਿਚ ਸਭ ਤੋਂ ਪਹਿਲੀ ਵਾਰ ਆਈ ਹੈ। ਘਰ ਬੈਠੇ ਬਿਠਾਇਆ ਨੂੰ ਜਵਾਨ ਜਹਾਨ ਪੁੱਤਰ ਮਿਲ ਗਿਆ ਹੈ ਅਤੇ ਨਾਲ ਹੀ ਨੂੰਹ ਭੀ। ਮੇਰੇ ਤੇ ਮਹਿਲ ਨੂੰ ਭਾਗ ਲਗ ਗਏ ਹਨ। ਨਹੀਂ ਤਾਂ ਸੱਚ ਕਹਿੰਦੀ ਹਾਂ ਕਿ ਇਹ ਮੈਨੂੰ ਵੱਢ ਵੱਢ ਖਾਂਦਾ ਸੀ।' ਰਾਣੀ ਦੇ ਬੋਲਾਂ ਵਿਚੋਂ ਖੇੜੇ ਦੀ ਬਰਖਾ ਹੋ ਰਹੀ ਸੀ।

'ਕਰਤਾਰ ਸਿੰਘ ਰਤਾ ਉੱਠ ਤਾਂ ਸਹੀ।' ਰਾਜਾ ਭੂਪ ਪ੍ਰਕਾਸ਼ ਨੇ ਤਾਰਾ ਚੰਦ ਦੇ ਕਮਰੇ ਵਿਚ ਜਾ ਕੇ ਆਖਿਆ ਜਿੱਥੇ ਕਿ ਉਹ ਉਸ ਨਾਲ ਲਾਹੌਰ ਸਬੰਧੀ ਗੱਲਾਂ ਕਰ ਰਿਹਾ ਸੀ, ਉਸ ਤੋਂ ਉਸ ਸ਼ਹਿਰ ਸਬੰਧੀ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰ ਰਿਹਾ ਸੀ।

(ਚਲਦਾ...)

# ਪੰਜਾਬੀ ਕਵਿਤਾ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਮਹਾਨਤਾ

**- ਡਾਕਟਰ ਰਜਿੰਦਰ ਸਿੰਘ**

ਪੰਜਾਬੀ ਸਾਹਿਤ

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਸੇ ਧਿਰ ਜਾਂ ਕੌਮ ਲਈ ਨਹੀਂ ਮਨੁੱਖਤਾ ਦੇ ਅਧਿਕਾਰਾਂ ਦੀ ਰਾਖੀ ਲਈ ਲਾਸਾਨੀ ਸ਼ਹਾਦਤ ਦਿੱਤੀ ਸੀ। ਗੁਰੂ ਸਾਹਿਬ ਲਈ ਧਰਮ ਮੇਰ-ਤੇਰ ਤੇ ਭੇਖ ਤੋਂ ਪਾਰ ਮਨੁੱਖਤਾ ਦੇ ਦਰਦ ਨੂੰ ਮਹਿਸੂਸ ਕਰਕੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਤੱਕ ਫੈਲਿਆ ਹੋਇਆ ਹੈ। ਇੱਥੇ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦਾ ਵਿਗਾਸ ਹੈ। ਪੰਜਾਬੀ ਕਵਿਤਾ ਵਿਚ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ, ਇਸ ਦੇ ਪ੍ਰਭਾਵ ਅਤੇ ਗੁਰੂ ਲਿਵ ਦੀ ਮਹਿਮਾ ਦਾ ਮੰਡਨ ਹੋਇਆ ਹੈ। ਇਸ ਕਵਿਤਾ ਦਾ ਪ੍ਰੇਰਨਾ ਸ੍ਰੋਤ ਗੁਰੂ ਤੇਗ ਬਹਾਦਰ ਜੀ ਦੀ ਬਾਣੀ, ਬਚਿਤ੍ਰ ਨਾਟਕ ਅਤੇ ਗੁਰੂ ਘਰ ਦੇ ਸਿਦਕੀ ਸਿੱਖਾਂ ਦੀ ਰਚਨਾ ਹੈ। ਸ਼ਹੀਦ ਬਿਲਾਸ ਭਾਈ ਮਨੀ ਸਿੰਘ ਦੇ ਕਰਤਾ ਭਾਈ ਸੇਵਾ ਸਿੰਘ ਨੇ ਪਹਿਲੀ ਵਾਰ ਗੁਰੂ ਤੇਗ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ' ਕਿਹਾ। ਭਾਈ ਸੈਨਾਪਤ ਨੇ ਗੁਰੂ ਸਾਹਿਬ ਦੇ ਸਾਂਝੀਵਾਲਤਾ ਦੇ ਕੌਤਕਾਂ ਨੂੰ ਸਿੱਜਦਾ ਕਰਦਿਆਂ ਗੁਰੂ ਸਾਹਿਬ ਨੂੰ ਸਾਰੀ ਸ੍ਰਿਸ਼ਟੀ ਦੀ ਚਾਦਰ ਵਜੋਂ ਰੂਪਮਾਨ ਕੀਤਾ:

'ਪ੍ਰਗਟ ਭਏ ਗੁਰੂ ਤੇਗ ਬਹਾਦਰ
ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ'

ਭੱਟ ਚਾਂਦ ਜ਼ੁਲਮ ਵਿਰੁੱਧ ਮਜ਼ਲੂਮ ਜਨਤਾ ਦੀ ਢਾਲ ਬਣੇ ਗੁਰੂ ਸਾਹਿਬ ਦੇ ਸਿਧਾਂਤ ਨੂੰ 'ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨਾ ਛੋੜੀਐ' ਰਾਹੀਂ ਨਿਰੂਪਣ ਕਰਦਾ ਹੈ।

ਆਧੁਨਿਕ ਪੰਜਾਬੀ ਕਵੀਆਂ ਦੁਆਰਾ ਗੁਰੂ ਤੇਗ ਬਹਾਦਰ ਜੀ ਦੀ ਉਪਮਾ ਵਿਚ ਰਚੀਆਂ ਕਵਿਤਾਵਾਂ ਨੂੰ ਮਨਮੋਹਨ ਸਿੰਘ ਦਾਊਂ ਨੇ ਕਰੜੀ ਘਾਲਣਾ ਨਾਲ 'ਨੂਰੀ ਸੀਸ ਨੂੰ ਕਾਵਿ-ਸਿਜਦਾ' ਪੁਸਤਕ ਦੇ ਰੂਪ ਵਿਚ ਸੰਭਾਲਣ ਦਾ ਸ਼ਲਾਘਾਯੋਗ ਕਾਰਜ ਕੀਤਾ ਹੈ। ਗੁਰੂ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਪੁਸਤਕ ਇਸ ਲੇਖ ਦਾ ਮੁੱਖ ਸ੍ਰੋਤ ਬਣੀ ਹੈ।

ਇਸ ਵਿਚ ਪੰਜਾਬੀ ਕਵਿਤਾ ਦੀ ਸ਼ੈਲੀ, ਪ੍ਰਗਟਾਅ ਜੁਗਤਾਂ ਵਿਚ ਆ ਰਹੇ ਬਦਲਾਅ ਤੇ ਨਵ ਰਹੱਸਵਾਦੀ ਰੁਚੀਆਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਧਨੀ ਰਾਮ ਚਾਤ੍ਰਿਕ ਗੁਰੂ ਸਾਹਿਬ ਦੀ ਸ਼ਹਾਦਤ ਦੇ ਮੰਜ਼ਰ ਵਿਚ ਕੁਦਰਤ ਦੇ ਦਰਦ ਨੂੰ ਸ਼ੁਮਾਰ ਕਰ ਕੇ ਇਸ ਦੇ ਇਤਿਹਾਸਕ ਪ੍ਰਭਾਵ ਨੂੰ ਸਿਰਜਦਾ ਹੈ:

'ਕੰਬਣ ਲੱਗੀ ਪ੍ਰਿਥਵੀ ਨਾ ਦੁੱਖ ਸਹਾਰੇ,
ਸ਼ਾਹੀ ਵਰਤੀ ਗਗਨ ਤੇ ਅਰ ਟੁੱਟੇ ਤਾਰੇ।
ਪਾਈ ਮੁਰਦਾ ਕੌਮ ਵਿਚ,
ਮੁੜ ਕੇ ਜਿੰਦ ਜਾਨ,
ਗੁਰੂ ਨਾਨਕ ਦਾ ਬੂਟੜਾ,
ਚੜ੍ਹਿਆ ਪ੍ਰਵਾਨ।'

ਔਰੰਗਜ਼ੇਬ ਨੇ ਮੰਦਰਾਂ ਨੂੰ ਢਾਹੁਣ, ਜਬਰੀ ਧਰਮ ਪਰਿਵਰਤਨ ਕਰਨ ਲਈ ਜ਼ੁਲਮ ਦੀਆਂ ਹੱਦਾਂ ਪਾਰ ਕਰ ਲਈਆਂ। ਸਮਾਜ ਅੰਦਰ ਨੈਤਿਕਤਾ ਅਤੇ ਆਰਥਿਕਤਾ ਵੀ ਨਿੱਘਰੀ ਹੋਈ ਸੀ। ਇਸਤਰੀਆਂ ਦਾ ਸਨਮਾਨ ਰੁਲ ਰਿਹਾ ਸੀ। ਸਿਰੀ ਰਾਮ ਅਰਸ਼ ਔਰੰਗਜ਼ੇਬ ਨੂੰ ਇਸਲਾਮ ਤੋਂ ਕੋਹਾਂ ਦੂਰ ਫ਼ਰੇਬੀ ਦੇ ਰੂਪ ਵਿਚ ਬੇਪਰਦਾ ਕਰਦਾ ਹੈ:

'ਵਕਤ ਦਾ ਹਾਕਮ ਸੀ ਜਿਸਦਾ ਨਾਮ ਸੀ ਔਰੰਗਜ਼ੇਬ।
ਦੂਸਰਾ ਨਾਮ ਸੀ ਉਸ ਦਾ ਮਕਰ, ਧੋਖਾ ਤੇ ਫਰੇਬ।'

ਚਰਨ ਸਿੰਘ ਸਫ਼ਰੀ ਅਧੋਗਤੀ ਵਿਚ ਫਸੇ ਸਮਾਜ ਦੀ ਮੁਕਤੀ ਦਾ ਮਾਰਗ ਗੁਰੂ ਸਾਹਿਬ ਦੀ ਸ਼ਹਾਦਤ ਵਿਚੋਂ ਪ੍ਰਤੱਖ ਦੇਖਦਾ ਹੈ:

'ਲਹੂ ਡੁੱਲਾ ਜਦੋਂ ਸਾਡੇ ਏਸ ਨਾਵੇਂ ਪੀਰ ਦਾ।
ਫ਼ੈਸਲਾ ਹੋ ਜਾਉ ਭਾਰਤ ਵਰਸ਼ ਦੀ ਤਕਦੀਰ ਦਾ।
ਇਹ ਪਿਆਲਾ ਮੌਤ ਦਾ ਜਦ ਮੁਸਕਰਾ ਕੇ ਪੀਏਗਾ। ਦੇਸ਼ ਮੇਰਾ ਤਦੋਂ ਹੀ ਆਜ਼ਾਦ ਹੋ ਕੇ ਜੀਏਗਾ।'

ਪ੍ਰਗਤੀਵਾਦੀ ਕਵੀਆਂ ਨੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਕਿਰਤੀਆਂ ਦੇ ਉਥਾਨ, ਕੱਟੜਤਾ ਅਤੇ ਤਾਨਾਸ਼ਾਹ ਹਕੂਮਤਾਂ ਖ਼ਿਲਾਫ਼ ਉੱਠ ਰਹੇ ਪਰਜਾ ਦੇ ਅੰਦੋਲਨਾਂ ਦੇ ਪ੍ਰੇਰਨਾ ਸ੍ਰੋਤ ਵਜੋਂ ਦੇਖਿਆ ਹੈ। ਮਨਮੋਹਨ ਸਿੰਘ ਦਾਊਂ ਅਨੁਸਾਰ:

'ਮਨੁੱਖਤਾ ਦਾ ਜਦ ਅਪਮਾਨ ਹੁੰਦਾ,
ਮਿੱਟੀ 'ਚੋਂ ਉੱਠਦਾ ਤੂਫ਼ਾਨ ਹੁੰਦਾ।
ਮੇਰਾ ਗੁਰੂ ਉਦੋਂ ਕੁਰਬਾਨ ਹੁੰਦਾ।...
ਅੱਜ ਫੇਰ ਹਨੇਰੀ ਝੁਲ ਰਹੀ।
ਫ਼ਰਜ਼ਾਂ ਨੂੰ ਸੱਤਾ ਭੁੱਲ ਰਹੀ।
ਜਾਬਰ ਦਾ ਜਬਰ ਹੈ ਟੁੱਟਣਾ,
ਕੋਈ 'ਜੈਤਾ' ਜੋਧਾ ਉੱਠਣਾ।
ਸੁਣ ਨੀ ਦਿੱਲੀਏ-ਇਤਿਹਾਸ ਕਦੇ ਨਾ ਭੁੱਲੀਏ।'

ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਤੋਂ ਜ਼ੁਲਮ ਦੇ ਝੰਬੇ ਲਘੂ ਮਨੁੱਖ ਨੂੰ ਜ਼ਿੰਦਗੀ ਦੀ ਨਵੀਂ ਅਰਥਪੂਰਨ ਪਰਿਭਾਸ਼ਾ ਮਿਲੀ। ਨਸੀਬਾਂ ਨੂੰ ਬਦਲਣ ਲਈ ਉਹ ਖ਼ਾਲਸੇ ਦੇ ਰੂਪ ਵਿਚ ਰਣ ਤੱਤੇ ਦਾ ਸ਼ਾਹ ਅਸਵਾਰ ਬਣ ਗਿਆ। ਮਜਬੂਰੀ ਦੀ ਥਾਂ ਫ਼ੌਲਾਦ ਜਿਹੀ ਮਜ਼ਬੂਤੀ ਆ ਗਈ। ਸੁਖਪਾਲਵੀਰ ਸਿੰਘ ਹਸਰਤ ਅਨੁਸਾਰ:

'ਉਸ ਦੀ ਗੋਬਿੰਦ, ਪ੍ਰਤਿਭਾ ਤੋਂ,
ਹਰ ਲਘੂ ਮਨੁੱਖ ਮਹਾਨ ਹੋਇਆ।
ਉਸ ਵਹਿਣ ਸਮੇਂ ਦਾ ਮੋੜ ਦਿੱਤਾ
ਹੋ ਕੇ ਕੁਰਬਾਨ ਗਰੀਬਾਂ ਤੋਂ।
ਜੁਗਾਂ ਦੀ ਕਾਲਖ ਮੇਟ ਦਿੱਤੀ
ਉਸ ਸਹਿਮੇ ਹੋਏ ਨਸੀਬਾਂ ਤੋਂ।'

ਡਾ. ਗੁਰਨਾਇਬ ਸਿੰਘ ਦਿੱਲੀ ਦੇ ਤਖ਼ਤ ਨੂੰ ਕੁਫ਼ਰ, ਹੰਕਾਰ ਤੇ ਜ਼ੋਰ ਜਬਰ ਦਾ ਪ੍ਰਤੀਕ ਮੰਨਦਿਆਂ ਇਸ ਦੇ ਖ਼ਾਤਮੇ ਅਤੇ ਅਨੰਦਪੁਰ ਸਾਹਿਬ ਤੋਂ ਮਾਨਵਤਾ ਦੀ ਰੁੱਤ ਦਾ ਆਗਾਜ਼ ਦੇਖਦਾ ਹੈ:

'ਉੱਠ ਤੁਰੇ ਗੁਰੂ ਸੀਸ ਆਪਣੇ ਨਾਲ ਭੰਨਣ,
ਕੁਫ਼ਰ ਹੰਕਾਰ ਜ਼ੋਰ ਜਬਰ ਦਾ ਲਾਲ ਕਿਲਾ।...
ਤੂੰਬਾ ਤੂੰਬਾ ਹੋ ਉਡਿਆ ਦਿੱਲੀ ਦਾ ਤਖ਼ਤ,
ਉੱਗ ਆਇਆ ਅਨੰਦਪੁਰ ਇਸ ਧਰਤ ਉੱਤੇ।'

ਪੰਜਾਬੀ ਕਵਿਤਾ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਕਿਸੇ ਵਿਸ਼ੇਸ਼ ਧਰਮ ਦੀ ਥਾਂ ਮਨੁੱਖਤਾ ਲਈ ਮਹਾਨ ਕੁਰਬਾਨੀ ਵਜੋਂ ਦੇਖਦੀ ਹੈ। ਇਹ ਫ਼ਿਰਕਾਪ੍ਰਸਤੀ, ਭੇਦਭਾਵ, ਸ਼ੋਸ਼ਣ ਨੂੰ ਵੰਗਾਰਦੀ ਅਤੇ ਕਿਰਤੀਆਂ ਦੇ ਉਥਾਨ ਦਾ ਸੁਪਨਾ ਲੈਂਦੀ ਹੈ। ਇਹ ਔਰੰਗਜ਼ੇਬ ਜਿਹੇ ਤੁਅੱਸਬੀ ਸਿਆਸਤ ਦਾਨਾ ਨੂੰ ਧਰਮ ਤੋਂ ਕੋਹਾਂ ਦੂਰ ਤੇ ਮਾਨਵਤਾ ਦੇ ਮੁਜਰਮਾਂ ਵਜੋਂ ਖੜਾ ਕਰਦੀ ਹੈ। ਪੁਰਾਣੀ ਛੰਦਬੱਧ ਕਵਿਤਾ ਦੀ ਥਾਂ ਖੁੱਲੀ ਕਵਿਤਾ ਵੀ ਰਚੀ ਜਾ ਰਹੀ ਹੈ। ਪੰਜਾਬੀ ਕਵਿਤਾ ਵਰਤਮਾਨ ਵਿਚ ਮਨੁੱਖਤਾ ਨੂੰ ਆ ਰਹੀਆਂ ਚਣੌਤੀਆਂ ਤੇ ਸਿਆਸਤ ਵਿਚ ਆ ਰਹੀ ਬਹੁਪਰਤੀ ਗਿਰਾਵਟ ਵਿਰੁੱਧ ਗੁਰੂ ਸਿਧਾਂਤ ਦੀ ਰੌਸ਼ਨੀ ਵਿਚ ਸੰਘਰਸ਼ ਲਈ ਜ਼ਮੀਨ ਤਿਆਰ ਕਰਨ ਲਈ ਯਤਨਸ਼ੀਲ ਹੈ।

---

# ਕਿਰਸਾਨੀ ਦਾ ਸੰਘਰਸ਼ ਤੇ ਪੰਜਾਬ ਦੇ ਨੌਜਵਾਨਾਂ ਦਾ ਮਨ

**- ਕਿਰਨਪ੍ਰੀਤ ਸਿੰਘ**

ਪੰਜਾਬ ਦੇ ਨੌਜਵਾਨਾਂ ਲਈ ਸਦੀਆਂ ਤੋਂ ਯੋਧੇ, ਸੂਰਵੀਰ, ਜਾਂਬਾਜ ਆਦਿ ਸ਼ਬਦ ਵਰਤੇ ਜਾਂਦੇ ਰਹੇ ਹਨ ਅਤੇ ਜਾਂਦੇ ਰਹਿਣਗੇ। ਸਿਕੰਦਰ ਤੋਂ ਲੈ ਕੇ ਅੰਗਰੇਜ਼ਾਂ ਤੱਕ ਪੰਜਾਬ ਦੇ ਨੌਜਵਾਨਾਂ ਨੇ ਜ਼ੁਲਮ ਨਾਲ ਟੱਕਰ ਲੈਣ ਅਤੇ ਜਾਨ ਦੀ ਬਾਜ਼ੀ ਬਿਨਾਂ ਕਿਸੀ ਨਿੱਜੀ ਸੁਆਰਥ ਦੇ ਲਗਾਉਣ ਤੋਂ ਸੰਕੋਚ ਨਹੀਂ ਕੀਤਾ। ਇਹੀ ਕਾਰਨ ਹੈ ਕਿ ਪੰਜਾਬ ਦੀ ਧਰਤੀ 'ਤੇ ਸ਼ਹੀਦ ਹੋਣ ਵਾਲੇ ਨੌਜਵਾਨਾਂ ਦੀ ਗਿਣਤੀ ਭਾਰਤ ਅਤੇ ਦੁਨੀਆ ਨਾਲੋਂ ਵਧੇਰੇ ਹੈ। ਇਸ ਦਾ ਮੁੱਖ ਕਾਰਨ ਪੰਜਾਬ ਦੇ ਨੌਜਵਾਨਾਂ ਦਾ ਇਕ ਵਿਸ਼ੇਸ਼ ਪ੍ਰਕਾਰ ਦਾ ਮਨ ਹੋਣਾ ਹੈ ਜੋ ਸੰਘਰਸ਼ ਤੇ ਬੰਦਗੀ ਵਿਚੋਂ ਜੰਮਿਆ ਹੈ। ਸਿੱਖ ਨੌਜਵਾਨਾਂ ਦਾ ਇਕ ਵਿਸ਼ੇਸ਼ ਮਨ ਹੈ, ਜੋ ਭਾਰਤ ਦੀ ਬਾਕੀ ਨੌਜਵਾਨ ਪੀੜੀ ਨਾਲੋਂ ਵੱਖਰਾ ਹੈ। ਕਾਰਨ ਪੰਜਾਬ ਦਾ ਇਤਿਹਾਸ ਹੈ। ਚੌਥੀ ਅਤੇ ਪੰਜਵੀਂ ਪੂਰਵ ਈਸਵੀ ਵਿਚ ਫਰਾਂਸੀਸੀ ਅਤੇ ਯੂਨਾਨੀਆਂ ਦੇ ਪੰਜਾਬ ਵਿਚ ਆਉਣ ਤੋਂ ਪਿੱਛੋਂ ਇੱਥੋਂ ਦਾ ਜੀਵਨ ਅਤਿਅੰਤ ਨਿਰੰਤਰਸ਼ੀਲ ਤੇ ਗਤੀਸ਼ੀਲ ਬਣ ਗਿਆ। ਨਵੀਂ ਸਥਿਤੀ ਨਾਲ ਬਦਲਣਾ ਤੇ ਜਿਊਂਦੇ ਰਹਿਣ ਲਈ ਬਲਵਾਨ ਕਰਮ ਦੇ ਯੋਗ ਧਿਆਨ ਧਾਰਨਾ ਪੰਜਾਬੀ ਮਨ ਦਾ ਇਕ ਖ਼ਾਸ ਲੱਛਣ ਹੈ। ਇਹ ਲੱਛਣ ਅੱਠਵੀਂ ਸਦੀ ਤੋਂ ਪਿੱਛੋਂ ਤੁਰਕਾਂ ਦੇ ਪੰਜਾਬ ਆਉਣ ਤੇ ਇਸਨੂੰ ਲੁੱਟਣ ਤੋਂ ਪਿੱਛੋਂ ਹੋਰ ਵੀ ਸ਼ਕਤੀਸ਼ਾਲੀ ਬਣ ਗਏ।੧

੧੬੯੯ ਦੀ ਵਿਸਾਖੀ ਵਾਲੇ ਦਿਨ ਇਸ ਮਨ ਵਿਚ ਸੰਤ-ਸਿਪਾਹੀ ਦੋਵੇਂ ਗੁਣ ਆ ਗਏ। ਜਦੋਂ ਸਿੱਖ ਗੁਰੂ ਸਾਹਿਬ ਪ੍ਰਕਾਸ਼ਮਾਨ ਹੋਏ ਤਾਂ ਕਿਸਾਨ, ਨਿਰਜਮੀਨ ਕਾਮਾ ਤੇ ਛੋਟਾ ਦੁਕਾਨਦਾਰ ਕਾਫ਼ੀ ਸੰਕਟ ਵਾਲਾ ਜੀਵਨ ਜਿਉਂ ਰਹੇ ਸਨ। ਬਾਬਰ ਨੇ ਆਪਣੇ ਬਾਬਰ ਨਾਮਾ ਵਿਚ ਕਿਸਾਨ ਤੇ ਨਿਰਜਮੀਨ ਕਾਮੇ ਦੀ ਦਰਦਨਾਕ ਹਾਲਤ ਦਾ ਜ਼ਿਕਰ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਦੀ ਇਸ ਲੁੱਟ, ਦੁਰਦਸ਼ਾ ਤੇ ਇਸ ਨਾਲ ਸੰਬੰਧਿਤ ਸੰਤਾਪ ਨੂੰ ਪੂਰੀ ਤਰਾਂ ਸਮਝਿਆ ਤੇ ਨਾਲ ਹੀ ਪੰਜਾਬੀ ਧਰਮਾਂ ਤੇ ਸੰਸਕ੍ਰਿਤੀ ਦੇ ਸੰਭਵ ਵਿਨਾਸ਼ ਨੂੰ ਵੀ। ਉਨਾਂ ਜੋ ਸ੍ਰਿਸ਼ਟੀ ਪ੍ਰਬੰਧ ਆਪਣੀ ਬਾਣੀ ਵਿਚ ਉਸਾਰਿਆ ਤੇ ਜਿਸ ਬਰਾਬਰੀ ਲਈ ਵਚਨਬੱਧ ਨਿਰਵਰਗ ਸੰਸਥਾ ਦੀ ਸਿਰਜਣਾ ਕੀਤੀ, ਉਸ ਰਾਹੀਂ ਸਫਲਤਾ ਨਾਲ ਵਿਸ਼ਾਦ-ਗ੍ਰਸਤ ਅਤੇ ਲੁੱਟੇ ਗਏ ਪੰਜਾਬੀ ਕਿਸਾਨ ਨੂੰ ਨਾਇਕ ਵਿਚ ਬਦਲ ਦਿੱਤਾ।੨

ਇਹ ਨਾਇਕ ਸਦੀਆਂ ਤੋਂ ਜ਼ੁਲਮ ਤੇ ਜ਼ਾਲਮ ਖ਼ਿਲਾਫ਼ ਲੜਨ ਦੀ ਆਪਣੀ ਭੂਮਿਕਾ ਨਿਭਾਉਂਦਾ ਆਇਆ ਹੈ। ੧੯੪੭ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਪੰਜਾਬ ਨਾਲ ਹੋਏ ਵਿਸ਼ਵਾਸਘਾਤ ਦੇ ਵਿਰੁੱਧ ਵੀ ਇਸਨੇ ਆਪਣੀ ਆਵਾਜ਼ ਨੂੰ ਬੁਲੰਦ ਕੀਤਾ। ਆਜ਼ਾਦੀ ਤੋਂ ਬਾਅਦ ਜਿਹੜਾ ਸੱਭਿਆਚਾਰਕ ਅਤੇ ਆਰਥਿਕ ਢਾਂਚਾ ਹਕੂਮਤ ਲੈ ਕੇ ਆਈ ਉਹ ਇਕ ਪਾਸੜ ਸੀ ਜੋ ਪੰਜਾਬ ਦੀ ਹੋਂਦ ਲਈ ਖ਼ਤਰਾ ਸੀ। ਪੰਜਾਬ ਵਿਚ ਇਸਦਾ ਕਿਸਾਨ ਤੋਂ ਨਾਇਕ ਬਣੇ ਨੌਜਵਾਨਾਂ ਨੇ ਵਿਰੋਧ ਕੀਤਾ ਤੇ ਇਹਨਾਂ ਨੂੰ ਦਹਿਸ਼ਤਗਰਦ ਤੇ ਫ਼ਿਰਕਾਪ੍ਰਸਤ ਕਹਿਕੇ ਬਦਨਾਮ ਕੀਤਾ ਗਿਆ। ਜੁਝਾਰੂਆਂ ਦੇ ਇਕ ਗਰੁੱਪ 'ਬੱਬਰਾਂ' ਨੇ ਆਪਣੇ ਇਕ ਪੈਂਫ਼ਲਿਟ ਵਿਚ ਸਾਫ਼ ਲਿਖਿਆ ਕਿ ਉਨਾਂ ਦੀ ਲੜਾਈ 'ਮਨੁੱਖਤਾ ਵਿਚ ਪਈਆਂ ਕੁਝ ਗੈਰ-ਕੁਦਰਤੀ ਵੰਡੀਆਂ ਮਿਟਾਉਣ ਲਈ ਹੈ। ਉਹ ਅਜਿਹਾ ਰਾਜ ਸਿਰਜਣਾ ਚਾਹੁੰਦੇ ਹਨ ਜਿਸ ਵਿਚ ਇਜਾਰੇਦਾਰੀ ਤੇ ਸਰਮਾਏਦਾਰੀ ਜ਼ਾਲਮਾਂ ਦੇ ਮਜਲੂਮਾਂ ਦੇ ਦੁੱਧ-ਪੁੱਤ ਗ਼ੈਰਤ ਤੇ ਇੱਜ਼ਤ ਦੀ ਬਲੀ ਲੈ ਕੇ ਐਸ਼ ਦੀ ਜ਼ਿੰਦਗੀ ਲਈ ਉਸਾਰੇ ਬਹਿਸ਼ਤ ਨਹੀਂ ਰਹਿਣਗੇ।੩

ਪਰ ਬਪਿਰਵਾਦੀ ਅਤੇ ਪੂੰਜੀਪਤੀਆਂ ਦੀ ਹਮਾਇਤੀ ਹਕੂਮਤ ਨੂੰ ਪੰਜਾਬ ਦੇ ਨੌਜਵਾਨਾਂ ਦੀ ਗੱਲ ਨਾ ਸਮਝ ਲੱਗੀ।

੧੯੮੪ ਦੇ ਵਿਦਰੋਹ ਤੋਂ ਬਾਅਦ ਲਗਾਤਾਰ ਹਕੂਮਤ ਪੰਜਾਬ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਖ਼ਤਮ ਕਰਨ ਵਿਚ ਨੀਤੀਆਂ ਬਣਾਉਂਦੀ ਆਈ ਹੈ। ਮੌਜੂਦਾ ਸਮੇਂ ਵਿਚ ਚੱਲ ਰਿਹਾ ਕਿਸਾਨੀ ਸੰਘਰਸ਼ ਵੀ ਇਸੀ ਕੜੀ ਦਾ ਇਕ ਹਿੱਸਾ ਹੈ। ਕਿਸਾਨੀ ਬਿੱਲ ਹਕੂਮਤ ਵੱਲੋਂ



ਇਹ ਜਾਣਨ ਲਈ ਕਿ ਪੰਜਾਬ ਦਾ ਨਾਇਕ ਜਿਊਂਦਾ ਹੈ ਕੇ ਮਰ ਗਿਆ, ਵੱਢੀ ਗਈ ਚੂੰਢੀ ਹੈ। ਪਰ ਮੌਜੂਦਾ ਕਿਰਸਾਨੀ ਸੰਘਰਸ਼ ਵਿਚ ਨੌਜਵਾਨਾਂ ਦੀ ਸ਼ਮੂਲੀਅਤ ਨੇ ਇਹ ਦੱਸ ਦਿੱਤਾ ਹੈ ਕਿ ਪੰਜਾਬ ਦੇ ਨੌਜਵਾਨਾਂ ਦੇ ਮਨਾਂ ਵਿੱਚ ਦੋ ਚੀਜ਼ਾਂ ਹਮੇਸ਼ਾ ਲਈ ਘਰ ਕਰ ਗਈਆਂ ਹਨ, ਇਕ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਮਨੋਂ-ਬਿੰਬ ਅਤੇ ਦੂਜਾ ੧੯੮੪ ਦੇ ਯੋਧਿਆਂ ਦਾ ਜੁਝਾਰੂ ਬਿੰਬ।

ਕਿਸਾਨੀ ਮੋਰਚਿਆਂ ਉੱਪਰ ਅਨੰਦਪੁਰ ਸਾਹਿਬ ਦੇ ਮਤੇ, ਸੰਤ ਭਿੰਡਰਾਂਵਾਲਿਆਂ ਦੇ ਵਿਚਾਰਾਂ ਦੀ ਮੁੜ ਗੱਲ ਹੋਣੀ ਇਸ ਗੱਲ ਦੀ ਗਵਾਹੀ ਭਰਦੀ ਹੈ ਪੰਜਾਬੀਆਂ ਨੇ ਹਕੂਮਤ ਵੱਲੋਂ ਇਤਿਹਾਸ ਵਿਚ ਦਿੱਤੇ ਜ਼ਖ਼ਮਾਂ ਨੂੰ ਹਰਿਆ ਰੱਖਿਆ ਹੈ। ਬਿਪਰਵਾਦੀ ਹਕੂਮਤ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਖੇਤੀ ਪੰਜਾਬੀਆਂ ਲਈ ਗੁਰੂ ਨਾਨਕ ਦੀ ਕਿਰਤ ਦਾ ਫ਼ਲਸਫ਼ਾ ਹੈ ਜਿਹੜੀ ਕਿਰਤ ਸਭ ਦਾ ਭਲਾ ਲੋਚਦੀ ਹੈ ਅਤੇ ਬਿਨਾਂ ਕਿਸੀ ਮੁਨਾਫ਼ੇ ਦੇ ਤੇਰਾ-ਤੇਰਾ ਤੋਲਦੀ ਹੈ ਅਤੇ ਪੂੰਜੀਪਤੀਆਂ ਦੇ ਵਾਧੂ ਮੁਨਾਫ਼ੇ ਅਤੇ ਪੂੰਜੀ ਇਕੱਠੀ ਕਰਨ ਦਾ ਸਖ਼ਤ ਵਿਰੋਧ ਕਰਦੀ ਹੈ। ਦੂਜੇ ਪਾਸੇ ਨਾਲ ਹੀ "ਕਬਹੂ ਨਾ ਛਾਡੈ ਖੇਤੁ" ਦਾ ਸੰਕਲਪ ਵੀ ਪੰਜਾਬੀਆਂ ਦੇ ਮਨ ਵਿਚ ਵੱਸਦਾ ਹੈ। ਤਾਂ ਬਿਨਾਂ ਕਿਸੀ ਵਿਰੋਧ ਜਾਂ ਜੰਗ ਦੇ ਆਪਦਾ ਖ਼ਿੱਤਾ ਧਾੜਵੀਆਂ ਨੂੰ ਦੇ ਦੇਣਾ, ਪੰਜਾਬੀਆਂ ਦੀ ਫ਼ਿਤਰਤ ਨਹੀਂ।

ਮੌਜੂਦਾ ਚੱਲ ਰਹੇ ਸੰਘਰਸ਼ ਵਿਚ ਪੰਜਾਬੀਆਂ ਦੀ ਖ਼ਾਸ ਕਰਕੇ ਸਿੱਖਾਂ ਦੀ ਜ਼ਿੰਮੇਵਾਰੀ ਵਧੇਰੇ ਹੈ ਕਿ ਉਹ ਲੰਬੇ ਸਮੇਂ ਤੋਂ ਹੋ ਰਹੀ ਪੰਜਾਬ ਦੀ ਲੁੱਟ ਦਾ ਹਿਸਾਬ ਵਿਆਜ ਸਮੇਤ ਲੈਣ ਨਾ ਕਿ ਇਕੱਲੇ ਐਮਐਸਪੀ ਤੱਕ ਸੀਮਿਤ ਰਹਿਣ।

ਬੇਸ਼ੱਕ ਇਹ ਸੰਘਰਸ਼ ਸ਼ਾਂਤਮਈ ਢੰਗ ਨਾਲ ਚੱਲ ਰਿਹਾ ਹੈ ਅਤੇ ਕਿਸੀ ਵੀ ਪ੍ਰਕਾਰ ਦੀ ਹਿੰਸਾ ਨਹੀਂ ਹੋਈ ਸਗੋਂ ਆਮ ਜਨਤਾ ਦਾ ਫ਼ਾਇਦਾ ਹੀ ਹੋਇਆ ਹੈ ਪਰ ਜੇ ਹਕੂਮਤ ਇਸੇ ਤਰਾਂ ਆਪਣੇ ਫ਼ੈਸਲੇ ਤੇ ਅੜੀ ਰਹਿੰਦੀ ਹੈ ਤਾਂ ਪੰਜਾਬ ਦਾ ਨੌਜਵਾਨ ਹਥਿਆਰ ਚੁੱਕਣ ਤੋਂ ਗੁਰੇਜ਼ ਨਹੀਂ ਕਰੇਗਾ ਕਿਉਂਕਿ ਇਹੀ ਪੰਜਾਬ ਦਾ ਇਤਿਹਾਸ ਰਿਹਾ ਹੈ। ਬਚਿੱਤਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਪਸ਼ਟ ਕੀਤਾ ਹੈ ਕਿ ਸੰਕਟ ਦੀ ਘੜੀ ਵਿਚ ਕਿਰਪਾਨ ਜਾਂ ਖੜਗ ਰੂਪ ਅਕਾਲ ਪੁਰਖ ਦਾ ਵਰਤਾਰਾ 'ਸ੍ਰਿਸ਼ਟਿ ਉਬਾਰਣ' ਲਈ ਹੈ। ਇਸ ਦੇ ਸਧਾਰਨ ਅਰਥ ਇਹ ਹਨ ਕਿ ਖੜਗ ਦਾ ਚੱਲਣਾ ਇਕ ਨਿਰਉਦੇਸ਼ ਹਿੰਸਾ ਨਹੀਂ, ਸਗੋਂ ਸ੍ਰਿਸ਼ਟੀ ਦੇ ਰੁਕੇ ਵਿਕਾਸ ਨੂੰ ਅੱਗੇ ਤੋਰਨਾ ਹੈ। ਜਿਸ ਰੂਪ ਵਿਚ ਵੀ ਰੁਕਾਵਟਾਂ ਆਈਆਂ ਹਨ - ਕਾਇਨਾਤੀ, ਸਭਿਆਚਾਰਕ, ਰਾਜਨੀਤਕ, ਆਰਥਿਕ ਆਦਿ ਉਨਾਂ ਰੁਕਾਵਟਾਂ ਤੇ ਵਿਰੋਧਾਂ ਨੂੰ ਹਟਾਉਣਾ ਅਤੇ ਗਤੀ ਨੂੰ ਕਾਇਮ ਰੱਖਣਾ ਹੈ।੪

ਪੰਜਾਬ ਇਸ ਸਮੇਂ ਸਾਰੀਆਂ ਹੀ ਰੁਕਾਵਟਾਂ ਦਾ ਸਾਹਮਣਾ ਕਰ ਰਿਹਾ ਹੈ। ਹੁਣ ਪੰਜਾਬ ਦੇ ਨੌਜਵਾਨਾਂ ਨੇ ਸੱਚੇ ਪਾਤਸ਼ਾਹ ਅਤੇ ਝੂਠੇ ਪਾਤਸ਼ਾਹ ਵਿਚਲਾ ਭੇਦ ਬੁੱਝ ਲਿਆ ਹੈ। ਉਸਦਾ ਮੁੱਖ ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲ ਨੂੰ ਹੈ ਅਤੇ ਹੱਥ ਸ਼ਮਸ਼ੀਰ ਹੈ ਅਤੇ ਮਨ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਬਿੰਬ ਹੈ ਅਤੇ ਸਾਹਮਣੇ ਹੈ ਹਰੀ ਚੰਦ।

**ਹਵਾਲੇ ਤੇ ਟਿੱਪਣੀਆਂ**

੧.ਗੁਰਭਗਤ ਸਿੰਘ(ਡਾ.),ਕੌਮੀ ਆਜ਼ਾਦੀ ਵੱਲ: ਪੰਜਾਬ ਤੇ ਪੰਜਾਬੀ ਸਭਿਆਚਾਰ ਦਾ ਭਵਿੱਖ,ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ,੧੯੯੩,ਪੰਨਾ ੬੪.
੨.ਉਹੀ, ਪੰਨਾ ੬੫.
੩.ਉਹੀ, ਪੰਨਾ ੭੪
੪.ਗੁਰਭਗਤ ਸਿੰਘ(ਡਾ.),( ਸੰਪ) ਅਜਮੇਰ ਸਿੰਘ, ਸਿੱਖ ਦ੍ਰਿਸ਼ਟੀ ਦਾ ਗੌਰਵ,ਸਿੰਘ ਬ੍ਰਦਰਜ਼,ਅਮ੍ਰਿਤਸਰ,੨੦੧੯,ਪੰਨਾ ੯੯.

# ਪੰਜਾਬ ਯੂਨੀਵਰਸਿਟੀ 'ਤੇ ਕਬਜ਼ਾ ਕਰਨ ਦਾ ਸੰਘੀ (ਆਰ.ਐਸ.ਐਸ) ਪਲੈਨ ?

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਸਥਿਤ ਹੈ। ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਬਣਾਈ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਭਾਰਤ ਸਰਕਾਰ ਨੇ ਸਿਆਸੀ ਮੁਫਾਦਾਂ ਲਈ ਹਰਿਆਣਾ ਨੂੰ ਹਿੱਸੇਦਾਰ ਪਵਾ ਕੇ ਵਿਵਾਦਤ ਬਣਾ ਦਿੱਤਾ ਹੋਇਆ ਹੈ ਅਤੇ ਪੰਜਾਬ ਦੇ ਇਸ ਖਿੱਤੇ ਨੂੰ ਯੂਟੀ ਬਣਾ ਕੇ ਇਸ 'ਤੇ ਆਪਣਾ ਪ੍ਰਬੰਧਕੀ ਕਬਜ਼ਾ ਕੀਤਾ ਹੋਇਆ ਹੈ। ਜਿੱਥੇ ਪੰਜਾਬ ਦੇ ਲੋਕਾਂ ਦੇ ਦਿਲਾਂ ਵਿਚ ਬੜੀ ਤਾਂਘ ਹੈ ਕਿ ਚੰਡੀਗੜ੍ਹ ਦਾ ਪ੍ਰਬੰਧ ਪੰਜਾਬ ਦੇ ਹੱਥਾਂ ਵਿਚ ਆਵੇ ਉੱਥੇ ਪੰਜਾਬ ਦੀਆਂ ਸਰਕਾਰਾਂ ਚੰਡੀਗੜ੍ਹ ਵਿਚ ਸਥਾਪਤ ਆਪਣੇ ਦਫਤਰਾਂ ਨੂੰ ਵੀ ਮੋਹਾਲੀ ਤਬਦੀਲ ਕਰ ਰਹੀ ਹੈ ਅਤੇ ਚੰਡੀਗੜ੍ਹ ਦੇ ਪ੍ਰਬੰਧ ਦਾ ਪੂਰਾ ਹੱਕ ਹਾਸਲ ਕਰਨ ਦੀ ਲੜਾਈ ਤਾਂ ਵਿਸਾਰ ਹੀ ਚੁੱਕੀਆਂ ਹਨ। ਹੁਣ ਜਦੋਂ ਪੰਜਾਬ ਕਿਸਾਨੀ ਘੋਲ ਵਿਚ ਦਿੱਲੀ ਖਿਲਾਫ ਆਪਣੀ ਖੁਦਮੁਖਤਿਆਰੀ ਦੀ ਲੜਾਈ ਵੱਲ ਵਧ ਰਿਹਾ ਹੈ ਤਾਂ ਚੰਡੀਗੜ੍ਹ ਵਿਚ ਪੰਜਾਬ ਦੇ ਹੱਕਾਂ 'ਤੇ ਭਾਰਤ ਸਰਕਾਰ ਦੇ ਇਕ ਹੋਰ ਡਾਕੇ ਲਈ ਸਰਗਰਮੀਆਂ ਤੇਜ਼ ਹੋ ਚੁੱਕੀਆਂ ਹਨ। ਪੰਜਾਬ ਸੂਬੇ ਦੀ ਯੂਨੀਵਰਸਿਟੀ ਪੰਜਾਬ ਯੂਨੀਵਰਸਿਟੀ ਦੇ 1882 ਤੋਂ ਚੱਲੇ ਆ ਰਹੇ ਪ੍ਰਬੰਧਕੀ ਢਾਂਚੇ ਸੈਨੇਟ/ਸਿੰਡੀਕੇਟ ਨੂੰ ਖਤਮ ਕਰਕੇ ਇਸ ਦਾ ਸਮੁੱਚਾ ਪ੍ਰਬੰਧ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਨਿਯੁਕਤ ਕੀਤੇ ਜਾਣ ਵਾਲੇ 'ਬੋਰਡ ਆਫ ਗਵਰਨਰਸ' ਨੂੰ ਦਿੱਤੇ ਜਾਣ ਲਈ ਜ਼ਮੀਨ ਤਿਆਰ ਕਰ ਲਈ ਗਈ ਹੈ। ਜਿੱਥੇ ਭਾਜਪਾ, ਆਰ.ਐਸ. ਐਸ ਦਾ ਵਿਦਿਆਰਥੀ ਵਿੰਗ ਏਬੀਵੀਪੀ ਅਤੇ ਬਨਾਰਸ ਤੋਂ ਲਿਆ ਕੇ ਲਾਇਆ ਹੋਇਆ ਪੰਜਾਬ ਯੂਨੀਵਰਸਿਟੀ ਦਾ ਵੀਸੀ ਰਾਜ ਕੁਮਾਰ ਸੈਨੇਟ/ਸਿੰਡੀਕੇਟ ਨੂੰ ਖਤਮ ਕਰਨ ਲਈ ਹਰ ਹੀਲਾ ਵਰਤ ਰਹੇ ਹਨ ਉੱਥੇ ਪੰਜਾਬ ਯੂਨੀਵਰਸਿਟੀ ਦੀਆਂ ਬਾਕੀ ਸਭ ਵਿਦਿਆਰਥੀ ਜਥੇਬੰਦੀਆਂ ਇਸ ਲੋਕਤੰਤਰਿਕ ਪ੍ਰਬੰਧਕੀ ਢਾਂਚੇ ਨੂੰ ਬਚਾਉਣ ਲਈ ਸੰਘਰਸ਼ ਦੇ ਮੈਦਾਨ ਵਿਚ ਆਈਆਂ ਹਨ। ਯੂਨੀਵਰਸਿਟੀ ਦੇ ਅਧਿਆਪਕਾਂ ਦੀ ਜਥੇਬੰਦੀ "ਪੰਜਾਬ ਯੂਨੀਵਰਸਿਟੀ ਟੀਚਰਸ ਐਸੋਸੀਏਸ਼ਨ" ਅਤੇ ਸੈਨੇਟ ਤੇ ਸਿੰਡੀਕੇਟ ਮੈਂਬਰਾਂ ਵੱਲੋਂ ਵੀ ਸੈਨੇਟ ਚੋਣਾਂ ਤੁਰੰਤ ਕਰਾਉਣ ਦੀ ਮੰਗ ਕੀਤੀ ਜਾ ਰਹੀ ਹੈ।

**ਪੰਜਾਬ ਯੂਨੀਵਰਸਿਟੀ ਦਾ ਪ੍ਰਬੰਧਕੀ ਨਿਜ਼ਾਮ**

ਪੰਜਾਬ ਯੂਨੀਵਰਸਿਟੀ 1882 ਵਿਚ ਲਾਹੌਰ ਵਿਖੇ ਪੰਜਾਬ ਯੂਨੀਵਰਸਿਟੀ ਕਾਨੂੰਨ, 1882 ਅਧੀਨ ਸਥਾਪਤ ਕੀਤੀ ਗਈ ਸੀ। ਉਸ ਸਮੇਂ ਤੋਂ ਹੀ ਇਸ ਕਾਨੂੰਨ ਮੁਤਾਬਕ ਯੂਨੀਵਰਸਿਟੀ ਦੇ ਪ੍ਰਬੰਧ ਨੂੰ ਲੋਕਤੰਤਰਿਕ ਬਣਾਉਣ ਲਈ ਸੈਨੇਟ/ਸਿੰਡੀਕੇਟ ਦਾ ਗਠਨ ਕੀਤਾ ਗਿਆ ਸੀ। 1947 ਵਿਚ ਪੰਜਾਬ ਦੇ ਉਜਾੜੇ ਦੇ ਚਲਦਿਆਂ ਜਿਵੇਂ ਚੜ੍ਹਦੇ ਪੰਜਾਬ ਦੀ ਰਾਜਧਾਨੀ ਲਾਹੌਰ ਤੋਂ ਚੰਡੀਗੜ੍ਹ ਤਬਦੀਲ ਹੋਈ, ਉਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਵੀ ਚੰਡੀਗੜ੍ਹ ਵਿਚ ਸਥਾਪਤ ਕੀਤੀ ਗਈ। ਇੱਥੇ ਵੀ ਇਸ ਨੂੰ ਪੰਜਾਬ ਯੂਨੀਵਰਸਿਟੀ ਕਾਨੂੰਨ, 1947 ਅਧੀਨ ਸਥਾਪਤ ਕੀਤਾ ਗਿਆ ਜਿਸ ਮੁਤਾਬਕ ਯੂਨੀਵਰਸਿਟੀ ਦੇ ਪ੍ਰਬੰਧ ਦੀ ਮੁੱਖ ਜ਼ਿੰਮੇਵਾਰ ਸੈਨੇਟ ਨੂੰ ਬਣਾਇਆ ਗਿਆ।

**ਸੈਨੇਟ ਦੀ ਚੋਣ ਵਿਧੀ**

ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੇ ਵਿਚ 6 ਸੀਟਾਂ ਪੱਕੀ ਤੈਅ ਹਨ ਜਿਹਨਾਂ ਵਿਚ ਪੰਜਾਬ ਦੇ ਮੁੱਖ ਮੰਤਰੀ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ, ਪੰਜਾਬ ਦੇ ਸਿੱਖਿਆ ਮੰਤਰੀ, ਪੰਜਾਬ ਦੇ ਸਿੱਖਿਆ ਸਕੱਤਰ, ਯੂਟੀ ਚੰਡੀਗੜ੍ਹ ਦੇ ਪ੍ਰਬੰਧਕ ਅਤੇ ਯੂਟੀ ਚੰਡੀਗੜ੍ਹ ਦੇ ਸਿੱਖਿਆ ਸਕੱਤਰ ਦੇ ਅਹੁਦੇ ਸ਼ਾਮਲ ਹਨ।

ਇਹਨਾਂ ਤੋਂ ਇਲਾਵਾ 49 ਮੈਂਬਰ ਵੱਖ-ਵੱਖ ਹਲਕਿਆਂ ਜਿਵੇਂ ਪ੍ਰੋਫੈਸਰਾਂ, ਐਸੋਸੀਏਟ ਪ੍ਰੋਫੈਸਰਾਂ, ਅਸਿਸਟੈਂਟ ਪ੍ਰੋਫੈਸਰਾਂ, ਕਾਲਜਾਂ ਦੇ ਪ੍ਰਿੰਸੀਪਲਾਂ, ਯੂਨੀਵਰਸਿਟੀ ਦੇ ਗ੍ਰੈਜੁਏਟ ਵਿਦਿਆਰਥੀਆਂ ਵਿਚੋਂ ਚੁਣ ਕੇ ਆਉਂਦੇ ਹਨ। ਇਹਨਾਂ ਵਿਚੋਂ ਜ਼ਿਆਦਾਤਰ ਪੰਜਾਬ ਨਾਲ ਸਬੰਧਿਤ ਅਹੁਦੇਦਾਰ ਹੀ ਚੁਣੇ ਜਾਂਦੇ ਰਹੇ ਹਨ।

36 ਸੈਨੇਟ ਮੈਂਬਰ ਭਾਰਤ ਦੇ ਉਪ ਰਾਸ਼ਟਰਪਤੀ, ਜੋ ਪੰਜਾਬ ਯੂਨੀਵਰਸਿਟੀ ਦਾ ਚਾਂਸਲਰ ਵੀ ਹੁੰਦਾ ਹੈ ਉਸ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ।

ਸੈਨੇਟ ਦੇ ਇਹਨਾਂ ਸਾਰੇ ਮੈਂਬਰਾਂ ਵਿਚੋਂ ਫੇਰ 15 ਮੈਂਬਰ ਸਿੰਡੀਕੇਟ ਲਈ ਚੁਣੇ ਜਾਂਦੇ ਹਨ।

**ਸੈਨੇਟ ਦੀਆਂ ਤਾਕਤਾਂ**

ਪੰਜਾਬ ਯੂਨੀਵਰਸਿਟੀ ਕਾਨੂੰਨ 1947 ਮੁਤਾਬਕ ਯੂਨੀਵਰਸਿਟੀ ਦੇ ਸਮੁੱਚੇ ਪ੍ਰਬੰਧ, ਸੰਪੱਤੀ ਅਤੇ ਸਭ ਮਾਮਲਿਆਂ ਦੀ ਜ਼ਿੰਮੇਵਾਰ ਸੈਨੇਟ ਹੈ। ਯੂਨੀਵਰਸਿਟੀ ਦੇ ਪ੍ਰਬੰਧ ਨਾਲ ਜੁੜਿਆ ਕੋਈ ਵੀ ਮਸਲਾ ਸੈਨੇਟ ਦੀ ਸਹਿਮਤੀ ਨਾਲ ਹੀ ਹੱਲ ਹੋ ਸਕਦਾ ਹੈ। ਇਸ ਪ੍ਰਬੰਧ ਦੇ ਚਲਦਿਆਂ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੇ ਹੱਕਾਂ ਦੀ ਰਾਖੀ ਲਈ ਇਕ ਵੱਡੀ ਤਾਕਤ ਮਿਲਦੀ ਹੈ। ਯੂਨੀਵਰਸਿਟੀ ਦੇ ਵਾਇਸ ਚਾਂਸਲਰ ਵੱਲੋਂ ਲਿਆ ਗਿਆ ਕੋਈ ਵੀ ਫੈਂਸਲਾ ਸੈਨੇਟ ਦੀ ਦਖਲ ਨਾਲ ਰੱਦ ਅਤੇ ਤਬਦੀਲ ਕੀਤਾ ਜਾ ਸਕਦਾ ਹੈ।

**ਸੈਨੇਟ ਨੂੰ ਖਤਮ ਕਿਉਂ ਕਰਨਾ ਚਾਹੁੰਦੇ ਹਨ ਸੰਘ ਅਤੇ ਭਾਜਪਾ**

ਭਾਰਤ ਦੀ ਕੇਂਦਰੀ ਸੱਤਾ 'ਤੇ ਕਾਬਜ਼ ਭਾਜਪਾ ਅਤੇ ਭਾਜਪਾ ਦੇ ਮਾਈ-ਬਾਪ ਵਜੋਂ ਜਾਣੀ ਜਾਂਦੀ ਆਰ.ਐਸ.ਐਸ ਤਾਕਤਾਂ ਦੀ ਵੰਡ ਨੂੰ ਖਤਮ ਕਰਕੇ ਸਮੁੱਚੀਆਂ ਤਾਕਤਾਂ ਦਾ ਕੇਂਦਰੀਕਰਨ ਕਰਨ ਲਈ ਨੀਤੀਆਂ ਲਿਆ ਰਹੇ ਹਨ। ਆਰ.ਐਸ.ਐਸ ਸਿੱਖਿਆ ਦੇ ਢਾਂਚੇ ਨੂੰ ਆਪਣੇ ਹਿੰਦੁਤਵੀ ਸਿਆਸੀ ਏਜੰਡੇ ਵਿਚ ਰੰਗਣਾ ਚਾਹੁੰਦੀ ਹੈ ਅਤੇ ਕਾਫੀ ਹੱਦ ਤਕ ਰੰਗ ਵੀ ਚੁੱਕੀ ਹੈ। ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀਆਂ ਦੀ ਕਿਸੇ ਵੀ ਤਰ੍ਹਾਂ ਦੀ ਦਖਲ ਨੂੰ ਖਤਮ ਕਰਕੇ ਆਰ. ਐਸ.ਐਸ ਇਸ ਯੂਨੀਵਰਸਿਟੀ ਦਾ ਸਮੁੱਚਾ ਪ੍ਰਬੰਧ ਭਾਰਤ ਸਰਕਾਰ ਰਾਹੀਂ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੀ ਹੈ। ਇਸ ਤਰ੍ਹਾਂ ਉਹ ਯੂਨੀਵਰਸਿਟੀ ਦੇ ਸਿੱਖਿਆ ਢਾਂਚੇ ਨਾਲ ਆਪਣੇ ਸਿਆਸੀ ਏਜੰਡੇ ਨੂੰ ਪੰਜਾਬ ਵਿਚ ਫੈਲਾਉਣ ਦੀ ਨੀਤੀ ਬਣਾ ਰਹੀ ਹੈ।

ਇਸ ਤੋਂ ਇਲਾਵਾ ਚੰਡੀਗੜ੍ਹ ਤੋਂ ਪੰਜਾਬ ਦੇ ਦਾਅਵੇ ਨੂੰ ਹੋਰ ਖੋਖਲਾ ਕਰਨ ਲਈ ਇਹ ਕਦਮ ਚੁੱਕਿਆ ਜਾ ਰਿਹਾ ਹੈ। ਚੰਡੀਗੜ੍ਹ ਵਿਚ ਪੰਜਾਬ ਯੂਨੀਵਰਸਿਟੀ ਹੀ ਇਕ ਅਜਿਹਾ ਵੱਡਾ ਅਦਾਰਾ ਹੈ ਜੋ ਪੰਜਾਬ ਦਾ ਹੈ। ਇਸ ਯੂਨੀਵਰਸਿਟੀ ਦੀ ਸੈਨੇਟ ਨੂੰ ਖਤਮ ਕਰਕੇ ਭਾਰਤ ਸਰਕਾਰ ਇਸ ਯੂਨੀਵਰਸਿਟੀ ਨੂੰ ਪੰਜਾਬ ਸਰਕਾਰ ਦੇ ਹੱਥੋਂ ਕੱਢ ਕੇ ਸਿੱਧਾ ਕੇਂਦਰ ਅਧੀਨ ਕਰਨਾ ਚਾਹੁੰਦੀ ਹੈ। ਜੇ ਅਜਿਹਾ ਹੁੰਦਾ ਹੈ ਤਾਂ ਪੰਜਾਬ ਆਪਣੀ ਇਕ ਹੋਰ ਅਹਿਮ ਚੀਜ਼ ਦਿੱਲੀ ਨੂੰ ਲੁਟਾ ਬੈਠੇਗਾ।

**ਸੈਨੇਟ ਭੰਗ ਕਰਕੇ ਲੱਗਣ ਵਾਲਾ ਬੋਰਡ ਆਫ ਗਵਰਨਰਸ ਕੀ ਹੈ ?**

ਭਾਰਤ ਸਰਕਾਰ ਵੱਲੋਂ ਇਸ ਸਾਲ ਲਿਆਂਦੀ ਗਈ ਨਵੀਂ ਸਿੱਖਿਆ ਨੀਤੀ ਵਿਚ ਕਿਹਾ ਗਿਆ ਹੈ ਕਿ ਯੂਨੀਵਰਸਿਟੀਆਂ ਵਿਚ ਚੱਲ ਰਹੇ ਸੈਨੇਟ ਵਰਗੇ ਲੋਕਤੰਤਰਿਕ ਪ੍ਰਬੰਧਕੀ ਢਾਂਚਿਆਂ ਨੂੰ ਖਤਮ ਕਰਕੇ ਇਹਨਾਂ ਦੀ ਥਾਂ ਕੇਂਦਰ ਸਰਕਾਰ ਵੱਲੋਂ ਨਿਯੁਕਤ ਕੁੱਝ ਨੁਮਾਂਇੰਦਿਆਂ ਦਾ ਬੋਰਡ ਆਫ ਗਰਰਨਰਸ ਸਥਾਪਤ ਕੀਤਾ ਜਾਵੇ। ਜੇ ਪੰਜਾਬ ਯੂਨੀਵਰਸਿਟੀ ਦੀ ਗੱਲ ਕਰੀਏ ਤਾਂ ਸੈਨੇਟ ਖਤਮ ਹੋਣ 'ਤੇ ਇੱਥੋਂ ਦੇ ਬੋਰਡ ਆਫ ਗਵਰਨਰਸ ਨੂੰ ਭਾਰਤ ਦਾ ਉਪ ਰਾਸ਼ਟਰਪਤੀ ਨਿਯੁਕਤ ਕਰਿਆ ਕਰੇਗਾ।






**ਪਹਿਲੀ ਵਾਰ ਸੈਨੇਟ ਤੋਂ ਬਿਨ੍ਹਾਂ ਚੱਲ ਰਹੀ ਹੈ ਪੰਜਾਬ ਯੂਨੀਵਰਸਿਟੀ**

ਪੰਜਾਬ ਯੂਨੀਵਰਸਿਟੀ ਦੀ ਸੈਨੇਟ ਲਈ ਚੋਣ ਹਰ 4 ਸਾਲ ਬਾਅਦ ਹੁੰਦੀ ਹੈ। ਇਸ ਵਾਰ ਸੈਨੇਟ ਦਾ ਸਮਾਂ 31 ਅਕਤੂਬਰ 2020 ਤਕ ਦਾ ਸੀ। ਭਾਵੇਂ ਕਿ ਸੈਨੇਟ ਚੋਣਾਂ ਲਈ ਸਭ ਤਿਆਰੀ ਹੋ ਚੁੱਕੀ ਸੀ ਪਰ ਕੋਰੋਨਾਵਾਇਰਸ ਦਾ ਬਹਾਨਾ ਲਾਉਂਦਿਆਂ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਰਾਜ ਕੁਮਾਰ ਨੇ ਚੋਣਾਂ ਨੂੰ ਮੁਲਤਵੀ ਕਰ ਦਿੱਤਾ ਅਤੇ ਹੁਣ ਜਦੋਂ ਸਾਰੀਆਂ ਪਾਬੰਦੀਆਂ ਹਟ ਚੁੱਕੀਆਂ ਹਨ ਤਾਂ ਵੀ ਵਾਇਸ ਚਾਂਸਲਰ ਚੋਣਾਂ ਨਹੀਂ ਕਰਵਾ ਰਿਹਾ।

**ਸੈਨੇਟ ਬਚਾਉਣ ਲਈ ਵਿਦਿਆਰਥੀਆਂ ਨੇ ਸ਼ੁਰੂ ਕੀਤੀ ਲਾਮਬੰਦੀ**

ਪੰਜਾਬ ਯੂਨੀਵਰਸਿਟੀ ਦੀਆਂ ਵਿਦਿਆਰਥੀ ਜਥੇਬੰਦੀਆਂ ਸੱਥ, ਅੰਬੇਦਕਰ ਸਟੂਡੈਂਟ ਐਸੋਸੀਏਸ਼ਨ, ਆਲ ਇੰਡੀਆ ਸਟੂਡੈਂਟ ਫੈਡਰੇਸ਼ਨ, ਸਟੂਡੈਂਟਸ ਫਾਰ ਸੁਸਾਇਟੀ, ਪੀਐਸਯੂ (ਲਲਕਾਰ), ਪੰਜਾਬ ਯੂਨੀਵਰਸਿਟੀ ਸਟੂਡੈਂਟਸ ਫੈਡਰੇਸ਼ਨ, ਪੁਸੂ, ਸੋਈ, ਐਨਐਸਯੂਆਈ, ਯੂਥ ਫਾਰ ਸਵਰਾਜ ਨੇ ਮਿਲ ਕੇ ਸੈਨੇਟ ਦੀਆਂ ਚੋਣਾਂ ਕਰਵਾਉਣ ਵਾਸਤੇ ਇਕ ਸਾਂਝਾ ਵਿਦਿਆਰਥੀ ਮੰਚ ਬਣਾਇਆ ਹੈ। ਵਿਦਿਆਰਥੀ ਜਥੇਬੰਦੀਆਂ ਦੇ ਇਸ ਮੰਚ ਵੱਲੋਂ ਲਾਮਬੰਦੀ ਸ਼ੁਰੂ ਕਰ ਦਿੱਤੀ ਗਈ ਹੈ। ਵਾਇਸ ਚਾਂਸਲਰ ਨੇ ਜਦੋਂ ਕਿਹਾ ਕਿ ਯੂਟੀ ਪ੍ਰਸ਼ਾਸਨ ਚੋਣਾਂ ਕਰਵਾਉਣ ਦੀ ਪ੍ਰਵਾਨਗੀ ਨਹੀਂ ਦੇ ਰਿਹਾ ਤਾਂ ਵਿਦਿਆਰਥੀਆਂ ਨੇ ਯੂਟੀ ਸਕੱਤਰੇਤ ਦੇ ਬਾਹਰ ਪ੍ਰਦਰਸ਼ਨ ਕੀਤਾ ਜਿਸ ਤੋਂ ਬਾਅਦ ਯੂਟੀ ਦੇ ਮੁੱਖ ਕਮਿਸ਼ਨਰ ਮਨੋਜ ਕੁਮਾਰ ਪਰਿਦਾ ਨੇ ਵਿਦਿਆਰਥੀ ਆਗੂਆਂ ਨਾਲ ਮੁਲਾਕਾਤ ਵਿਚ ਦੱਸਿਆ ਕਿ ਜੇ ਯੂਨੀਵਰਸਿਟੀ ਵੀਸੀ ਚੋਣਾਂ ਕਰਵਾਉਣ ਦੀ ਪ੍ਰਵਾਨਗੀ ਮੰਗਣ ਤਾਂ ਯੂਟੀ ਪ੍ਰਸ਼ਾਸਨ ਨੂੰ ਪ੍ਰਵਾਨਗੀ ਦੇਣ ਵਿਚ ਕੋਈ ਦਿੱਕਤ ਨਹੀਂ। ਉਹਨਾਂ ਕਿਹਾ ਕਿ ਵੀਸੀ ਆਪਣੇ ਹਿੱਤਾਂ ਲਈ ਯੂਟੀ ਪ੍ਰਸ਼ਾਸਨ ਨੂੰ ਵਰਤ ਰਿਹਾ ਹੈ। ਯੂਟੀ ਕਮਿਸ਼ਨਰ ਦੇ ਇਸ ਬਿਆਨ ਨੇ ਵੀਸੀ ਦੇ ਝੂਠੇ ਬਹਾਨੇ ਤੋਂ ਪਰਦਾ ਚੁੱਕ ਦਿੱਤਾ। ਹੁਣ ਵਿਦਿਆਰਥੀਆਂ ਵੱਲੋਂ ਵੀਸੀ ਨੂੰ ਕਿਹਾ ਗਿਆ ਹੈ ਕਿ ਉਹ ਜਲਦ ਤੋਂ ਜਲਦ ਯੂਟੀ ਪ੍ਰਸ਼ਾਸਨ ਤੋਂ ਪ੍ਰਵਾਨਗੀ ਲੈ ਕੇ ਚੋਣਾਂ ਦਾ ਐਲਾਨ ਕਰੇ। ਇਸ ਤੋਂ ਬਾਅਦ ਚੰਡੀਗੜ੍ਹ ਦੇ ਐਸਐਸਪੀ ਵੱਲੋਂ ਵੀ ਵਿਦਿਆਰਥੀ ਆਗੂਆਂ ਨਾਲ ਗੱਲਬਾਤ ਕਰਕੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਵਿਦਿਆਰਥੀਆਂ ਦਾ ਵਿਰੋਧ ਤਿੱਖਾ ਨਾ ਹੋਵੇ। ਪ੍ਰਸ਼ਾਸਨ ਦੀਆਂ ਤਿਆਰੀਆਂ ਅਤੇ ਵੀਸੀ ਦੇ ਰਵੱਈਏ ਤੋਂ ਇਹ ਲੱਗ ਰਿਹਾ ਹੈ ਕਿ ਪੰਜਾਬ ਦੇ ਲੋਕਾਂ, ਵਿਦਿਆਰਥੀਆਂ ਵਾਸਤੇ ਆਪਣਾ ਇਕ ਹੋਰ ਹੱਕ ਬਚਾਉਣ ਦਾ ਵੱਡਾ ਸੰਘਰਸ਼ ਸਾਹਮਣੇ ਆ ਖੜ੍ਹਿਆ ਹੈ।

Website Design & Development
→ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
→ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com

# ਪੰਜਾਬ ਨੂੰ ਮਾਣ ਏ ਪਰਵਾਸੀ ਪੰਜਾਬੀਆਂ ਉੱਪਰ



- ਗੁਰਮੀਤ ਸਿੰਘ ਪਲਾਹੀ
9815802070

ਮੁਲਕ ਛੱਡ ਕੇ ਗਏ ਹਰ ਪ੍ਰਵਾਸੀ ਦੀ ਆਪਣੀ ਦਾਸਤਾਨ ਹੈ, ਚੰਗੀ-ਮਾੜੀ, ਛੋਟੀ-ਲੰਬੀ, ਜੀਵਨ ਕਹਾਣੀ ਹੈ। ਇਹੋ ਜਿਹੇ ਸਫਲ ਪ੍ਰਵਾਸੀਆਂ ਦੀਆਂ ਕੁਝ ਜੀਵਨ-ਕਹਾਣੀਆਂ ਆਪਦੇ ਸਨਮੁੱਖ ਹਨ:

**ਪੰਜਾਬੀ ਮਾਪਿਆਂ ਦਾ ਪੁੱਤਰ- ਬਰਤਾਨੀਆ ਦਾ ਵਿੱਤ ਮੰਤਰੀ- ਰਿਸ਼ੀ ਸੁਨਾਕ,**



ਬਰਤਾਨੀਆ ਦੇ ਵਿੱਤ ਮੰਤਰੀ ਰਿਸ਼ੀ ਸੁਨਾਕ ਦੇ ਦਾਦਾ-ਦਾਦੀ ਪੰਜਾਬ (ਭਾਰਤ) ਦੇ ਜੰਮਪਲ ਸਨ, ਜਿਹੜੇ ਪਹਿਲਾਂ ਪੂਰਬੀ ਅਫ਼ਰੀਕਾ ਗਏ ਅਤੇ ਫਿਰ 1960 ਵਿੱਚ ਬਰਤਾਨੀਆ ਆ ਵਸੇ। ਰਿਸ਼ੀ ਸੁਨਾਕ ਦੇ ਪਿਤਾ ਯਸ਼ਵੀਰ ਕੀਨੀਆ ਵਿੱਚ ਜਨਮੇ ਅਤੇ ਉਸਦੀ ਮਾਤਾ ਊਸ਼ਾ ਤਨਜਾਨੀਆ 'ਚ ਜਨਮੀ ਤੇ ਵੱਡੀ ਹੋਈ ਅਤੇ ਯਸ਼ਵੀਰ ਨਾਲ ਵਿਆਹੀ ਗਈ। ਯਸ਼ਵੀਰ ਜਨਰਲ ਪ੍ਰੈਕਟੀਸ਼ਨਰ ਸੀ ਅਤੇ ਊਸ਼ਾ ਫਾਰਮਾਸਿਟ ਸੀ ਜੋ ਸਥਾਨਕ ਫਾਰਮੇਸੀ ਚਲਾਉਂਦੀ ਸੀ। ਇਹਨਾਂ ਦੋਹਾਂ ਦੇ ਤਿੰਨ ਬੱਚੇ ਸਨ ਜਿਨਾਂ ਵਿੱਚੋਂ ਰਿਸ਼ੀ ਸੁਨਾਕ ਸਭ ਤੋਂ ਵੱਡਾ ਸੀ ਜੋ ਕਿ 12 ਮਈ, 1980 ਨੂੰ ਸਾਊਥਹੈਂਪਟਨ ਵਿਖੇ ਪੈਦਾ ਹੋਇਆ। ਰਿਸ਼ੀ ਸੁਨਾਕ ਨੇ ਫ਼ਿਲਾਸਫ਼ੀ, ਪੌਲਟਿਕਸ, ਇਕਨਾਮਿਕਸ 'ਚ ਡਿਗਰੀ ਕਰਨ ਉਪਰੰਤ ਐਮਬੀਏ ਦੀ ਪੜਾਈ ਕੀਤੀ ਅਤੇ ਬਰਤਾਨੀਆ ਦੀ ਸੁਪ੍ਰਸਿੱਧ ਇੰਨਵਿਸਟਮੈਂਟ ਕੰਪਨੀਆਂ 'ਚ ਵੱਡੇ ਅਹੁਦਿਆਂ ਉੱਤੇ ਕੰਮ ਕੀਤਾ। ਉਹ ਆਪਣੇ ਪਤਨੀ ਦੇ ਪਿਤਾ ਐਨ.ਆਰ. ਨਰਾਇਣਾ ਮੂਰਤੀ ਦੀ 700 ਮਿਲੀਅਨ ਡਾਲਰ ਫਰਮ ਕੈਟਾਮਾਰਾਨ ਵਿੰਚਰਜ਼ ਦਾ ਡਾਇਰੈਕਟਰ ਬਣਿਆ।

ਅਕਤੂਬਰ, 2014 'ਚ ਰਿਸ਼ੀ ਸੁਨਾਕ ਕੰਜਰਵੇਟਿਵ ਪਾਰਟੀ ਦੀ ਟਿਕਟ ਉੱਤੇ ਬਰਤਾਨੀਆ ਦਾ ਮੈਂਬਰ ਪਾਰਲੀਮੈਂਟ ਬਣਿਆ। ਸਾਲ 2019 ਵਿੱਚ ਫਿਰ ਬਰਤਾਨੀਆ ਪਾਰਲੀਮੈਂਟ ਲਈ ਐਮ ਪੀ ਚੁਣਿਆ ਗਿਆ। ਹੁਣ ਵਾਲੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਨੇ ਫਰਵਰੀ ਵਿਚ ਉਸ ਨੂੰ ਬਰਤਾਨੀਆ ਖ਼ਜ਼ਾਨੇ ਦਾ ਚਾਂਸਲਰ ਆਫ ਐਕਸਚੈਕਰ (ਵਿੱਤ ਮੰਤਰੀ) ਨੀਅਤ ਕੀਤਾ। ਇਸ ਤੋਂ ਪਹਿਲਾਂ ਉਸਨੇ 24 ਜੁਲਾਈ, 2019 ਤੋਂ 13 ਫਰਵਰੀ, 2020 ਤੱਕ ਬਰਤਾਨੀਆ ਖ਼ਜ਼ਾਨੇ ਦੇ ਮੁੱਖ ਸਕੱਤਰ ਦਾ ਅਹੁਦਾ ਸੰਭਾਲਿਆ। ਬਰਤਾਨੀਆ ਦੇ 2019 ਦੀਆਂ ਚੋਣਾਂ ਦੌਰਾਨ ਪੰਜਾਬੀ ਮੂਲ ਦੀ ਇਸ ਸਖਸ਼ੀਅਤ ਨੇ ਕੰਜਰਵੇਟਿਵ ਪਾਰਟੀ ਵੱਲੋਂ ਬੀ.ਬੀ.ਸੀ. ਅਤੇ ਆਈ.ਟੀ.ਵੀ ਤੇ ਮੁੱਖ ਬੁਲਾਰੇ ਵਜੋਂ ਭੂਮਿਕਾ ਨਿਭਾਈ ਅਤੇ ਮੌਜੂਦਾ ਪ੍ਰਧਾਨ ਮੰਤਰੀ ਬੋਰਿਸ ਦੇ ਪ੍ਰਧਾਨ ਮੰਤਰੀ ਚੁਣਨ ਦੀ ਮੁਹਿੰਮ 'ਚ ਵਿਸ਼ੇਸ਼ ਭੂਮਿਕਾ ਨਿਭਾਈ। ਸੁਨਾਕ ਨੂੰ ਪਹਿਲਾ ਭਾਰਤੀ ਪੰਜਾਬੀ ਹੋਣ ਦਾ ਮਾਣ ਹਾਸਲ ਹੋਇਆ, ਜਿਸ ਵੱਲੋਂ 11 ਮਾਰਚ, 2020 ਨੂੰ ਬਰਤਾਨੀਆ ਦਾ ਸੰਤੁਲਿਤ ਬਜਟ ਪੇਸ਼ ਕੀਤਾ ਗਿਆ। ਰਿਸ਼ੀ ਸੁਨਾਕ ਬਰਤਾਨੀਆ ਦੇ ਯੂਰਪੀਅਨ ਯੂਨੀਅਨ ਤੋਂ ਵੱਖ ਹੋਣ ਦਾ ਹਾਮੀ ਹੈ।

**ਪੱਤਰਕਾਰ, ਇੰਜੀਨੀਅਰ ਤੇ ਸਿਆਸਤਦਾਨ- ਲਾਰਡ ਇੰਦਰਜੀਤ ਸਿੰਘ**



ਰਾਵਲਪਿੰਡੀ (ਪਾਕਿਸਤਾਨ) ਵਿੱਚ 1932 ਨੂੰ ਜਨਮਿਆ ਇੰਦਰਜੀਤ ਸਿੰਘ ਆਪਣੇ ਮਾਪਿਆਂ ਨਾਲ 1933 ਵਿੱਚ ਇੰਗਲੈਂਡ ਆਇਆ ਸੀ। ਉਸਦੇ ਪਿਤਾ ਮੈਡੀਕਲ ਡਾਕਟਰ ਸਨ। ਉਸਨੇ ਬਰਮਿੰਘਮ ਯੂਨੀਵਰਸਿਟੀ ਤੋਂ ਇੰਜੀਨੀਅਰਿੰਗ ਦੀ ਪੜਾਈ ਕੀਤੀ। ਉਸ ਨੇ ਮਾਈਨਿੰਗ ਅਤੇ ਸਿਵਲ ਇੰਜੀਨੀਰਿੰਗ 'ਚ ਕੰਮ ਕੀਤਾ। ਉਹ ਜਰਨਲਿਸਟ, ਇੰਜੀਨੀਅਰ ਤੇ ਸਿਆਸਤਦਾਨ ਹੈ। ਵੱਖੋ-ਵੱਖਰੇ ਖੇਤਰਾਂ 'ਚ ਉਸ ਦੀਆਂ ਵਿੱਤੀਆਂ ਸੇਵਾਵਾਂ ਅਤੇ ਪ੍ਰਾਪਤੀਆਂ ਕਾਰਨ ਉਸ ਨੂੰ ਹਾਊਸ ਆਫ਼ ਲਾਰਡਜ਼ ਕਮਿਸ਼ਨ ਨੇ ਜੀਵਨ ਭਰ ਲਈ ਪੀਅਰ (ਹਾਊਸ ਆਫ਼ ਲਾਰਡਜ਼ ਦਾ ਆਜ਼ਾਦ ਮੈਂਬਰ) ਮਿਤੀ 24 ਅਕਤੂਬਰ, 2011 ਨੂੰ ਨਿਯੁਕਤ ਕੀਤਾ। ਉਹ ਅੰਗਰੇਜ਼ੀ ਮੈਗਜ਼ੀਨ ਸਿੱਖ ਮੈਸੇਂਜਰ ਦਾ ਸੰਪਾਦਕ ਹੈ। ਉਹ ਬੀਬੀਸੀ ਰੇਡੀਓ ਉੱਤੇ ਅੱਜ ਦਾ ਵਿਚਾਰ ਪੇਸ਼ ਕਰਦਾ ਹੈ। ਉਹ ਬ੍ਰਿਟਿਸ਼ ਅਤੇ ਹੋਰ ਅਖ਼ਬਾਰਾਂ ਅਤੇ ਰਸਾਲਿਆਂ ਜਿਨਾਂ ਵਿੱਚ ਪ੍ਰਸਿੱਧ ਅਖ਼ਬਾਰ ਦੀ ਟਾਈਮਜ਼, ਦੀ ਗਾਰਡੀਅਨ ਅਤੇ ਦੀ ਇੰਡੀਪੈਂਡੈਂਟ ਸ਼ਾਮਲ ਹਨ ਵਿੱਚ ਆਪਣੇ ਆਰਟੀਕਲ ਲਿਖਦਾ ਹੈ। ਉਸ ਨੂੰ ਯੂਨੀਵਰਸਿਟੀ ਆਫ਼ ਲੈਸਟਰ ਨੇ ਡਾਕਟਰ ਆਫ਼ ਲਾਅ ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਹੋਈ ਹੈ। ਬਰਤਾਨੀਆ ਸਰਕਾਰ ਵੱਲੋਂ ਜੂਨ 1996 ਤੋਂ 'ਓ ਬੀ ਈ' ਉਸ ਨੂੰ ਨਿਯੁਕਤ ਕੀਤਾ ਗਿਆ ਸੀ ਅਤੇ 2009 ਨੂੰ ਕਮਾਂਡਰ ਆਫ ਦੀ ਔਰਡਰ ਆਫ ਬ੍ਰਿਟਿਸ਼ ਇੰਮਪਾਇਰ ਨਿਯੁਕਤ ਕੀਤਾ ਗਿਆ। ਇੰਦਰਜੀਤ ਸਿੰਘ ਦੀ ਪਤਨੀ ਕੰਵਲਜੀਤ ਸਿੰਘ ਆਫ਼ੀਸਰ ਆਫ਼ ਬ੍ਰਿਟਿਸ਼ ਇੰਮਪਾਇਰ ਹੈ। ਉਹਦੀਆਂ ਦੋ ਲੜਕੀਆਂ ਅਤੇ ਪੰਜ ਦੋਹਤਰੇ, ਦੋਹਤਰੀਆਂ ਹਨ।

**ਈਕੋ ਸਿੱਖ ਦਾ ਪ੍ਰਧਾਨ ਡਾ: ਰਾਜਵੰਤ ਸਿੰਘ (ਅਮਰੀਕਾ)**

ਰਾਜਵੰਤ ਸਿੰਘ ਵਿਸ਼ਵ ਵਾਤਾਵਰਨ ਲਹਿਰ ਈਕੋ ਸਿੱਖ ਦਾ ਫਾਊਂਡਰ ਅਤੇ ਪ੍ਰਧਾਨ ਹੈ, ਜੋ 2009 ਵਿੱਚ ਸ਼ੁਰੂ ਕੀਤੀ ਗਈ ਸੀ। ਡਾ: ਰਾਜਵੰਤ ਸਿੰਘ ਨੂੰ ਇਸ ਗੱਲ ਦਾ ਮਾਣ ਪ੍ਰਾਪਤ ਹੈ ਕਿ ਉਸਨੇ ਤਿੰਨ ਅਮਰੀਕਾ ਰਾਸ਼ਟਰਪਤੀਆਂ ਕਲਿੰਟਨ, ਬੁਸ਼, ਉਬਾਮਾ ਦੇ ਪ੍ਰਸ਼ਾਸ਼ਨ ਵਿੱਚ ਵੱਖੋ-ਵੱਖਰੇ ਸੋਸ਼ਲ ਜਸਟਿਸ, ਧਾਰਮਿਕ ਮਾਮਲਿਆਂ ਤੇ ਵਾਤਾਵਰਨ ਸਬੰਧੀ ਕੰਮ ਕੀਤਾ। ਉਹ ਵਾਤਾਵਰਨ, ਧਰਮ ਅਤੇ ਸਮਾਜਿਕ ਵਰਤਾਰਿਆਂ ਬਾਰੇ ਯੂ.ਐਨ.ਓ., ਯੂ.ਕੇ., ਗਰੀਸ, ਤੁਰਕੀ, ਜਪਾਨ, ਰੂਸ ਵਿੱਚ ਲੈਕਚਰ ਦੇ ਚੁੱਕਾ ਹੈ। ਡਾ: ਰਾਜਵੰਤ ਸਿੰਘ ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ ਦਾ ਕੋ-ਫਾਊਂਡਰ ਅਤੇ ਬੋਰਡ ਮੈਂਬਰ ਹੈ, ਜਿਹੜੀ ਪੰਜਾਬ ਅਤੇ ਉੱਤਰੀ ਭਾਰਤ ਵਿੱਚ ਗ਼ਰੀਬ ਤੇ ਲੋੜਬੰਦ ਨੌਜਵਾਨਾਂ ਨੂੰ ਸਕਾਲਰਸ਼ਿਪ ਪ੍ਰਦਾਨ ਕਰਦੀ ਹੈ।



ਡਾ: ਰਾਜਵੰਤ ਸਿੰਘ 18 ਜਨਵਰੀ, 1961 ਨੂੰ ਕਲਕੱਤਾ 'ਚ ਜਨਮਿਆ, ਖ਼ਾਲਸਾ ਹਾਈ ਸਕੂਲ ਕਲਕੱਤਾ ਤੋਂ ਉਸਨੇ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। 1989 ਵਿਚ ਅਮਰੀਕਾ ਦੀ ਜੌਰਜ ਟਾਊਨ ਯੂਨੀਵਰਸਿਟੀ ਤੋਂ ਡੈਂਟਿਸਟਰੀ (ਦੰਦਾਂ ਦੇ ਇਲਾਜ) ਦੀ ਡਿਗਰੀ ਪ੍ਰਾਪਤ ਕੀਤੀ ਅਤੇ ਆਪਣਾ ਦੰਦਾਂ ਦਾ ਕਲਿਨਿਕ ਖੋਲ ਕੇ ਮੈਰੀਲੈਂਡ(ਅਮਰੀਕਾ) 'ਚ ਕੰਮ ਸ਼ੁਰੂ ਕੀਤਾ। ਉਸਨੇ ਨਾ ਕੇਵਲ ਡਾਕਟਰੀ ਪ੍ਰੈਕਟਿਸ ਵਿੱਚ ਹੀ ਪ੍ਰਸਿੱਧੀ ਪ੍ਰਾਪਤ ਕੀਤੀ, ਸਗੋਂ ਸਮਾਜ ਸੇਵਾ ਵਿੱਚ ਵੱਡਾ ਨਾਮਣਾ ਖੱਟਿਆ। ਉਸਨੇ ਦੁਨੀਆ 'ਚ ਵੱਧ ਰਹੇ ਪ੍ਰਦੂਸ਼ਣ ਦੀ ਰੋਕਥਾਮ ਅਤੇ ਜਾਗਰੂਕਤਾ ਲਈ ਆਪਣੇ ਸਾਥੀਆਂ ਨਾਲ ਮੁਹਿੰਮ ਛੇੜੀ ਅਤੇ ਦੁਨੀਆ ਭਰ ਦੇ 1200 ਸ਼ਹਿਰਾਂ ਵਿਚ ਸਿੱਖ ਨੌਜਵਾਨਾਂ ਨੂੰ ਪ੍ਰੇਰਿਤ ਕਰਕੇ ਦਰਖ਼ਤ ਲਗਵਾਏ। ਆਪਣੇ ਸਪੱਸ਼ਟ ਧਾਰਮਿਕ, ਸਮਾਜਿਕ, ਵਾਤਾਵਰਨ ਸਬੰਧੀ ਵਿਚਾਰਾਂ ਕਾਰਨ ਉਹ ਵਾਈਟ ਹਾਊਸ ਅਮਰੀਕਾ ਵਿਚ ਆਪਣੀ ਥਾਂ ਬਣਾਉਣ 'ਚ ਕਾਮਯਾਬ ਹੋਏ। ਇਸ ਸਮੇਂ ਉਹ ਵਾਸ਼ਿੰਗਟਨ ਡੀ ਸੀ ਮੈਟਰੋ ਏਰੀਆ(ਅਮਰੀਕਾ) ਵਿਚ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ।

**ਬਰਤਾਨੀਆ ਦੀ ਜੰਮਪਲ- ਪਹਿਲੀ ਸਿੱਖ ਐਮ.ਪੀ. ਪ੍ਰੀਤ ਕੌਰ ਗਿੱਲ**



ਦਲਜੀਤ ਸਿੰਘ ਸ਼ੇਰਗਿੱਲ ਅਤੇ ਕੁਲਦੀਪ ਕੌਰ ਸ਼ੇਰਗਿੱਲ ਦੇ ਘਰ 21 ਨਵੰਬਰ, 1972 ਨੂੰ ਪੈਦਾ ਹੋਈ ਪ੍ਰੀਤ ਕੌਰ 2017 ਤੋਂ ਬਰਤਾਨੀਆ ਦੀ ਲੇਬਰ ਪਾਰਟੀ ਦੀ ਮੈਂਬਰ ਪਾਰਲੀਮੈਂਟ ਹੈ। ਉਸਦਾ ਪਿਤਾ ਦਲਜੀਤ ਸਿੰਘ ਸ਼ੇਰਗਿੱਲ ਲੰਮਾ ਸਮਾਂ ਗੁਰੂ ਨਾਨਕ ਗੁਰਦੁਆਰਾ ਸਮੈਥਵਿਕ ਦਾ ਪ੍ਰਧਾਨ ਰਿਹਾ ਅਤੇ ਉਸਦੇ ਪਿਤਾ ਨੇ ਫੋਰਮੈਨ ਵਜੋਂ ਅਤੇ ਬੱਸ ਡਰਾਈਵਰ ਵਜੋਂ ਕੰਮ ਕੀਤਾ ਅਤੇ ਬੱਚਿਆਂ ਨੂੰ ਬਹੁਤੇ ਪ੍ਰਵਾਸੀਆਂ ਵਾਂਗਰ ਚੰਗੀ ਸਿੱਖਿਆ ਅਤੇ ਸੇਧ ਦੇਣ ਦਾ ਯਤਨ ਕੀਤਾ ਤਾਂ ਕਿ ਉਹ ਆਪਣਾ ਭਵਿੱਖ ਸੁਆਰ ਸਕਣ।

ਪ੍ਰੀਤ ਕੌਰ ਗਿੱਲ ਯੂਨੀਵਰਸਿਟੀ ਆਫ਼ ਈਸਟ ਲੰਡਨ ਦੀ ਗਰੇਜੂਏਟ ਹੈ। ਉਸਨੇ ਸੋਸ਼ਿਓਲੋਜੀ ਅਤੇ ਸੋਸ਼ਲ ਵਰਕ ਵਿੱਚ ਡਿਗਰੀ ਕੀਤੀ। ਉਸਨੇ ਕਈ ਦੇਸ਼ਾਂ ਸਮੇਤ ਭਾਰਤ ਤੇ ਇਸਰਾਈਲ ਵਿੱਚ ਸੋਸ਼ਲ ਵਰਕ ਕੀਤਾ। ਆਪਣੀ ਪੜਾਈ ਦੌਰਾਨ ਹੀ ਉਸਨੂੰ ਸਿਆਸਤ ਦੀ ਚੇਟਕ ਲੱਗੀ। ਉਹ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਚੁਣੀ ਗਈ। 2012 ਅਤੇ 2016 'ਚ ਉਹ ਸੈਂਡਵੈਲ ਮੈਟਰੋਪੋਲੀਟਨ ਬੋਰੋ ਕੌਂਸਲ ਦੀ ਕੌਂਸਲਰ ਬਣੀ। ਇਸ ਵੇਲੇ ਸਟੇਟ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ ਦੀ 6 ਅਪ੍ਰੈਲ, 2020 ਤੋਂ ਸ਼ੈਡੋ ਸਕੱਤਰ ਹੈ। ਉਸਨੇ 12 ਜਨਵਰੀ, 2018 ਤੋਂ 6 ਅਪ੍ਰੈਲ, 2020 ਤੱਕ ਇੰਟਰਨੈਸ਼ਨਲ ਡਿਵੈਲਪਮੈਂਟ ਦੀ ਸ਼ੈਡੋ ਮਨਿਸਟਰ ਦੇ ਤੌਰ 'ਤੇ ਡਿਊਟੀ ਨਿਭਾਈ।

ਪ੍ਰੀਤ ਕੌਰ ਗਿੱਲ ਦੀਆਂ ਦੋ ਲੜਕੀਆਂ ਹਨ। ਉਸਦਾ ਵਿਆਹ ਸੁਰੇਸ਼ ਸਿੰਘ ਚੋਪੜਾ ਨਾਲ 2009 ਵਿੱਚ ਹੋਇਆ। ਪ੍ਰੀਤ ਲੋਕਲ ਗੌਰਮਿੰਟ ਐਸੋਸੀਏਸ਼ਨ ਦੀ ਮੀਤ ਪ੍ਰਧਾਨ ਹੈ। ਅਕਤੂਬਰ, 2018 ਵਿੱਚ ਸਿੱਖਜ਼ ਵੂਮੈਨ ਅਲਾਇੰਸ ਯੂ.ਕੇ. ਵਲੋਂ ਉਸਨੂੰ ਸਿੱਖ ਵੂਮੈਨ ਆਫ਼ ਸਬਸਟਾਂਸ ਐਵਾਰਡ ਨਾਲ ਸਨਮਾਨਿਆ ਗਿਆ। ਪ੍ਰੀਤ ਕੌਰ ਗਿੱਲ ਬਰਤਾਨੀਆ ਦੀ ਪਹਿਲੀ ਸਿੱਖ ਮੈਂਬਰ ਪਾਰਲੀਮੈਂਟ ਹੈ। ਗਿੱਲ ਬਰਤਾਨੀਆ ਨੂੰ ਯੂਰਪੀਅਨ ਵਿੱਚ ਬਣੇ ਰਹਿਣ ਦੀ ਹਾਮੀ ਹੈ।

**ਕੈਨੇਡਾ ਦਾ ਕੈਬਨਿਟ ਮੰਤਰੀ- ਨਵਦੀਪ ਬੈਂਸ (ਕੈਨੇਡਾ)**



ਕੈਨੇਡਾ ਦੀ ਕੌਮੀ ਫੈਡਰਲ ਸਰਕਾਰ ਵਿੱਚ ਨਵਦੀਪ ਬੈਂਸ ਕੈਬਨਿਟ ਮੰਤਰੀ ਹੈ। ਬੈਂਸ ਸਾਲ 2004, ਸਾਲ 2006, ਸਾਲ 2008, ਸਾਲ 2011, ਫਿਰ 2015 ਅਤੇ ਹੁਣ 2019 ਵਿੱਚ ਕੈਨੇਡੀਅਨ ਪਾਰਲੀਮਾਨੀ ਚੋਣਾਂ ਵਿਚ ਮੈਂਬਰ ਪਾਰਲੀਮੈਂਟ ਚੁਣਿਆ। ਟਰੰਟੋ ਵਿਚ ਪ੍ਰਵਾਸੀ ਪੰਜਾਬੀ ਮਾਪਿਆਂ ਦੀ ਸੰਤਾਨ ਬੈਂਸ 16 ਜੂਨ, 1977 ਨੂੰ ਟਰੰਟੋ ਵਿਚ ਜਨਮਿਆ। ਟਰੰਟੋ 'ਚ ਹੀ ਵੱਡਾ ਹੋਇਆ। ਟਰਨਰ ਫੈਂਟਨ ਸਕੰਡਰੀ ਸਕੂਲ ਬਰੈਂਪਟਨ ਤੋਂ ਮੁੱਢਲੀ ਪੜਾਈ ਕਰਨ ਉਪਰੰਤ ਐਮਬੀਏ ਦੀ ਡਿਗਰੀ ਵਿੰਡਸਰ ਯੂਨੀਵਰਸਿਟੀ ਤੋਂ ਕੀਤੀ। ਉਪਰੰਤ ਵੱਖੋ-ਵੱਖਰੀਆਂ ਪ੍ਰਸਿੱਧੀ ਪ੍ਰਾਪਤ ਕੰਪਨੀਆਂ ਵਿਚ ਰੇਵੀਨਿਊ ਅਤੇ ਕੌਸਟਿੰਗ ਅਨੈਲਿਸਟ ਦੇ ਤੌਰ 'ਤੇ ਕੰਮ ਕੀਤਾ। ਨਵਦੀਪ ਬੈਂਸ ਇਸ ਗੱਲ ਦਾ ਧਾਰਨੀ ਹੈ ਕਿ ਕੈਨੇਡਾ ਦੇ ਮੱਧ ਵਰਗੀ ਪਰਿਵਾਰਾਂ ਦੀ ਆਰਥਿਕਤਾ ਪਕੇਰੀ ਹੋਣ ਨਾਲ ਹੀ ਕੈਨੇਡਾ ਵਧੇਰੇ ਤਰੱਕੀ ਕਰ ਸਕਦਾ ਹੈ ਅਤੇ ਇਸੇ ਕਰਕੇ ਉਹ ਲਗਾਤਾਰ ਮੱਧ ਵਰਗੀ ਪਰਿਵਾਰਾਂ ਲਈ ਨਵੀਆਂ ਨੌਕਰੀਆਂ ਸਿਰਜਣ ਲਈ ਯਤਨਸ਼ੀਲ ਰਹਿੰਦਾ ਹੈ। ਉਹ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਸਮੇਤ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਕੈਨੇਡਾ ਨਾਲ ਜੁੜਿਆ ਹਰ ਪਲ ਸਮਾਜ ਸੇਵਾ ਲਈ ਅਰਪਿਤ ਹੈ।

## ਕਰੋਨਾ ਸੰਕਟ ਦੌਰਾਨ...

ਇਹੋ ਜਿਹਾ ਹਾਲ ਸਿਰਫ਼ ਮਜ਼ਦੂਰ ਵਰਗ ਦਾ ਹੀ ਨਹੀਂ ਹੈ, ਸਗੋਂ ਹੇਠਲੇ ਮੱਧ ਵਰਗ ਦਾ ਵੀ ਹੈ, ਜਿਹੜੇ ਕਰਜ਼ੇ ਤੇ ਕਰਜ਼ਾ ਲੈਣ ਲਈ ਮਜਬੂਰ ਹਨ। ਹੱਥੋਂ ਨੌਕਰੀਆਂ ਛੁੱਟਣ ਕਾਰਨ ਕਰਜ਼ਾ ਮੋੜਨ ਦਾ ਜੁਗਾੜ ਕੋਈ ਨਹੀਂ, ਕਿਉਂਕਿ ਆਮਦਨ ਦਾ ਕੋਈ ਸਾਧਨ ਨਹੀਂ ਬਚਿਆ। ਛੋਟੇ ਕਿਸਾਨ ਪਰਿਵਾਰ ਵੀ ਇਹੋ ਜਿਹੀ ਦਸ਼ਾ ਵਿੱਚ ਪਹੁੰਚੇ ਹੋਏ ਹਨ, ਜਿਹੜੇ ਮਹਿੰਗੀਆਂ ਖਾਦਾਂ, ਬੀਜਾਂ ਅਤੇ ਹੋਰ ਮਹਿੰਗੀਆਂ ਵਰਤੋਂ ਦੀਆਂ ਚੀਜ਼ਾਂ ਕਾਰਨ ਪ੍ਰੇਸ਼ਾਨੀ ਹੰਢਾ ਰਹੇ ਹਨ। ਕਰਜ਼ਿਆਂ ਦੀਆਂ ਪੰਡਾਂ ਉਨਾਂ ਨੂੰ ਆਤਮ ਹੱਤਿਆ ਦੇ ਰਾਹ ਪਾ ਰਹੀਆਂ ਹਨ ਅਤੇ ਇਸ ਗਿਣਤੀ ਵਿੱਚ ਨਿੱਤ-ਪ੍ਰਤੀ ਵਾਧਾ ਹੋ ਰਿਹਾ ਹੈ। ਇਸ ਸਭ ਕੁਝ ਦੇ ਦਰਮਿਆਨ ਤ੍ਰਾਸਦੀ ਇਹ ਹੈ ਕਿ ਲੋਕਾਂ ਦੀਆਂ ਸਮੱਸਿਆਵਾਂ ਤੇ ਔਖਿਆਈਆਂ ਵੱਲ ਪਿੱਠ ਕਰਕੇ ਸਰਕਾਰ ਵੋਟ ਬੈਂਕ ਦੀ ਪ੍ਰਾਪਤੀ ਲਈ ਸਕੀਮਾਂ ਘੜਨ ਵਾਲੇ ਨਿੱਤ ਨਵੇਂ ਕਰਜ਼ੇ ਚੁੱਕ ਰਹੀ ਹੈ ਅਤੇ ਬੇ-ਇੰਤਹਾ ਖ਼ਰਚ ਕਰ ਰਹੀ ਹੈ। ਆਪਣੇ ਐਸ਼ੋ-ਆਰਾਮ ਲਈ ਫ਼ਜ਼ੂਲ ਖ਼ਰਚੀ ਕਰਦੀ ਹੈ। ਨਵੇਂ ਜਹਾਜ਼ ਖ਼ਰੀਦੇ ਜਾ ਰਹੇ ਹਨ। ਸੁਰੱਖਿਆ ਦੇ ਨਾਮ ਉੱਤੇ ਵੱਡੇ ਹਥਿਆਰ ਖ਼ਰੀਦਣ ਲਈ ਅਰਬਾਂ-ਖਰਬਾਂ ਰੁਪਏ ਲੁਟਾਏ ਜਾ ਰਹੇ ਹਨ।

ਕਾਰਪੋਰੇਟ ਸੈਕਟਰ ਦੇ ਕਰੋੜਾਂ ਅਰਬਾਂ ਰੁਪਏ ਵੱਟੇ-ਖਾਤੇ ਪਾਏ ਜਾ ਰਹੇ ਹਨ, ਪਰ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਜਾਂ ਆਮ ਲੋਕਾਂ ਨੂੰ ਰਾਹਤਾਂ ਦੇਣ ਤੋਂ ਲਗਾਤਾਰ ਪਾਸਾ ਵੱਟਿਆ ਜਾ ਰਿਹਾ ਹੈ। ਅੱਜ ਦੇਸ਼ ਦਾ ਅਸੰਗਠਿਤ ਮਜ਼ਦੂਰ ਵਰਗ ਹੀ ਨਹੀਂ, ਛੋਟੀ-ਮੋਟੀ ਨੌਕਰੀ ਕਰਨ ਵਾਲਾ, ਛੋਟਾ ਕਾਰੋਬਾਰ ਕਰਨ ਵਾਲਾ, ਹੇਠਲਾ ਮੱਧ ਵਰਗ ਲਗਾਤਾਰ ਪ੍ਰੇਸ਼ਾਨੀ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਬੇਰੁਜ਼ਗਾਰੀ, ਮਹਿੰਗਾਈ ਵਿੱਚ ਵਾਧਾ ਉਸ ਨੂੰ ਦੋ ਡੰਗ ਦੀ ਰੋਟੀ ਤੋਂ ਵੀ ਆਤੁਰ ਕਰ ਰਿਹਾ ਹੈ। ਅੰਤਰਰਾਸ਼ਟਰੀ ਲੇਬਰ-ਆਰਗੇਨਾਈਜ਼ੇਸ਼ਨ (ਆਈ.ਐਲ.ਓ.) ਅਨੁਸਾਰ 400 ਮਿਲੀਅਨ (ਚਾਲੀ ਕਰੋੜ) ਭਾਰਤੀ ਕੋਵਿਡ-19 ਕਾਰਨ ਗ਼ਰੀਬੀ ਰੇਖਾ ਦੇ ਹੇਠ ਚਲੇ ਗਏ ਹਨ। ਇਨਾਂ ਕਰਜ਼ੇ ਦੀਆਂ ਪੰਡਾਂ ਕਾਰਨ ਆਮ ਲੋਕ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਰਹੇ ਹਨ। ਭੁੱਖ ਤੇ ਦੁੱਖਾਂ ਵਿੱਚ ਵਾਧਾ, ਮਾਨਵੀ ਸੰਕਟ ਵਧਾ ਰਿਹਾ ਹੈ, ਜਿਹੜਾ ਭਾਰਤ ਵਿੱਚ ਅਰਾਜਕਤਾ ਦਾ ਕਾਰਨ ਬਣ ਸਕਦਾ ਹੈ।

## ਸ਼੍ਰੋਮਣੀ ਕਮੇਟੀ ਸਥਾਪਨਾ...

ਧਰਮ ਪ੍ਰਚਾਰ ਲਈ ਦੇਸ਼ ਭਰ ਵਿਚ 12 ਸਿੱਖ ਮਿਸ਼ਨ ਸਥਾਪਤ ਕੀਤੇ ਹਨ।

ਸਿੱਖ ਗੁਰਦੁਆਰਾ ਐਕਟ ਦੀ ਧਾਰਾ 85 ਅਤੇ 87 ਤਹਿਤ ਇਸ ਵੇਲੇ 400 ਤੋਂ ਵੱਧ ਗੁਰਦੁਆਰੇ ਸਿੱਖ ਸੰਸਥਾ ਦੇ ਸਿੱਧੇ ਅਸਿੱਧੇ ਪ੍ਰਬੰਧ ਹੇਠ ਚੱਲ ਰਹੇ ਹਨ, ਜਿਨਾਂ ਵਿਚੋਂ ਲਗਪਗ 80 ਇਤਿਹਾਸਕ ਗੁਰਦੁਆਰੇ ਸਿੱਖ ਸੰਸਥਾ ਦੇ ਸਿੱਧੇ ਪ੍ਰਬੰਧ ਹੇਠ ਹਨ। ਸ਼੍ਰੋਮਣੀ ਕਮੇਟੀ ਦੇ 100 ਸਾਲਾਂ ਦੇ ਸਫ਼ਰ ਵਿੱਚ 42 ਪ੍ਰਧਾਨਾਂ ਨੇ ਕੰਮ ਕੀਤਾ ਹੈ। ਸੁੰਦਰ ਸਿੰਘ ਮਜੀਠੀਆ ਇਸ ਦੇ ਪਹਿਲੇ ਪ੍ਰਧਾਨ ਬਣੇ ਸਨ। ਸਿੱਖ ਗੁਰਦੁਆਰਾ ਐਕਟ 1925 ਲਾਗੂ ਹੋਣ ਮਗਰੋਂ ਸਿੱਖ ਸੰਸਥਾ ਦੇ ਪਹਿਲੇ ਪ੍ਰਧਾਨ ਬਾਬਾ ਖੜਕ ਸਿੰਘ ਬਣੇ, ਜਿਨਾਂ ਲਗਭਗ ਚਾਰ ਸਾਲ ਪ੍ਰਧਾਨ ਵਜੋਂ ਸੇਵਾ ਕੀਤੀ। ਉਨਾਂ ਮਗਰੋਂ ਮਾਸਟਰ ਤਾਰਾ ਸਿੰਘ, ਗੋਪਾਲ ਸਿੰਘ ਕੌਮੀ, ਪ੍ਰਤਾਪ ਸਿੰਘ ਸ਼ੰਕਰ, ਜਥੇਦਾਰ ਮੋਹਨ ਸਿੰਘ ਨਾਗੋਕੇ, ਜਥੇਦਾਰ ਊਧਮ ਸਿੰਘ ਨਾਗੋਕੇ, ਚੰਨਣ ਸਿੰਘ, ਪ੍ਰੀਤਮ ਸਿੰਘ ਖੁੜੰਜ, ਈਸ਼ਰ ਸਿੰਘ ਮਝੈਲ, ਬਾਵਾ ਹਰਿਕ੍ਰਿਸ਼ਨ ਸਿੰਘ, ਗਿਆਨ ਸਿੰਘ, ਪ੍ਰੇਮ ਸਿੰਘ ਲਾਲਪੁਰਾ, ਅਜੀਤ ਸਿੰਘ ਬਾਲਾ, ਸੰਤ ਚੰਨਣ ਸਿੰਘ, ਗੁਰਚਰਨ ਸਿੰਘ ਟੌਹੜਾ, ਕਾਬਲ ਸਿੰਘ, ਬਲਦੇਵ ਸਿੰਘ ਸਿਬੀਆ, ਬੀਬੀ ਜਗੀਰ ਕੌਰ, ਜਗਦੇਵ ਸਿੰਘ ਤਲਵੰਡੀ, ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅਲਵਿੰਦਰਪਾਲ ਸਿੰਘ ਪੱਖੋਕੇ, ਅਵਤਾਰ ਸਿੰਘ ਮੱਕੜ ਇਸ ਦੇ ਪ੍ਰਧਾਨ ਰਹੇ। ਮੌਜੂਦਾ ਸਮੇਂ ਨਵੰਬਰ 2017 ਤੋਂ ਜਥੇਦਾਰ ਗੋਬਿੰਦ ਸਿੰਘ ਲੌਂਗੋਵਾਲ ਸਿੱਖ ਸੰਸਥਾ ਦੇ 42ਵੇਂ ਪ੍ਰਧਾਨ ਵਜੋਂ ਕੰਮ ਕਰ ਰਹੇ ਹਨ।

## ਕੈਲੀਫੋਰਨੀਆ ਦੇ ਗਵਰਨਰ.

ਜਾਰੀ ਕੀਤੀਆਂ 13 ਮੱਦਾਂ ਜੇਲ ਦੀਆਂ ਸਜਾਵਾਂ ਵਿਚ ਤਬਦੀਲੀਆਂ ਕਰਨ ਦੀ ਆਗਿਆ ਦਿੰਦੀਆਂ ਹਨ, ਜਿਵੇਂ ਕਿ ਯੋਗ ਪਾਏ ਗਏ ਵਿਅਕਤੀਆਂ ਨੂੰ ਛੇਤੀ ਪੈਰੋਲ ਦੇਣਾ। 31 ਮੁਆਫ਼ੀਆਂ ਵਿਚ ਦਰਜ ਅਪਰਾਧ, ਨਸ਼ੀਲੀਆਂ ਦਵਾਈਆਂ ਦੇ ਕਬਜ਼ੇ ਅਤੇ ਚੋਰੀ ਤੋਂ ਲੈ ਕੇ ਵੱਖ-ਵੱਖ ਡਿਗਰੀਆਂ ਤੱਕ ਦੇ ਕਤਲੇਆਮ ਤੱਕ ਸ਼ਾਮਲ ਸਨ ਜਿਨਾਂ ਵਿੱਚ ਰਾਹਤ ਦੇ ਕੇ ਕੈਲੀਫੋਰਨੀਆ ਨੇ ਰਿਕਾਰਡ ਕਾਇਮ ਕਰ ਦਿੱਤਾ ਹੈ।

ਰਾਜਪਾਲ ਦੇ ਦਫ਼ਤਰ ਦੇ ਅਨੁਸਾਰ, ਜਨਵਰੀ 2019 ਵਿੱਚ ਰਾਜਪਾਲ ਬਣਨ ਤੋਂ ਬਾਅਦ ਕੁੱਲ 63 ਮੁਆਫ਼ੀ, 78 ਪੇਰੋਲ ਅਤੇ 4 ਮੁੜ ਵਿਚਾਰਨ ਵਾਲੇ ਹੁਕਮ ਜਾਰੀ ਕੀਤੇ ਹਨ।

## ਪੰਜਾਬ ਦੇ ਕਿਸਾਨਾਂ ਲਈ...

ਜਿੱਥੇ ਵੀ ਵੱਡੀਆਂ ਬੰਦਿਸ਼ਾਂ ਲਾ ਕੇ ਕਿਸਾਨਾਂ ਦੇ ਕਾਫ਼ਲਿਆਂ ਨੂੰ ਰੋਕਿਆ ਜਾਵੇਗਾ ਉੱਥੇ ਹੀ ਕਿਸਾਨ ਧਰਨੇ ਲਾ ਕੇ ਬੈਠ ਜਾਣਗੇ ਅਤੇ ਉਹ ਸਾਰੇ ਰਾਹ ਬੰਦ ਕਰ ਦਿੱਤੇ ਜਾਣਗੇ ਜਿਨਾਂ 'ਤੇ ਕਿਸਾਨਾਂ ਨੂੰ ਰੋਕਿਆ ਜਾਵੇਗਾ।

ਜੇਕਰ ਭਾਰਤ ਸਰਕਾਰ ਇਹਨਾਂ ਕਾਨੂੰਨਾਂ ਨੂੰ ਰੱਦ ਨਹੀਂ ਕਰਦੀ ਅਤੇ ਕਿਸਾਨ ਆਗੂ ਰੇਲ ਪਟੜੀਆਂ ਦੀ ਬੰਦੀ ਜਾਰੀ ਰੱਖਦਿਆਂ ਵੱਡੇ ਲੋਕ ਉਭਾਰ ਨੂੰ ਦਿੱਲੀ ਵੱਲ ਤੋਰ ਦਿੰਦੇ ਹਨ ਤਾਂ ਭਾਰਤ ਸਰਕਾਰ ਲਈ ਮੁਸ਼ਕਿਲਾਂ ਵੱਧ ਜਾਣਗੀਆਂ ਪਰ ਜੇਕਰ ਕਿਸਾਨ ਆਗੂ ਰੇਲ ਪਟੜੀਆਂ ਖੋਲ ਦਿੰਦੇ ਹਨ ਅਤੇ ਦਿੱਲੀ ਘੇਰਨ ਵਿਚ ਲਾਮਬੰਦੀ ਘਟ ਜਾਂਦੀ ਹੈ ਤਾਂ ਸਰਕਾਰ ਨਿਸ਼ਚਿੰਤ ਹੋ ਕੇ ਆਪਣੀਆਂ ਨੀਤੀਆਂ ਨੂੰ ਲਾਗੂ ਕਰਦਿਆਂ ਕਿਸਾਨੀ ਘੋਲ ਨੂੰ ਹੌਲੀ-ਹੌਲੀ ਖ਼ਤਮ ਕਰਨ ਦੀ ਨੀਤੀ 'ਤੇ ਚੱਲ ਸਕਦੀ ਹੈ।

## ਗਿਆਨੀ ਹਰਪ੍ਰੀਤ ਸਿੰਘ...

ਗਿਆਨੀ ਹਰਪ੍ਰੀਤ ਸਿੰਘ ਨੇ ਆਪਣੀ ਤਕਰੀਰ ਵਿਚ ਇਸ ਗੱਲ ਨੂੰ ਕੇਂਦਰ ਵਿਚ ਰੱਖਿਆ ਕਿ ਕੁੱਝ ਤਾਕਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਦਨਾਮ ਅਤੇ ਖ਼ਤਮ ਕਰਨਾ ਚਾਹੁੰਦੀਆਂ ਹਨ ਪਰ ਉਨਾਂ ਇਸ ਬਦਨਾਮੀ ਲਈ ਜ਼ਿੰਮੇਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਬਾਰੇ ਪੂਰਨ ਚੁੱਪ ਧਾਰੀ ਰੱਖੀ। ਇਸ ਮੌਕੇ ਸਟੇਜ 'ਤੇ ਗਿਆਨੀ ਗੁਰਬਚਨ ਸਿੰਘ ਵੀ ਮੋਹਰਲੀਆਂ ਕਤਾਰਾਂ ਵਿਚ ਨਜ਼ਰ ਆ ਰਹੇ ਸਨ ਜਿਨਾਂ ਅਕਾਲ ਤਖ਼ਤ ਸਾਹਿਬ ਤੋਂ ਬਲਾਤਕਾਰ ਅਤੇ ਕਤਲ ਦੇ ਦੋਸ਼ੀ ਗੁਰਮੀਤ ਰਾਮ ਰਹੀਮ ਨੂੰ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦਾ ਸਵਾਂਗ ਰਚਾਉਣ ਦੇ ਦੋਸ਼ਾਂ ਵਿਚ ਬਿਨ ਮੰਗੀ ਮੁਆਫ਼ੀ ਦੇ ਦਿੱਤੀ ਸੀ।

ਗਿਆਨੀ ਹਰਪ੍ਰੀਤ ਸਿੰਘ ਨੇ ਬਾਦਲ ਦਲ ਦੇ ਨਾਲ ਜੁੜੇ ਵਰਕਰਾਂ ਨੂੰ ਸੰਬੋਧਨ ਹੁੰਦਿਆਂ ਸ਼੍ਰੋਮਣੀ ਕਮੇਟੀ ਦਾ ਵਿਰੋਧ ਕਰਨ ਵਾਲਿਆਂ ਖ਼ਿਲਾਫ਼ ਡਾਂਗਾਂ ਚੁੱਕਣ ਦਾ ਸੱਦਾ ਦਿੱਤਾ ਜੋ ਸਿੱਖ ਜਗਤ ਅੰਦਰ ਆਪਸੀ ਖਾਨਾਜੰਗੀ ਨੂੰ ਉਤਸ਼ਾਹਿਤ ਕਰ ਸਕਦਾ ਹੈ।

ਅਹਿਮ ਗੱਲ ਇਹ ਸੀ ਕਿ ਇਸ ਤੋਂ ਪਹਿਲਾਂ ਉਨਾਂ ਗਿਆਨੀ ਕਰਤਾਰ ਸਿੰਘ ਝੱਬਰ ਅਤੇ ਹੋਰ ਗੁਰਸਿੱਖਾਂ ਦੇ ਹਵਾਲੇ ਦਿੱਤੇ ਜੋ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਮੌਕੇ ਬੜੇ ਸੁਹਿਰਦ ਤਰੀਕੇ ਨਾਲ ਪੰਥ ਵਿਚਲੇ ਮਤਭੇਦਾਂ ਨੂੰ ਨਜਿੱਠਦੇ ਰਹੇ ਸਨ।

ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਉੱਚ ਅਹੁਦੇਦਾਰਾਂ ਨੂੰ ਕਲੀਨ ਚਿੱਟ ਦਿੰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਮਾਮਲਾ ਮਹਿਜ਼ 'ਕੁਰਪਸ਼ਨ' ਦਾ ਸੀ ਅਤੇ ਇਸ ਲਈ ਜ਼ਿੰਮੇਵਾਰ ਮੁਲਾਜ਼ਮਾਂ ਨੂੰ ਮੁਅੱਤਲ ਕਰਕੇ ਸਜ਼ਾ ਦੇ ਦਿੱਤੀ ਗਈ ਹੈ। ਉਨਾਂ ਦੀ ਸਾਰੀ ਤਕਰੀਰ ਵਿਚੋਂ ਸਮੁੱਚੇ ਸਿੱਖ ਪੰਥ ਨੂੰ ਸੰਬੋਧਨ ਹੋਣ ਦੀ ਭਾਵਨਾ ਗੁਆਚੀ ਨਜ਼ਰ ਆਈ, ਬਲਕਿ ਸਿੱਖਾਂ ਵਿਚ ਇਕ ਧੜੇ ਨੂੰ ਸੰਬੋਧਨ ਹੁੰਦੀ ਪ੍ਰਤੀਤ ਹੋਈ। ਇਸ ਸੰਬੋਧਨ ਵਿਚ ਵੀ ਉਨਾਂ ਨੇ ਬਾਦਲ ਧੜੇ ਨੂੰ ਉਨਾਂ ਦੀਆਂ ਗ਼ਲਤੀਆਂ ਦਾ ਅਹਿਸਾਸ ਕਰਾਉਣ ਦੀ ਜੁਰਅਤ ਨਹੀਂ ਕੀਤੀ। ਬਾਦਲ ਦਲ ਨੂੰ ਸੰਬੋਧਨ ਹੁੰਦਿਆਂ ਉਨਾਂ ਇਸ਼ਾਰੇ ਮਾਤਰ ਇਹ ਜ਼ਰੂਰ ਕਿਹਾ ਕਿ ਪਾਰਟੀ ਨੂੰ ਹੁਣ 'ਪੰਜਾਬ ਟੂ ਪੰਥ' ਦਾ ਸਫ਼ਰ ਸ਼ੁਰੂ ਕਰ ਦੇਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਬਾਦਲ ਪਰਿਵਾਰ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਪਿਛਲੇ ਦੋ ਦਹਾਕਿਆਂ ਦੌਰਾਨ ਆਪਣੀ ਪੰਥਕ ਪਛਾਣ ਨੂੰ ਖ਼ਤਮ ਕਰਕੇ ਇਸ 'ਤੇ ਪੰਜਾਬੀ ਪਛਾਣ ਦੀ ਪਾਣ ਚੜਾਉਣ ਦੀ ਨੀਤੀ ਅਪਣਾਈ ਸੀ।

ਹੁਣ ਜਦੋਂ ਆਰ.ਐਸ.ਐਸ ਦੀ ਸਿਆਸੀ ਪਾਰਟੀ ਭਾਜਪਾ ਨਾਲੋਂ ਬਾਦਲ ਦਲ ਦਾ ਗੱਠਜੋੜ ਟੁੱਟ ਗਿਆ ਹੈ ਤਾਂ ਪਾਰਟੀ ਆਪਣੀ ਹੋਂਦ ਨੂੰ ਬਚਾਉਣ ਲਈ ਪੰਥਕ ਅਧਾਰ ਲੱਭ ਰਹੀ ਹੈ। ਗਿਆਨੀ ਹਰਪ੍ਰੀਤ ਸਿੰਘ ਦੀ ਤਕਰੀਰ ਵਿਚ ਆਇਆ ਇਹ ਇਸ਼ਾਰਾ ਦੱਸਦਾ ਹੈ ਕਿ ਬਾਦਲ ਪਰਿਵਾਰ ਨੇ ਮੁੜ ਪੰਥਕ (ਆਪਣੇ ਸਿਆਸੀ ਹਿੱਤਾਂ ਲਈ) ਬਣਨ ਦਾ ਸਫ਼ਰ ਸ਼ੁਰੂ ਕਰ ਦਿੱਤਾ ਹੈ।



# ਸੁਪਰੀਮ ਕੋਰਟ ਵੱਲੋਂ ਗੋਸਵਾਮੀ ਨੂੰ ਤੁਰੰਤ ਜ਼ਮਾਨਤ ਦੇਣ ਕਾਰਨ ਵਿਵਾਦ ਛਿੜਿਆ

**✪ ਗੋਸਵਾਮੀ ਨੇ ਰਿਹਾਅ ਹੋਣ ਬਾਅਦ ਕਾਰ ਦੀ ਛੱਤ ’ਤੇ ਚੜ ਕੇ ਮਾਰੀਆਂ ਬੜਕਾਂ ✪ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਦਵੇ ਨੇ ਸੁਪਰੀਮ ਕੋਰਟ ਨੂੰ ਘੇਰਿਆ ਕਿ ਕਾਨੂੰਨ ਦੀ ਨਜ਼ਰ ਵਿਚ ਕੋਈ ਵੀ ਆਈ ਪੀ ਕਿਵੇਂ ? ✪ ਪੁੱਛਿਆ ਕਿ ਜੇਲਾਂ ਵਿੱਚ ਬੰਦ ਹਜ਼ਾਰਾਂ ਲੋਕਾਂ ਦੀਆਂ ਰਿੱਟਾਂ ’ਤੇ ਮਹੀਨਿਆਂ ਤੋਂ ਕਾਰਵਾਈ ਕਿਉਂ ਨਹੀਂ ਹੋਈ**

**ਜਲੰਧਰ/ਏ.ਟੀ.ਨਿਊਜ਼:** ਇੰਟੀਰੀਅਰ ਡਿਜ਼ਾਇਨਰ ਨੂੰ ਆਤਮ-ਹੱਤਿਆ ਲਈ ਉਕਸਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਰਿਪਬਲਿਕ ਟੀ ਵੀ ਦੇ ਕਰਤਾ-ਧਰਤਾ ਅਰਣਬ ਗੋਸਵਾਮੀ ਨੂੰ ਸੱਤ ਦਿਨਾਂ ਬਾਅਦ ਬੀਤੇ ਹਫ਼ਤੇ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਦੇ ਦਿੱਤੀ ਗਈ। ਉਹ ਰਾਤ ਲਗਭਗ 8.30 ਵਜੇ ਜੇਲ ਵਿੱਚੋਂ ਨਿਕਲਿਆ। ਜੇਲ ਤੋਂ ਬਾਹਰ ਆਉਂਦਿਆਂ ਹੀ ਉਹ ਕਾਰ ਦੀ ਛੱਤ ਉੱਤੇ ਚੜ ਕੇ ਫੁਕਰੇ ਸੜਕਛਾਪ ਵਾਂਗ ਅਰਣਬ ਨੇ ਬੜਕਾਂ ਮਾਰਦਿਆਂ ਆਪਣੀ ਰਿਹਾਈ ਨੂੰ ਭਾਰਤ ਦੇ ਲੋਕਾਂ ਦੀ ਜਿੱਤ ਦੱਸਿਆ।

ਇਸੇ ਦੌਰਾਨ ਸੀਨੀਅਰ ਵਕੀਲ ਤੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਦੁਸ਼ਯੰਤ ਦਵੇ ਨੇ ਸੁਪਰੀਮ ਕੋਰਟ ਨੂੰ ਘੇਰਦਿਆਂ, ਇਸ ਦੇ ਸਕੱਤਰ ਜਨਰਲ ਨੂੰ ਖ਼ਤ ਲਿਖ ਕੇ ਪੁੱਛਿਆ ਹੈ ਕਿ ਰਿਪਬਲਿਕ ਟੀ ਵੀ ਦੇ ਸੰਪਾਦਕ ਅਣਨਬ ਗੋਸਵਾਮੀ ਦੀਆਂ ਪਟੀਸ਼ਨਾਂ ਤੁਰੰਤ ਸੁਣਵਾਈ ਲਈ ਕਿਵੇਂ ਸੂਚੀਬੱਧ ਹੋ ਜਾਂਦੀਆਂ ਹਨ। ਉਸ ਨੇ ਸਖ਼ਤ ਲਹਿਜ਼ੇ ਵਿੱਚ ਕਿਹਾ ਤੇ ਲਿਖਿਆ ਕਿ ਜਦੋਂ ਪਹਿਲਾਂ ਤੋਂ ਹੀ ਬਹੁਤ ਸਾਰੀਆਂ ਪਟੀਸ਼ਨਾਂ ਕਾਰਵਾਈ ਦੀ ਇੰਤਜ਼ਾਰ ਵਿੱਚ ਹਨ ਤੇ ਹਜ਼ਾਰਾਂ ਲੋਕ ਜੇਲਾਂ ਵਿੱਚ ਬੰਦ ਹਨ ਤੇ ਉਨਾਂ ਦੀਆਂ ਰਿੱਟਾਂ ’ਤੇ ਮਹੀਨਿਆਂ ਤੋਂ ਕਾਰਵਾਈ ਨਹੀਂ ਹੋ ਰਹੀ, ਤਦ ਅਜਿਹੇ ਵਿੱਚ ਅਰਣਬ ਦੀ ਪਟੀਸ਼ਨ ਨੂੰ ਕਿਸ ਅਧਾਰ ਉੱਤੇ ਤੁਰੰਤ ਸੁਣਵਾਈ ਹੋ ਗਈ। ਕੀ ਇਸ ਲਈ ਚੀਫ਼ ਜਸਟਿਸ ਨੇ ਕੋਈ ਵਿਸ਼ੇਸ਼ ਨਿਰਦੇਸ਼ ਦਿੱਤੇ ਹੋਏ ਹਨ ?

ਗੋਸਵਾਮੀ ਨੇ 10 ਨਵੰਬਰ ਨੂੰ ਸੁਪਰੀਮ ਕੋਰਟ ਵਿੱਚ ਬੰਬੇ ਹਾਈਕੋਰਟ ਦੇ ਉਸ ਨੂੰ ਜ਼ਮਾਨਤ ਨਾ ਦੇਣ ਦੇ ਫ਼ੈਸਲੇ ਵਿਰੁੱਧ ਅਪੀਲ ਕੀਤੀ ਸੀ। ਇਸ ਅਪੀਲ ਨੂੰ ਅਗਲੇ ਹੀ ਦਿਨ ਸੂਚੀਬੱਧ ਕਰ ਲਿਆ ਗਿਆ। ਦੁਸ਼ਯੰਤ ਦਵੇ ਨੇ ਸੁਪਰੀਮ ਕੋਰਟ ਦੇ ਸਕੱਤਰ ਜਨਰਲ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਸਾਰੇ ਜਾਣਦੇ ਹਨ ਕਿ ਕਿਸੇ ਮਾਮਲੇ ਦੀ ਤਤਕਾਲ ਸੁਣਵਾਈ ਚੀਫ਼ ਜਸਟਿਸ ਦੇ ਆਦੇਸ਼ ਤੋਂ ਬਿਨਾਂ ਨਹੀਂ ਹੋ ਸਕਦੀ ਜਾਂ ਫਿਰ ਪ੍ਰਸ਼ਾਸਨਿਕ ਮੁਖੀ ਵਜੋਂ ਆਪ ਅਰਣਬ ਨੂੰ ਤਰਜੀਹ ਦੇ ਰਹੇ ਹੋ। ਦਵੇ ਨੇ ਪੀ ਚਿਦੰਬਰਮ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨਾਂ ਵਰਗੇ ਸੀਨੀਅਰ ਵਕੀਲ ਨੂੰ ਵੀ ਜ਼ਮਾਨਤ ਲਈ ਤਤਕਾਲ ਸੁਣਵਾਈ ਦੀ ਸਹੂਲਤ ਨਹੀਂ ਸੀ ਦਿੱਤੀ ਗਈ ਤੇ ਉਨਾਂ ਨੂੰ ਕਈ ਮਹੀਨੇ ਜੇਲ ਵਿੱਚ ਰਹਿਣਾ ਪਿਆ ਸੀ।



ਇਸ ਕੇਸ ਵਿੱਚ ਸੁਪਰੀਮ ਕੋਰਟ ਦੇ ਜਸਟਿਸ ਡੀ ਵਾਈ ਚੰਦਰਚੂੜ ਤੇ ਇੰਦਰਾ ਬੈਨਰਜੀ ਨੇ ਸੁਣਵਾਈ ਕੀਤੀ ਸੀ। ਸੁਣਵਾਈ ਦੌਰਾਨ ਜਸਟਿਸ ਚੰਦਰਚੂੜ ਨੇ ਵਿਅਕਤੀਗਤ ਅਜ਼ਾਦੀ ਉੱਤੇ ਜ਼ੋਰ ਦਿੰਦਿਆਂ ਕਿਹਾ, ‘ਜੇਕਰ ਅਸੀਂ ਇੱਕ ਸੰਵਿਧਾਨਕ ਅਦਾਲਤ ਵਜੋਂ ਸੁਤੰਤਰਤਾ ਦੀ ਰਾਖੀ ਨਹੀਂ ਕਰਦੇ ਤਾਂ ਕੌਣ ਕਰੇਗਾ ?’ ਪਰ ਜਦੋਂ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕੇਰਲ ਦੇ ਪੱਤਰਕਾਰ ਸਦੀਕ ਕੱਪਨ ਨੂੰ 5 ਅਕਤੂਬਰ ਨੂੰ ਯੂ ਪੀ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਨ ਤੇ ਹਿਰਾਸਤ ਵਿੱਚ ਹੋਣ ਦਾ ਮਾਮਲਾ ਉਠਾਇਆ ਤਾਂ ਚੰਦਰਚੂੜ ਚੁੱਪ ਵੱਟ ਗਏ।

ਮਹਾਰਾਸ਼ਟਰ ਸਰਕਾਰ ਦੀ ਪ੍ਰਤੀਨਿਧਤਾ ਕਰ ਰਹੇ ਕਪਿਲ ਸਿੱਬਲ ਨੇ ਕਿਹਾ ਕਿ ਕੇਰਲ ਦੇ ਇੱਕ ਪੱਤਰਕਾਰ ਨੂੰ ਯੂ ਪੀ ਪੁਲਸ ਨੇ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ, ਜਦੋਂ ਉਹ ਹਾਥਰਸ ਨੂੰ ਜਾ ਰਿਹਾ ਸੀ। ਅਸੀਂ ਧਾਰਾ 32 ਅਧੀਨ ਸੁਪਰੀਮ ਕੋਰਟ ਵਿੱਚ ਆਏ, ਪਰ ਸਾਨੂੰ ਹੇਠਲੀ ਅਦਾਲਤ ਵਿੱਚ ਜਾਣ ਲਈ ਕਹਿ ਦਿੱਤਾ ਗਿਆ। ਸਾਡੀ ਅਪੀਲ ਚਾਰ ਹਫ਼ਤਿਆਂ ਬਾਅਦ ਸੂਚੀਬੱਧ ਕੀਤੀ ਗਈ, ਬੈਂਚ ਨੇ ਇਸ ਉੱਤੇ ਚੁੱਪ ਧਾਰੀ ਰੱਖੀ।

ਕੇਰਲ ਯੂਨੀਅਨ ਆਫ਼ ਵਰਕਿੰਗ ਜਰਨਲਿਸਟਸ ਦੇ ਸਕੱਤਰ ਕੱਪਨ ਦੀ ਗ੍ਰਿਫ਼ਤਾਰੀ ਦੇ ਇੱਕ ਮਹੀਨੇ ਬਾਅਦ ਵੀ ਜ਼ਮਾਨਤ ਪਟੀਸ਼ਨ ਉੱਤੇ ਸੁਣਵਾਈ ਨਹੀਂ ਹੋਈ। ਪੱਤਰਕਾਰ ਸੰਘ ਨੇ ਪਿਛਲੇ ਹਫ਼ਤੇ ਸੁਪਰੀਮ ਕੋਰਟ ਵਿੱਚ ਇੱਕ ਅਰਜ਼ੀ ਦਾਖ਼ਲ ਕਰਕੇ ਇਸ ਮਾਮਲੇ ਉੱਤੇ ਤੁਰੰਤ ਸੁਣਵਾਈ ਦੀ ਮੰਗ ਕੀਤੀ ਸੀ। ਇਸ ਸੰਬੰਧੀ ਦਾਖਲ ਰਿੱਟ ਵਿੱਚ ਕਿਹਾ ਗਿਆ ਹੈ ਕਿ ਕੱਪਨ ਦੇ ਪਰਵਾਰ ਨੂੰ ਉਸ ਨਾਲ ਮੁਲਾਕਾਤ ਵੀ ਨਹੀਂ ਕਰਨ ਦਿੱਤੀ ਜਾ ਰਹੀ। ਉਸ ਦਾ ਪਰਵਾਰ ਪੂਰੀ ਤਰਾਂ ਉਸ ’ਤੇ ਨਿਰਭਰ ਹੈ। ਪਟੀਸ਼ਨ ਵਿੱਚ ਉਸ ਦੀ 90 ਸਾਲਾ ਮਾਂ ਦੀ ਹਾਲਤ ਦਾ ਵੀ ਜ਼ਿਕਰ ਕੀਤਾ ਗਿਆ। ਉਸ ਦੀ ਪਤਨੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਇੱਕ ਵੱਡੇ ਤਬਕੇ ਵੱਲੋਂ ਅਰਣਬ ਦੀ ਗ੍ਰਿਫ਼ਤਾਰੀ ਦੀ ਤੁਲਨਾ ਤਾਂ ਐਮਰਜੈਂਸੀ ਨਾਲ ਕਰ ਦਿੱਤੀ ਗਈ, ਪਰ ਮੇਰੇ ਪਤੀ ਦੀ ਗ੍ਰਿਫ਼ਤਾਰ ਬਾਰੇ ਮੂੰਹ ਤੱਕ ਨਾ ਖੋਲਿਆ। ਇਹ ਦੂਹਰਾ ਮਾਪਦੰਡ ਕਿਉਂ ? ਦੁਸ਼ਯੰਤ ਦਵੇ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਕਿਸੇ ਵੀ ਨਾਗਰਿਕ ਨੂੰ ਇਹ ਨਹੀਂ ਲੱਗਣਾ ਚਾਹੀਦਾ ਕਿ ਉਸ ਨਾਲ ਦੂਜੇ ਦਰਜੇ ਦਾ ਸਲੂਕ ਹੋ ਰਿਹਾ ਹੈ। ਹਰ ਇੱਕ ਨੂੰ ਜ਼ਮਾਨਤ ਤੇ ਸੁਣਵਾਈ ਦਾ ਬਰਾਬਰ ਹੱਕ ਹੋਣਾ ਚਾਹੀਦਾ ਹੈ।

ਇਸੇ ਦੌਰਾਨ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਕਿਹਾ ਹੈ ਕਿ ਜਦੋਂ ਨਾਗਰਿਕ ਸੋਧ ਕਾਨੂੰਨ, ਧਾਰਾ 370 ਆਦਿ ਮਾਮਲੇ ਕਈ ਮਹੀਨਿਆਂ ਤੋਂ ਸੂਚੀਬੱਧ ਨਹੀਂ ਹੋ ਰਹੇ, ਤਦ ਅਰਣਬ ਦੀ ਪਟੀਸ਼ਨ ਘੰਟਿਆਂ ਵਿੱਚ ਸੂਚੀਬੱਧ ਹੋ ਜਾਂਦੀ ਹੈ, ਕੀ ਉਹ ਸੁਪਰ ਸਿਟੀਜ਼ਨ ਹੈ ? ਇਸ ਦੇ ਨਾਲ ਹੀ ਦੁਸ਼ਯੰਤ ਦਵੇ ਨੇ ਕਿਹਾ ਕਿ ਅਜਿਹੇ ਸੈਂਕੜੇ ਵਿਅਕਤੀਆਂ ਨੂੰ ਜ਼ਮਾਨਤ ਤੇ ਸੁਣਵਾਈ ਦਾ ਹੱਕ ਨਹੀਂ ਮਿਲ ਰਿਹਾ, ਜਿਹੜੇ ਸੱਤਾ ਦੇ ਕਰੀਬ ਨਹੀਂ, ਗ਼ਰੀਬ ਹਨ ਅਤੇ ਰਸੂਖਦਾਰ ਨਹੀਂ ਤੇ ਅਲੱਗ-ਅਲੱਗ ਅੰਦੋਲਨਾਂ ਰਾਹੀਂ ਲੋਕਾਂ ਦੀ ਅਵਾਜ਼ ਚੁੱਕਦੇ ਰਹੇ ਹਨ। ਦੁਸ਼ਯੰਤ ਦਵੇ ਦਾ ਇਹ ਖ਼ਤ ਭਾਰਤੀ ਨਿਆਂ ਪਾਲਿਕਾ ਦੀ ਇਸ ਸਚਾਈ ਨੂੰ ਸਾਹਮਣੇ ਲਿਆਉਂਦਾ ਹੈ ਕਿ ਮੌਜੂਦਾ ਹਾਕਮਾਂ ਅਧੀਨ ਲੋਕਤੰਤਰ ਦੇ ਸਭ ਥੰਮ ਇੱਕ-ਇੱਕ ਕਰਕੇ ਤਿੜਕ ਰਹੇ ਹਨ।

## ਮਾਮਲਾ ਸੁਪਰੀਮ ਕੋਰਟ ਦੀ ਕਥਿਤ ਤੌਹੀਨ ਦਾ

**✪ ਕਮੇਡੀਅਨ ਕੁਣਾਲ ਨੇ ਸੁਪਰੀਮ ਕੋਰਟ ਵਿਰੁੱਧ ਖੋਲਿਆ ਮੋਰਚਾ ✪ ਨਾ ਮੁਆਫ਼ੀ ਮੰਗਣੀ ਤੇ ਨਾ ਵਕੀਲ ਕਰਨਾ :ਕੁਣਾਲ**

**ਨਵੀਂ ਦਿੱਲੀ/ਏ.ਟੀ.ਨਿਊਜ਼:** ਸੁਪਰੀਮ ਕੋਰਟ ਦੀ ਕਥਿਤ ਤੌਹੀਨ ਨੂੰ ਲੈ ਕੇ ਕਾਮੇਡੀਅਨ ਕੁਣਾਲ ਕਾਮਰਾ ਨੇ ਮੁਆਫ਼ੀ ਮੰਗਣ ਤੋਂ ਇਨਕਾਰ ਕੀਤਾ ਹੈ। ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਮਾਣਹਾਨੀ ਦੀ ਕਾਰਵਾਈ ਸ਼ੁਰੂ ਕਰਨ ਦੀ ਮਨਜ਼ੂਰੀ ਦਿੱਤੀ ਸੀ। ਕਾਮਰਾ ਨੇ ਸੁਪਰੀਮ ਕੋਰਟ ਦੇ ਜੱਜਾਂ ਤੇ ਵੇਣੂਗੋਪਾਲ ਦੇ ਨਾਂਅ ਚਿੱਠੀ ਵਿਚ ਕਿਹਾ ਹੈ ਕਿ ਉਸ ਨੇ ਜੋ ਵੀ ਟਵੀਟ ਕੀਤੇ, ਉਹ ਸੁਪਰੀਮ ਕੋਰਟ ਦੇ ਪ੍ਰਾਈਮ ਟਾਈਮ ਲਾਊਡ ਸਪੀਕਰ (ਅਰਣਬ ਗੋਸਵਾਮੀ) ਦੇ ਹੱਕ ਵਿਚ ਵਿਤਕਰੇ-ਭਰੇ ਫ਼ੈਸਲੇ ਵਿਰੁੱਧ ਉਸ ਦੀ ਰਾਇ ਸੀ। ਉਹ ਇਸ ਲਈ ਨਾ ਮੁਆਫ਼ੀ ਮੰਗੇਗਾ ਤੇ ਨਾ ਹੀ ਵਕੀਲ ਕਰੇਗਾ। ਉਸ ਨੇ ਕਿਹਾ ਮੈਨੂੰ ਸੁਪਰੀਮ ਕੋਰਟ ਦੇ ਜੱਜਾਂ ਤੇ ਦੇਸ਼ ਦੇ ਸਭ ਤੋਂ ਵੱਡੇ ਕਾਨੂੰਨ ਅਧਿਕਾਰੀ ਵਰਗੀ ਆਡੀਐਂਸ ਮਿਲੀ ਹੈ, ਇਹ ਸ਼ਾਇਦ ਸਭ ਤੋਂ ਵੀ ਆਈ ਪੀ ਹੈ।



ਕਾਮਰਾ ਨੇ ਆਪਣੀ ਚਿੱਠੀ ਵਿਚ ਲਿਖਿਆ ਹੈ ਪਿਆਰੇ ਜੱਜੋ, ਸ੍ਰੀ ਕੇ ਕੇ ਵੇਣੂਗੋਪਾਲ ਜੀ, ਮੈਂ ਹਾਲ ਹੀ ਵਿਚ ਜਿਹੜੇ ਟਵੀਟ ਕੀਤੇ, ਉਨਾਂ ਨੂੰ ਅਦਾਲਤ ਦੀ ਤੌਹੀਨ ਦੱਸਿਆ ਗਿਆ ਹੈ। ਮੈਂ ਜੋ ਵੀ ਟਵੀਟ ਕੀਤੇ, ਉਹ ਸੁਪਰੀਮ ਕੋਰਟ ਵੱਲੋਂ ਇਕ ਪ੍ਰਾਈਮ ਟਾਈਮ ਲਾਊਡ ਸਪੀਕਰ ਦੇ ਹੱਕ ਵਿਚ ਦਿੱਤੇ ਗਏ ਪੱਖਪਾਤੀ ਫ਼ੈਸਲੇ ਪ੍ਰਤੀ ਮੇਰਾ ਨਜ਼ਰੀਆ ਸੀ। ਲੱਗਦਾ ਹੈ ਕਿ ਮੈਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਮੈਨੂੰ ਅਦਾਲਤ ਲਾਉਣ ਵਿਚ ਬੜਾ ਮਜ਼ਾ ਆਉਂਦਾ ਹੈ ਅਤੇ ਚੰਗੀ ਆਡੀਐਂਸ ਪਸੰਦ ਆਉਂਦੀ ਹੈ। ਸੁਪਰੀਮ ਕੋਰਟ ਦੇ ਜੱਜਾਂ ਅਤੇ ਦੇਸ਼ ਦੇ ਸਿਖਰਲੇ ਕਾਨੂੰਨ ਅਧਿਕਾਰੀ ਵਰਗੀ ਆਡੀਐਂਸ ਸ਼ਾਇਦ ਸਭ ਤੋਂ ਵੀ ਆਈ ਪੀ ਹੋਵੇ, ਪਰ ਮੈਨੂੰ ਸਮਝ ਆਉਂਦਾ ਹੈ ਕਿ ਮੈਂ ਕਿਸੇ ਵੀ ਥਾਂ ਪਰਫਾਰਮ ਕਰਾਂ, ਸੁਪਰੀਮ ਕੋਰਟ ਦੇ ਸਾਹਮਣੇ ਵਕਤ ਮਿਲਣਾ ਦੁਰਲੱਭ ਹੋਵੇਗਾ। ਮੇਰੀ ਰਾਏ ਨਹੀਂ ਬਦਲੀ ਹੈ, ਕਿਉਂਕਿ ਦੂਜਿਆਂ ਦੀ ਨਿੱਜੀ ਆਜ਼ਾਦੀ ਦੇ ਮਾਮਲਿਆਂ ਵਿਚ ਸੁਪਰੀਮ ਕੋਰਟ ਦੀ ਚੁੱਪੀ ਬਿਨਾਂ ਆਲੋਚਨਾ ਦੇ ਨਹੀਂ ਗੁਜ਼ਰ ਸਕਦੀ। ਮੈਂ ਆਪਣੇ ਟਵੀਟ ਵਾਪਸ ਲੈਣ ਜਾਂ ਉਨਾਂ ਲਈ ਮੁਆਫ਼ੀ ਮੰਗਣ ਦੀ ਮਨਸ਼ਾ ਨਹੀਂ ਰੱਖਦਾ। ਮੈਨੂੰ ਲੱਗਦਾ ਹੈ ਕਿ ਉਹ ਇਹ ਖ਼ੁਦ ਬਿਆਨ ਕਰਦੇ ਹਨ। ਮੈਂ ਆਪਣੀ ਮਾਣਹਾਨੀ ਪਟੀਸ਼ਨ, ਹੋਰਨਾਂ ਮਾਮਲਿਆਂ ਤੇ ਵਿਅਕਤੀਆਂ, ਜਿਹੜੇ ਮੇਰੀ ਤਰਾਂ ਕਿਸਮਤ ਵਾਲੇ ਨਹੀਂ ਹਨ, ਦੀ ਸੁਣਵਾਈ ਲਈ ਸਮਾਂ ਮਿਲਣ (ਘੱਟੋ-ਘੱਟ 20 ਘੰਟੇ, ਜੇ ਪ੍ਰਸ਼ਾਂਤ ਭੂਸ਼ਣ ਦੀ ਸੁਣਵਾਈ ਨੂੰ ਧਿਆਨ ਵਿਚ ਰੱਖੀਏ) ਦੀ ਉਮੀਦ ਰੱਖਦਾ ਹਾਂ। ਕੀ ਮੈਂ ਇਹ ਸੁਝਾਅ ਦੇ ਸਕਦਾ ਹਾਂ ਕਿ ਨੋਟਬੰਦੀ ਨਾਲ ਜੁੜੀ ਪਟੀਸ਼ਨ, ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਰੱਦ ਕਰਨ ਵਾਲੇ ਫ਼ੈਸਲੇ ਦੇ ਖ਼ਿਲਾਫ਼ ਪਟੀਸ਼ਨ, ਇਲੈਕਟੋਰਲ ਬਾਂਡਜ਼ ਦੀ ਕਾਨੂੰਨੀ ਵੈਧਤਾ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਤੇ ਹੋਰ ਕਈ ਅਜਿਹੇ ਮਾਮਲਿਆਂ ਦੀ ਸੁਣਵਾਈ ਦੀ ਜ਼ਿਆਦਾ ਲੋੜ ਹੈ। ਸੀਨੀਅਰ ਵਕੀਲ ਹਰੀਸ਼ ਸਾਲਵੇ ਦੀ ਗੱਲ ਨੂੰ ਥੋੜਾ ਮਰੋੜ ਕੇ ਕਹਾਂ ਤਾਂ ਜੇ ਜ਼ਿਆਦਾ ਅਹਿਮ ਮਾਮਲਿਆਂ ਨੂੰ ਮੇਰਾ ਵਕਤ ਮਿਲੇਗਾ ਤਾਂ ਕੀ ਅਸਮਾਨ ਫੱਟ ਜਾਏਗਾ ?

ਕਾਮਰਾ ਨੇ ਚਿੱਠੀ ਦੇ ਅੰਤ ਵਿਚ ਲਿਖਿਆ ਹੈ ਸੁਪਰੀਮ ਕੋਰਟ ਦੇ ਜੱਜਾਂ ਨੇ ਮੇਰੇ ਟਵੀਟਾਂ ਨੂੰ ਹੁਣ ਤੱਕ ਕੁਝ ਵੀ ਘੋਸ਼ਤ ਨਹੀਂ ਕੀਤਾ, ਪਰ ਉਹ ਜਦੋਂ ਵੀ ਕਰਨ ਤਾਂ ਮੈਂ ਉਮੀਦ ਕਰਦਾ ਹਾਂ ਕਿ ਅਦਾਲਤ ਦੀ ਤੌਹੀਨ ਘੋਸ਼ਤ ਕਰਨ ਤੋਂ ਪਹਿਲਾਂ ਉਹ ਥੋੜਾ ਹੱਸਣਗੇ। ਆਪਣੇ ਇਕ ਟਵੀਟ ਵਿਚ ਮੈਂ ਸੁਪਰੀਮ ਕੋਰਟ ਵਿਚ ਮਹਾਤਮਾ ਗਾਂਧੀ ਦੀ ਥਾਂ ਹਰੀਸ਼ ਸਾਲਵੇ ਦੀ ਫ਼ੋਟੋ ਲਾਉਣ ਨੂੰ ਕਿਹਾ ਸੀ। ਮੈਂ ਜੋੜਨਾ ਚਾਹਾਂਗਾ ਕਿ ਪੰਡਤ ਨਹਿਰੂ ਦੀ ਫ਼ੋਟੋ ਹਟਾ ਕੇ ਮਹੇਸ਼ ਜੇਠਮਲਾਨੀ ਦੀ ਫ਼ੋਟੋ ਲਾ ਦਿੱਤੀ ਜਾਵੇ। ਇਸ ਮਾਮਲੇ ਵਿਚ ਸ੍ਰੀਰੰਗ ਕਾਟਨੇਸ਼ਵਾਰਕਰ ਨੇ ਅਦਾਲਤ ਦੀ ਤੌਹੀਨ ਦੀ ਕਾਰਵਾਈ ਲਈ ਲੈਟਰ ਪਟੀਸ਼ਨ ਭੇਜੀ ਸੀ। ਇਸ ਉੱਤੇ ਗ਼ੌਰ ਕਰਨ ਦੇ ਬਾਅਦ ਅਟਾਰਨੀ ਜਨਰਲ ਨੇ ਸਹਿਮਤੀ ਦਿੰਦਿਆਂ ਕਿਹਾ ਕਿ ਕੁਨਾਲ ਕਾਮਰਾ ਨੇ ਜਿਹੜੇ ਟਵੀਟ ਕੀਤੇ, ਉਹ ਬੇਹੱਦ ਇਤਰਾਜ਼ਯੋਗ ਹਨ ਅਤੇ ਅਜਿਹੇ ਵਿਚ ਕਾਮਰਾ ਦੇ ਖ਼ਿਲਾਫ਼ ਅਦਾਲਤ ਦੀ ਤੌਹੀਨ ਦੀ ਕਾਰਵਾਈ ਸ਼ੁਰੂ ਹੋ ਸਕਦੀ ਹੈ।



# ਚੋਣਾਂ ਲਈ ਭਾਜਪਾ ਨੇ ਪੰਜਾਬ ਲਈ ਨੀਤੀ ਕੀਤੀ ਤਿਆਰ

**✪ ਬਿਹਾਰ ਵਿਧਾਨ ਸਭਾ ਚੋਣਾ ਦੀ ਜਿੱਤ ਬਾਅਦ ਭਾਜਪਾ ਪੰਜਾਬ ਵਿਚ ਹੋਏਗੀ ਸਰਗਰਮ ✪ ਦਲਿਤ ਤੇ ਹਿੰਦੂ ਵੋਟ ਬੈਂਕ ਸਹਾਰੇ ਵਿੱਢੇਗੀ ਚੋਣ ਮੁਹਿੰਮ ✪ ਅਮਿਤ ਸੰਭਾਲ ਸਕਦੇ ਹਨ ਪੰਜਾਬ ਦੀ ਕਮਾਂਡ ✪ ਅਕਾਲੀ ਦਲ ਤੇ ਕਾਂਗਰਸ ਲਈ ਖੜੀ ਹੋਈ ਵੱਡੀ ਚੁਣੌਤੀ**





**ਜਲੰਧਰ/ਏ.ਟੀ.ਨਿਊਜ਼:** ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਵਿਚ ਭਾਜਪਾ ਦੀ ਜਿੱਤ ਤੋਂ ਬਾਅਦ ਭਾਜਪਾ ਤੇ ਆਰ.ਐਸ.ਐਸ. ਦਾ ਅਗਲਾ ਨਿਸ਼ਾਨਾ ੨੦੨੧ ਦੀਆਂ ੫ ਵਿਧਾਨ ਸਭਾਵਾਂ ਦੀਆਂ ਚੋਣਾਂ ਹਨ। ਇਹ ਚੋਣਾਂ ਅਪ੍ਰੈਲ-ਮਈ ੨੦੨੧ ਵਿਚ ਪੱਛਮੀ ਬੰਗਾਲ, ਆਸਾਮ, ਕੇਰਲਾ, ਤਾਮਿਲਨਾਡੂ ਅਤੇ ਪਾਂਡੂਚਿਰੀ ਵਿਚ ਹੋ ਰਹੀਆਂ ਹਨ। ਬੇਸ਼ੱਕ ਭਾਜਪਾ ਸਾਰੇ ਰਾਜਾਂ ਵਿਚ ਮਿਹਨਤ ਕਰ ਰਹੀ ਹੈ ਪਰ ਭਾਜਪਾ ਦਾ ਸਭ ਤੋਂ ਵੱਧ ਜ਼ੋਰ ਪੱਛਮੀ ਬੰਗਾਲ 'ਤੇ ਲੱਗਾ ਹੋਇਆ ਹੈ। ਇੱਥੇ ਚੋਣ ਮੁਹਿੰਮ ਨੂੰ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਖ਼ੁਦ ਸੰਭਾਲ ਰਹੇ ਹਨ। ਹਾਲਾਂ ਕਿ ਆਮ ਤੌਰ 'ਤੇ ਇਹ ਚਰਚਾ ਸੁਣਾਈ ਦਿੰਦੀ ਰਹਿੰਦੀ ਹੈ ਕਿ ਭਾਜਪਾ ਤੇ ਆਰ.ਐਸ.ਐਸ. ਦੇ ਏਜੰਡੇ 'ਤੇ ਪੰਜਾਬ ਦੀ ਕੋਈ ਮਹੱਤਤਾ ਨਹੀਂ ਹੈ। ਪਰ ਨਵੀਂ ਜਾਣਕਾਰੀ ਅਨੁਸਾਰ ਹੁਣ ਅਕਾਲੀ ਦਲ ਨਾਲੋਂ ਤੋੜ-ਵਿਛੋੜੇ ਤੋਂ ਬਾਅਦ ਭਾਜਪਾ ਦੇ ਏਜੰਡੇ 'ਤੇ ਬਿਹਾਰ ਤੋਂ ਬਾਅਦ ਪੰਜਾਬ ਹੀ ਪਹਿਲੇ ਸਥਾਨ 'ਤੇ ਉੱਪਰ ਹੈ। ਇਹ ਵੀ ਪਤਾ ਲੱਗਾ ਹੈ ਕਿ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਸੀਨੀਅਰ ਲੀਡਰਸ਼ਿਪ ਪੰਜਾਬ ਦੀਆਂ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਜਿੱਤਾਂ ਪ੍ਰਾਪਤ ਕਰਨ ਲਈ ਰਣਨੀਤੀ ਬਣਾਉਣ ਵਿਚ ਰੁੱਝ ਗਈ ਹੈ।

ਸੂਤਰਾਂ ਤੋਂ ਪਤਾ ਲਗਾ ਹੈ ਕਿ ਭਾਜਪਾ ਸ਼੍ਰੋਮਣੀ ਅਕਾਲੀ ਦਲ ਵਿਚ ਹੋ ਰਹੀ ਟੁੱਟ-ਭੱਜ ਦਾ ਫ਼ਾਇਦਾ ਉਠਾਉਣਾ ਚਾਹੁੰਦੀ ਹੈ ਅਤੇ ਮੁੱਖ ਪਾਰਟੀ ਨਾਲੋਂ ਟੁੱਟ ਕੇ ਬਣੇ ਨਵੇਂ ਦਲਾਂ ਵਿਚੋਂ ਕਿਸੇ ਇਕ ਨਾਲ ਨਾਤਾ ਗੰਢੇਗੀ। ਇਸ ਲਈ ਭਾਜਪਾ ਦੇ ਜਨਰਲ ਸਕੱਤਰ ਤਰੁਣ ਚੁੱਘ ਦੇ ਇਸ ਬਿਆਨ ਦੀ ਇਹ ਵਿਆਖਿਆ ਗ਼ਲਤ ਹੋਵੇਗੀ ਕਿ ਭਾਜਪਾ ਸਾਰੀਆਂ ੧੧੭ ਦੀਆਂ ੧੧੭ ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ; ਇਸ ਦੀ ਸਹੀ ਵਿਆਖਿਆ ਸ਼ਾਇਦ ਇਹ ਹੈ ਕਿ ਭਾਜਪਾ ਦੀ ਸੋਚ ਇਸ ਪਾਸੇ ਕੰਮ ਕਰ ਰਹੀ ਹੈ ਕਿ ੨੦੨੨ ਵਿਚ ਉਸ ਦੀ ਅਗਵਾਈ ਵਿਚ ਅਜਿਹਾ ਮੁਹਾਜ਼ ਬਣਾਇਆ ਜਾਏ ਜਿਸ ਵਿਚ ਉਹ ਵੱਡੀ ਪਾਰਟੀ ਹੋਵੇ ਅਤੇ ਬਾਕੀ ਪਾਰਟੀਆਂ ਉਸ ਤੋਂ ਘੱਟ ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਨ।

ਭਾਜਪਾ ਸੱਤਾ ਦੇ ਸਮੀਕਰਨ ਬਦਲਣ ਵਿਚ ਮਾਹਿਰ ਹੈ। ਜਿੱਥੇ ਉਸ ਨੇ ਮਹਾਰਾਸ਼ਟਰ ਅਤੇ ਬਿਹਾਰ ਵਿਚ ਆਪਣੇ ਤੋਂ ਵੱਡੀਆਂ ਸਹਿਯੋਗੀ ਪਾਰਟੀਆਂ ਕ੍ਰਮਵਾਰ ਸ਼ਿਵ ਸੈਨਾ ਅਤੇ ਜਨਤਾ ਦਲ (ਯੂਨਾਈਟਿਡ) ਨੂੰ ਦੂਸਰੇ ਦਰਜੇ ਦੀਆਂ ਪਾਰਟੀਆਂ ਬਣਾ ਦਿੱਤਾ, ਉੱਥੇ ਉਸ ਨੇ ਛੋਟੀਆਂ ਪਾਰਟੀਆਂ ਦਾ ਸਹਿਯੋਗ ਲੈਣ ਅਤੇ ਵੋਟਾਂ ਨੂੰ ਧਰਮਾਂ, ਫ਼ਿਰਕਿਆਂ, ਜਾਤਾਂ ਅਤੇ ਉਪ-ਜਾਤਾਂ ਦੇ ਆਧਾਰ 'ਤੇ ਵੰਡਣ ਵਿਚ ਵੀ ਕੁਸ਼ਲਤਾ ਵਿਖਾਈ ਹੈ। ਉਹ ਇੰਨੀ ਚਤੁਰਾਈ ਨਾਲ ਵੋਟਾਂ ਇਕੱਠੀਆਂ ਕਰਨ ਦੇ ਵੱਡੇ ਗੱਠਜੋੜ ਬਣਾ ਸਕਦੀ ਹੈ ਕਿ ਉਸ ਦੇ ਸਿਆਸੀ ਵਿਰੋਧੀ ਹੈਰਾਨ ਰਹਿ ਜਾਂਦੇ ਹਨ। ਉਦਾਹਰਨ ਦੇ ਤੌਰ 'ਤੇ ਪਿਛਲੇ ਕੁਝ ਦਹਾਕਿਆਂ ਤੋਂ ਹਰਿਆਣੇ ਦੀ ਸਿਆਸਤ ਵਿਚ ਇਹ ਲਗਭਗ ਤੈਅ ਹੋ ਚੁੱਕਾ ਸੀ ਕਿ ਸਿਰਫ਼ ਜਾਟ ਭਾਈਚਾਰੇ ਨਾਲ ਸਬੰਧਿਤ ਵਿਅਕਤੀ ਹੀ ਮੁੱਖ ਮੰਤਰੀ ਬਣ ਸਕਦਾ ਹੈ ਪਰ ਭਾਜਪਾ ਨੇ ਸਿਆਸੀ ਹਿਸਾਬ-ਕਿਤਾਬ ਅਤੇ ਵਿਆਕਰਨ ਦੀ ਰੰਗਤ ਇਸ ਤਰਾਂ ਬਦਲੀ ਕਿ ਨਾ ਸਿਰਫ਼ ਜਾਟਾਂ ਦੀਆਂ ਅਗਵਾਈ ਵਾਲੀਆਂ ਪਾਰਟੀਆਂ ਦੇ ਹੱਥੋਂ ਸੱਤਾ ਜਾਂਦੀ ਰਹੀ ਸਗੋਂ ਅਜਿਹਾ ਵਿਅਕਤੀ ਮੁੱਖ ਮੰਤਰੀ ਬਣਿਆ ਜਿਹੜਾ ਜਾਟ ਭਾਈਚਾਰੇ ਨਾਲ ਸਬੰਧਿਤ ਨਹੀਂ ਹੈ। ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਜਿੱਤ ਨੇ ਇਹ ਦਿਖਾਇਆ ਕਿ ਜਿੱਥੇ ਭਾਜਪਾ ਜਿੱਤ ਪ੍ਰਾਪਤ ਕਰਨ ਲਈ ਹਰ ਤਰਾਂ ਦੇ ਸਿਆਸੀ ਹਰਬੇ ਵਰਤ ਸਕਦੀ ਹੈ, ਉੱਥੇ ਕਈ ਤਰਾਂ ਦੇ ਸਿਆਸੀ ਖ਼ਤਰੇ ਸਹੇੜਨ ਦੀ ਹਿੰਮਤ ਵੀ ਰੱਖਦੀ ਹੈ। ਭਾਜਪਾ ਨੇ ਜਿੱਥੇ ਲੋਕ ਜਨਸ਼ਕਤੀ ਪਾਰਟੀ ਨੂੰ ਉਕਸਾ ਕੇ ਜੇਡੀ (ਯੂ) ਦੇ ਉਮੀਦਵਾਰਾਂ ਵਿਰੁੱਧ ਉਮੀਦਵਾਰ ਖੜ੍ਹੇ ਕਰ ਕੇ ਵੱਡਾ ਖ਼ਤਰਾ ਮੁੱਲ ਲਿਆ, ਉੱਥੇ ਉਸ ਨੇ ਜੀਤਨ ਰਾਮ ਮਾਂਝੀ ਦੇ ਹਿੰਦੋਸਤਾਨੀ ਅਵਾਮ ਮੋਰਚੇ ਅਤੇ ਮੁਕੇਸ਼ ਸਾਹਨੀ ਦੀ ਵਿਕਾਸਸ਼ੀਲ ਇਨਸਾਨ ਪਾਰਟੀ ਨਾਲ ਗੱਠਜੋੜ ਕੀਤਾ। ਜੇ ਕਾਂਗਰਸ ਨੇ ਇਨਾਂ ੨ ਛੋਟੀਆਂ ਪਾਰਟੀਆਂ ਨੂੰ ਮਹਾਂ ਗਠਬੰਧਨ ਵਿਚ ਜਗਾ ਦਿੱਤੀ ਹੁੰਦੀ ਤਾਂ ਜਿੱਤ ਮਹਾਂ ਗਠਬੰਧਨ ਦੀ ਹੋਣੀ ਸੀ।

ਇਸੇ ਤਰਾਂ ਭਾਜਪਾ ਕੋਲ ਪੰਜਾਬ ਦੀ ਸਿਆਸਤ ਲਈ ਵੀ ਪੁਖ਼ਤਾ ਯੋਜਨਾ ਬਣਾ ਰਹੀ ਹੈ। ਕੁਝ ਸਿਆਸੀ ਮਾਹਿਰਾਂ ਦਾ ਖ਼ਿਆਲ ਹੈ ਕਿ ਇਸ ਵੇਲੇ ਚੱਲ ਰਹੇ ਕਿਸਾਨ ਅੰਦੋਲਨ ਕਾਰਨ ਭਾਜਪਾ ਹਰਿਆਣੇ ਵਾਂਗ ਪੰਜਾਬ ਦੇ ਕਿਸਾਨਾਂ ਨੂੰ ਇਕ ਜੁੱਟ ਵਜੋਂ ਪੇਸ਼ ਕਰ ਕੇ ਬਾਕੀ ਵਰਗਾਂ ਦੀ ਹਮਾਇਤ ਲੈਣ ਦੀ ਕੋਸ਼ਿਸ਼ ਕਰੇਗੀ। ਕਿਹਾ ਜਾ ਰਿਹਾ ਹੈ ਕਿ ਭਾਜਪਾ ਕੁਝ ਦਲਿਤ ਆਗੂਆਂ ਅਤੇ ਵਿਦਵਾਨਾਂ ਨਾਲ ਇਸ ਬਾਰੇ ਗੱਲਬਾਤ ਕਰ ਰਹੀ ਹੈ। ਪੰਜਾਬ ਵਿਚ ਦਲਿਤ ਸਭ ਤੋਂ ਵੱਡਾ ਭਾਈਚਾਰਾ ਹਨ ਅਤੇ ਵਸੋਂ ਵਿਚ ਉਨਾਂ ਦੀ ਗਿਣਤੀ ੩੨ ਫ਼ੀਸਦੀ ਹੈ ਪਰ ਉਹ ਕਦੇ ਵੀ ਇੱਕਮੁੱਠ ਹੋ ਕੇ ਸਿਆਸੀ ਤਾਕਤ ਵਜੋਂ ਨਹੀਂ ਉੱਭਰ ਸਕੇ। ਬਸਪਾ ਨੂੰ ਪੰਜਾਬ ਵਿਚ ਜ਼ਿਆਦਾ ਕਾਮਯਾਬੀ ਨਹੀਂ ਮਿਲੀ। ਪਰ ਹੁਣ ਜਸਬੀਰ ਸਿੰਘ ਗੜ੍ਹੀ ਦੀ ਅਗਵਾਈ ਵਿਚ ਬਸਪਾ ਮਜ਼ਬੂਤ ਦਿਖਾਈ ਦੇ ਰਹੀ ਹੈ। ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵਿਚ ਪਈ ਫੁੱਟ ਕਾਰਨ ਕਾਂਗਰਸ ਆਪਣੇ ਆਪ ਨੂੰ ਜ਼ਿਆਦਾ ਤਾਕਤਵਰ ਮਹਿਸੂਸ ਕਰ ਰਹੀ ਹੈ।

ਕਾਂਗਰਸ ਨੂੰ ਇਹ ਵੀ ਲੱਗਦਾ ਹੈ ਕਿ ਕਿਸਾਨ ਮੁੱਦਿਆਂ 'ਤੇ ਭਾਜਪਾ ਦੇ ਅਲੱਗ-ਥਲੱਗ ਪੈਣ ਨਾਲ ਭਾਜਪਾ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਗਵਾਚੀ ਸਿਆਸੀ ਜ਼ਮੀਨ ਲੱਭਣ ਲਈ ਵੱਡੀਆਂ ਮੁਸ਼ਕਿਲਾਂ ਪੇਸ਼ ਆਉਣਗੀਆਂ ਪਰ ਭਾਜਪਾ ਦੇ ਇਰਾਦਿਆਂ ਨੂੰ ਘਟਾ ਕੇ ਵੇਖਣਾ ਕਾਂਗਰਸ, 'ਆਪ' ਅਤੇ ਸ਼੍ਰੋਮਣੀ ਅਕਾਲੀ ਦਲ ਲਈ ਮਹਿੰਗਾ ਸਾਬਤ ਹੋ ਸਕਦਾ ਹੈ।

ਜਾਣਕਾਰੀ ਅਨੁਸਾਰ ਭਾਵੇਂ ਆਰ.ਐਸ.ਐਸ. ਦੀ ਉੱਤਰ ਭਾਰਤ ਦੀ ਕਾਰਜਕਾਰਨੀ ਗੁੜਗਾਉਂ ਵਿਚ ਹੋਈ ੩ ਦਿਨਾ ਮੀਟਿੰਗ ਵਿਚ ਮੁੱਖ ਤੌਰ 'ਤੇ ਕੋਰੋਨਾ ਦਾ ਭਾਰਤੀਆਂ ਦੇ ਜੀਵਨ 'ਤੇ ਅਸਰ ਅਤੇ ਕਿਸਾਨ ਅੰਦੋਲਨ ਬਾਰੇ ਹੀ ਵਿਚਾਰ-ਵਟਾਂਦਰਾ ਹੋਇਆ ਹੈ, ਪਰ ਅਕਾਲੀ ਦਲ ਨਾਲ ਤੋੜ-ਵਿਛੋੜੇ ਬਾਰੇ ਤੇ ਪੰਜਾਬ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਬਣਾਉਣ ਦੀ ਰਣਨੀਤੀ ਬਾਰੇ ਗੱਲਬਾਤ ਹੋਈ ਹੈ। ਇਸ ਮੀਟਿੰਗ ਵਿਚ ਪੰਜਾਬ, ਹਰਿਆਣਾ, ਜੰਮੂ, ਹਿਮਾਚਲ ਤੇ ਦਿੱਲੀ ਦੇ ਆਰ.ਐਸ. ਐਸ. ਦੇ ਨੇਤਾ ਸ਼ਾਮਲ ਸਨ। ਪਤਾ ਲਗਾ ਹੈ ਕਿ ਇਸ ਅਹਿਮ। ਮੀਟਿੰਗ ਵਿਚ ਪ੍ਰਮੁੱਖ ਤੌਰ 'ਤੇ ਸੰਘ ਮੁਖੀ ਮੋਹਨ ਭਾਗਵਤ, ਡਾ: ਮਨਮੋਹਨ ਵੈਧ, ਭਈਆ ਜੀ ਜੋਸ਼ੀ, ਉੱਤਰ ਭਾਰਤ ਸੰਘ ਨੇਤਾ ਬਨਵੀਰ ਅਤੇ ਪੰਜਾਬ ਆਰ.ਐਸ.ਐਸ. ਪ੍ਰਮੁੱਖ ਪ੍ਰਮੋਦ ਵੀ ਸ਼ਾਮਿਲ ਹੋਏ ਹਨ। ਚਰਚਾ ਹੈ ਕਿ ਗ਼ੈਰ-ਰਸਮੀ ਗੱਲਬਾਤ ਵਿਚ ਕਿਸਾਨ ਅੰਦੋਲਨ ਬਾਰੇ ਉਚੇਚੇ ਤੌਰ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਰਕਾਰ ਨੂੰ ਇਸ ਅੰਦੋਲਨ ਨੂੰ ਅਜਿਹੇ ਤਰੀਕੇ ਨਾਲ ਨਿਪਟਾਉਣ ਲਈ ਕਿਹਾ ਜਾ ਰਿਹਾ ਹੈ ਕਿ ਪੰਜਾਬ ਦਾ ਕਿਸਾਨ ਜੋ ਮੁੱਢਲੇ ਤੌਰ 'ਤੇ ਸਿੱਖ ਹੀ ਹੈ, ਭਾਜਪਾ ਦੇ ਨੇੜੇ ਆ ਜਾਵੇ ਤਾਂ ਜੋ ਅਕਾਲੀ ਦਲ ਨਾਲ ਸਮਝੌਤਾ ਟੁੱਟਣ ਦਾ ਨੁਕਸਾਨ ਪੂਰਾ ਕੀਤਾ ਜਾ ਸਕੇ। ਦੂਸਰਾ ਹਿੰਦੂ ਤੇ ਦਲਿਤ ਵੋਟ ਜ਼ਰੀਏ ਬੀਜੇਪੀ ਸੱਤਾ ਹਾਸਲ ਕਰਨ ਦੀ ਕੋਸ਼ਿਸ਼ ਕਰੇਗੀ। ਇਸ ਬਾਰੇ ਭਾਜਪਾ ਦੀ ਸਰਗਰਮੀ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਹੈ। ਯਾਦ ਰਹੇ; ਕਿ ਜਦੋਂ ਭਾਜਪਾ ਨੇ ਕਿਸਾਨ ਅੰਦੋਲਨ ਦੌਰਾਨ ਅੰਬੇਡਕਰ ਦੀਆਂ ਮੂਰਤੀਆਂ ਨੂੰ ਹਾਰ ਪਵਾਉਣ ਲਈ ਆਪਣਾ ਦਲਿਤ ਵਿੰਗ ਸਰਗਰਮ ਕਰ ਦਿੱਤਾ ਸੀ। ਇਹ ਵੱਖਰੀ ਗਲ ਹੈ ਕਿ ਕਿਸਾਨਾਂ ਤੇ ਬਸਪਾ ਨੇ ਇਹਨਾਂ ਦੀਆਂ ਸਰਗਰਮੀਆਂ ਰੋਕ ਦਿੱਤੀਆਂ। ਬੀਤੇ ਦਿਨੀਂ ਭਾਜਪਾ ਨੇ ਪੰਜਾਬ ਵਿਚ ਦੁਬਾਰਾ ਆਪਣੀ ਸਰਗਰਮੀ ਆਰੰਭਣ ਲਈ ਦੀਵਾਲੀ ਤੋਂ ਇੱਕ ਦਿਨ ਪਹਿਲਾਂ ਬੀਜੇਪੀ ਦੀ ਪੰਜਾਬ ਇਕਾਈ ਦਾ ਇੰਚਾਰਜ ਦੁਸ਼ਯੰਤ ਕੁਮਾਰ ਗੌਤਮ ਨਿਯੁਕਤ ਕੀਤਾ ਹੈ। ਗੌਤਮ ਐਸਸੀ ਮੋਰਚੇ ਦੇ ਰਾਸ਼ਟਰੀ ਪ੍ਰਧਾਨ ਵੀ ਹਨ ਤੇ ਉਹ ਪੰਜਾਬ ਨਾਲ ਜੁੜੇ ਰਹੇ ਹਨ। ਅਹਿਮ ਗੱਲ ਇਹੋ ਹੈ ਕਿ ਭਾਜਪਾ ਨੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਦਲਿਤਾਂ ਦੀ ਅਹਿਮ ਭੂਮਿਕਾ ਨੂੰ ਧਿਆਨ 'ਚ ਰੱਖਦਿਆਂ ਹੀ ਦਲਿਤ ਆਗੂ ਨੂੰ ਪੰਜਾਬ ਦਾ ਇੰਚਾਰਜ ਬਣਾਇਆ ਗਿਆ ਹੈ।

ਗੌਤਮ ਦਾ ਕਹਿਣਾ ਹੈ ਕਿ ਰਾਜ ਵਿੱਚ ਭਾਜਪਾ ਦਾ ਸੰਗਠਨ ਮਜ਼ਬੂਤ ਹੈ। ਖੇਤੀ ਸੁਧਾਰ ਕਾਨੂੰਨਾਂ ਨੂੰ ਲੈ ਕੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਵਿਰੋਧ ਬਾਰੇ ਉਨਾਂ ਦਾ ਕਹਿਣਾ ਹੈ ਕਿ ਜੋ ਤਸਵੀਰ ਵਿਖਾਈ ਜਾ ਰਹੀ ਹੈ, ਅਸਲ ਵਿੱਚ ਉਹ ਹੈ ਨਹੀਂ। ਛੋਟਾ ਕਿਸਾਨ ਖ਼ੁਸ਼ ਹੈ। ਪ੍ਰੇਸ਼ਾਨ ਤਾਂ ਸਿਰਫ਼ ਆੜਤੀ ਤੇ ਵਿਚੋਲੇ ਹਨ।

ਭਾਜਪਾ ਦੁਸ਼ਯੰਤ ਕੁਮਾਰ ਗੌਤਮ ਆਖਦੇ ਹਨ ਕਿ ਅਕਾਲੀ ਦਲ ਨੇ ਆਪਣੀਆਂ ਸਿਆਸੀ ਇੱਛਾਵਾਂ ਕਾਰਨ ਭਾਜਪਾ ਤੋਂ ਆਪਣਾ ਨਾਤਾ ਤੋੜਿਆ ਹੈ। ਪਹਿਲਾਂ ਅਕਾਲੀ ਦਲ ਖੇਤੀ ਬਿੱਲਾਂ ਦੀ ਹਮਾਇਤ ਕਰਦਾ ਸੀ ਪਰ ਬਾਅਦ 'ਚ ਵਿਰੋਧ ਕਰਨ ਲੱਗ ਪਿਆ। ਉਨਾਂ ਕਿਹਾ ਕਿ ਭਾਜਪਾ ਹੁਣ ਆਪਣੇ ਦਮ 'ਤੇ ਚੋਣਾਂ ਲੜਨ ਲਈ ਪੂਰੀ ਤਰਾਂ ਤਿਆਰ ਹੈ। ਉਨਾਂ ਕਿਹਾ ਕਿ ਕਾਂਗਰਸ ਦੇ ਕਹਿਣ 'ਤੇ ਪੰਜਾਬ ਦਾ ਕਿਸਾਨ ਧਰਨੇ ਦੇ ਰਿਹਾ ਹੈ। ਇੱਥੇ ਇਕ ਹੋਰ ਮਹੱਤਵਪੂਰਨ ਗੱਲ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਭਾਜਪਾ ਤੇ ਆਰ.ਐਸ. ਐਸ. ਲਈ ਪੰਜਾਬ ਦਾ ਕਿੰਨਾ ਮਹੱਤਵ ਹੋ ਗਿਆ ਹੈ ਕਿ ਇਹ ਚਰਚਾ ਜ਼ੋਰ ਫੜ ਰਹੀ ਹੈ ਕਿ ਪੱਛਮੀ ਬੰਗਾਲ ਦੀਆਂ ਚੋਣਾਂ ਤੋਂ ਬਾਅਦ ਪੰਜਾਬ ਦੀ ਕਮਾਨ ਅਮਿਤ ਸ਼ਾਹ ਖ਼ੁਦ ਸੰਭਾਲ ਲੈਣਗੇ।

## ਭਾਜਪਾ ਨੇ ਪੰਜਾਬ 'ਚ ਸਾਰੀਆਂ ਸੀਟਾਂ 'ਤੇ ਚੋਣਾਂ ਲਈ ਕਮਰ ਕੱਸੀ: ਚੁੱਘ

### '੨੩ ਹਜ਼ਾਰ ਪੋਲਿੰਗ ਬੂਥਾਂ 'ਤੇ ਜਥੇਬੰਦਕ ਢਾਂਚੇ ਨੂੰ ਕੀਤਾ ਜਾ ਰਿਹਾ ਮਜ਼ਬੂਤ'



**ਚੰਡੀਗੜ/ਏ.ਟੀ.ਨਿਊਜ਼:** ਭਾਜਪਾ ਦੇ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਹੈ ਕਿ ਉਨਾਂ ਦੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਦੀਆਂ ੨੦੨੨ 'ਚ ਹੋਣ ਵਾਲੀਆਂ ਚੋਣਾਂ ਲਈ ਸਾਰੀਆਂ ੧੧੭ ਸੀਟਾਂ 'ਤੇ ਚੋਣ ਲੜਨ ਵਾਸਤੇ ਜੰਗੀ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਉਨਾਂ ਕਿਹਾ ਕਿ ਜ਼ਮੀਨੀ ਪੱਧਰ 'ਤੇ ਭਾਜਪਾ ਵਰਕਰਾਂ ਨੂੰ ਲਾਮਬੰਦ ਕਰਕੇ ਸੂਬੇ ਦੇ ੨੩ ਹਜ਼ਾਰ ਪੋਲਿੰਗ ਬੂਥਾਂ 'ਤੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਚੁੱਘ ਨੇ ਕਿਹਾ,"ਭਾਜਪਾ ਪ੍ਰਧਾਨ ਜੇ ਪੀ ਨੱਢਾ ੧੯ ਨਵੰਬਰ ਨੂੰ ਪਾਰਟੀ ਦੇ ੧੦ ਜ਼ਿਲਾ ਦਫ਼ਤਰਾਂ ਦਾ ਵਰਚੁਅਲੀ ਉਦਘਾਟਨ ਕਰਨਗੇ। ਇਸ ਮਗਰੋਂ ਉਹ ਆਉਂਦੀਆਂ ਚੋਣਾਂ ਦੀ ਤਿਆਰੀ ਦਾ ਜਾਇਜ਼ਾ ਲੈਣ ਅਤੇ ਪਾਰਟੀ ਵਰਕਰਾਂ 'ਚ ਜੋਸ਼ ਭਰਨ ਲਈ ਪੰਜਾਬ 'ਚ ਤਿੰਨ ਦਿਨਾਂ ਲਈ ਦੌਰਾ ਕਰਨਗੇ।" ਉਨਾਂ ਕਿਹਾ ਕਿ ਪ੍ਰਦੇਸ਼ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਭਾਜਪਾ ਆਗੂ ਪੰਜਾਬ 'ਚ ਨਰਿੰਦਰ ਮੋਦੀ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ ੧੬੦ ਜਨ ਭਲਾਈ ਯੋਜਨਾਵਾਂ ਦਾ ਪ੍ਰਚਾਰ ਕਰਨਗੇ ਅਤੇ ਸੂਬੇ 'ਚ ਇਨਾਂ ਨੂੰ ਲਾਗੂ ਕੀਤੇ ਜਾਣ ਬਾਰੇ ਲੋਕਾਂ ਨੂੰ ਜਾਣੂ ਕਰਵਾਉਣਗੇ। ਉਨਾਂ ਕਿਹਾ ਕਿ ਪਾਰਟੀ ਨੇ ਪੰਜਾਬ 'ਚ ੧੧੭ ਸੀਟਾਂ 'ਤੇ ਵਿਧਾਨ ਸਭਾ ਚੋਣਾਂ ਲਈ ਕਮਰ ਕੱਸ ਲਈ ਹੈ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW


SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com